INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਫਰਵਰੀ 2020



ਗੁਰੂ ਹਰਿ ਰਾਇ ਸਾਹਿਬ ਨੇ ਵਾਤਾਵਰਨ ਦੀ ਸੰਭਾਲ ਲਈ ਬਗੀਚੇ ਵਿਚ ਸੁੰਦਰ ਫੁੱਲਾਂ ਅਤੇ ਫਲਾਂ ਦੇ ਪੌਦੇ ਲਾਏ। ਨਾਲ ਹੀ ਸਰੀਰਿਕ ਅਰੋਗਤਾ ਲਈ ਲਾਭਕਾਰੀ ਜੜ੍ਹੀ ਬੂਟੀਆਂ ਦੇ ਪੌਦੇ ਵੀ ਲਾਏ ਜਿਨਾਂ ਤੋਂ ਦਵਾਈਆਂ ਬਣਾਈਆਂ ਤੇ ਦੁਖੀਆਂ ਬੀਮਾਰਾਂ ਲਈ ਦਵਾਖਾਨਾ ਖੋਲ ਕੇ ਸੇਵਾ ਕੀਤੀ। ਬਗੀਚੇ ਦਾ ਨਾਮ ਨੌ ਲੱਖਾ ਬਾਗ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਨਗਰ ਸਿਤਾਰਗੰਜ (ਉੱਤਰਾਖੰਡ) ਵਿਖੇ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ
ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।
ਕਥਾ ਕੀਰਤਨ ਦਾ ਆਨੰਦ ਮਾਣਦੀਆਂ ਸੰਗਤਾਂ।







# ਆਤਮ ਮਾਰਗ

ਸਾਲ-ਪੱਚੀਵਾਂ, ਮਹੀਨਾ ਫਰਵਰੀ, 2020

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391,
94172-14379,
Email :atammarg1@yahoo.co.in

**Postal Address for any Enquiry, Money Order, Cheque and drafts :**

'ATAM MARG' MAGAZINE
Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Please visit us on internet at :-**
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ)
9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE)
0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.)
95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ਼੍ਰੀ ਮਾਨ ਜੀ | - | 98551-32009 |
| ਸ਼੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਰਾਮੁ ਸਿਮਰੁ ਪਛੁਤਾਹਿਗਾ ਮਨ | 12 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ | 23 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ | 30 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | ਗੁਰ ਨਾਨਕ ਆਗਮਨ | 34 |
| | *ਡਾ. ਭਾਈ ਵੀਰ ਸਿੰਘ* | |
| 7. | ਗੁਰਬਾਣੀ ਅਰਥ ਭੰਡਾਰ | 36 |
| | *ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'* | |
| 8. | ਗੁਰੂ ਹਰਿ ਰਾਇ- ਜੀਵਨ ਤੇ ਕੋਮਲਤਾ | 39 |
| | *ਪ੍ਰੋ. ਜੋਗਿੰਦਰ ਸਿੰਘ* | |
| 9. | ਵੱਡਾ ਘੱਲੂਘਾਰਾ | 42 |
| 10. | ਭਗਤ ਰਵਿਦਾਸ ਜੀ ਦਾ ਸਮਾਨਤਾ ਦਾ ਪੈਗਾਮ | 43 |
| | *ਡਾ. ਕੀਰਤ ਸਿੰਘ ਇਨਕਲਾਬੀ* | |
| 11. | ਗੁਰੂ ਨਾਨਕ ਦੇਵ ਜੀ ਦੀ ਅਰਬ ਫੇਰੀ ਦੇ ਬਿਰਤਾਂਤ | 45 |
| | *ਸਈਅਦ ਪ੍ਰਿਥੀਪਾਲ ਸਿੰਘ* | |
| 12. | ਸਾਕਾ ਨਨਕਾਣਾ ਸਾਹਿਬ | 48 |
| 13. | ਭਾਈ ਨੰਦ ਲਾਲ ਜੀ | 49 |
| 14. | ਈਸ਼੍ਵਰ ਅਮੋਲਕ ਲਾਲ | 51 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 15. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 53 |
| | *ਡਾ. ਸਵਾਮੀ ਰਾਮ ਜੀ* | |
| 16. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤੱਕ ਸੂਚੀ | 55 |

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

*ਬਸੰਤੁ ਚੜਿਆ ਫੂਲੀ ਬਨਰਾਇ ॥*
*ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥*
*ਇਨ ਬਿਧਿ ਇਹੁ ਮਨੁ ਹਰਿਆ ਹੋਇ ॥*
*ਹਰਿ ਹਰਿ ਨਾਮੁ ਜਪੈ ਦਿਨੁ ਰਾਤੀ*
*ਗੁਰਮੁਖਿ ਹਉਮੈ ਕਢੈ ਧੋਇ ॥ ੧ ॥ ਰਹਾਉ ॥*

*ਅੰਗ- ੧੧੭੭*

ਸਮੇਂ ਦੇ ਫੇਰ ਬਦਲ ਨਾਲ ਰੁੱਤਾਂ ਦਾ ਬਦਲਣਾ ਸੁਭਾਵਿਕ ਹੈ। ਭਾਰਤ ਵਰਸ਼ ਵਿਚ ਛੇ ਰੁੱਤਾਂ ਮੰਨੀਆਂ ਜਾਂਦੀਆਂ ਹਨ। ਇਹਨਾਂ ਨੂੰ ਦੋ-ਦੋ ਮਹੀਨਿਆਂ ਵਿਚ ਵੰਡਿਆ ਗਿਆ ਹੈ। ਪੋਹ ਮਾਘ ਦੀ ਰੁੱਤ ਨੂੰ ਸਰਦ ਰੁੱਤ ਕਿਹਾ ਜਾਂਦਾ ਹੈ। ਅਤੀ ਸਰਦੀ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ। ਇਹ ਮਾਘ ਸੁਦੀ ਇਕ ਤੋਂ ਸ਼ੁਰੂ ਹੁੰਦੀ ਮੰਨੀ ਜਾਂਦੀ ਹੈ। ਰੁੱਤਾਂ ਦਾ ਬਦਲਾਅ ਸਮੁੱਚੀ ਕਾਇਨਾਤ ਵਿਚ ਬਦਲਾਅ ਲਿਆ ਦਿੰਦਾ ਹੈ। ਬਦਲਵੀਆਂ ਰੁੱਤਾਂ ਦਾ ਪ੍ਰਭਾਵ ਜੀਅ, ਜੰਤ, ਬਨਸਪਤੀ ਤੇ ਪੈਣਾ ਸੁਭਾਵਿਕ ਹੈ। ਜੀਅ, ਜੰਤ ਅਤੇ ਬਨਸਪਤੀ ਨਵਾਂ ਰੂਪ ਰੰਗ ਬਖੇਰਦੀ ਹੈ। ਪੋਹ, ਮਾਘ ਵਿਚ ਪਈ ਅਤੀ ਸਰਦੀ ਨੇ ਬਨਸਪਤੀ ਨੂੰ ਸੰਗੋੜ ਕੇ ਰੱਖ ਦਿਤਾ ਹੈ। ਦਰਖਤਾਂ ਦੇ ਪੱਤੇ ਸਰਦੀ ਦੇ ਮਾਰੇ, ਮੁਰਝਾ ਕੇ ਸੁੱਕ ਕੇ ਝੜ-ਝੜ ਗਿਰਨੇ ਸ਼ੁਰੂ ਹੋ ਜਾਂਦੇ ਹਨ। ਪਏ ਹੋਏ ਕੋਰੇ ਨੇ ਫਸਲਾਂ ਨੂੰ ਵਧਣੋਂ ਫੁਲਣੋਂ ਰੋਕਿਆ। ਬਚਾਅ ਵਾਸਤੇ ਨਿੱਘ ਦੇਣ ਦੇ ਸਾਧਨ ਵਰਤੇ ਜਾਂਦੇ ਹਨ। ਫਿਰ ਨਵੀਂ ਰੁੱਤ ਭਾਵ ਬਸੰਤ ਰੁੱਤ ਦੀ ਆਸ ਰਖੀ ਜਾਂਦੀ ਹੈ। ਜਿਥੇ ਇਸ ਰੁੱਤ ਦਾ ਅਸਰ ਬਨਸਪਤੀ ਤੇ ਪੈਂਦਾ ਨਜ਼ਰ ਆਉਂਦਾ ਹੈ, ਉਥੇ ਇਸ ਧਰਤੀ ਦਾ ਸਰਦਾਰ ਬਸ਼ਿੰਦਾ ਮਨੁੱਖ ਵੀ ਇਸ ਰੁੱਤ ਦਾ ਅਸਰ ਕਬੂਲਦਾ ਹੈ। ਠੰਢ ਦੇ ਮੌਸਮ ਵਿਚ ਉਮਰ ਦੇ ਹਰ ਵਰਗ ਦਾ ਬੰਦਾ ਠਰੂੰ-ਠਰੂੰ ਕਰਦਾ ਹੈ। ਨਿੱਘ ਦੇ ਸਾਧਨ ਅਪਣਾਏ ਜਾਂਦੇ ਹਨ। ਗਰਮ ਕੱਪੜੇ, ਹੀਟਰ, ਧੂਣੀਆਂ ਆਦਿ ਲਾ ਕੇ ਠੰਢ ਨੂੰ ਦੂਰ ਕੀਤਾ ਜਾਂਦਾ ਹੈ ਤੇ ਨਿੱਘ ਦੇ ਅਨੰਦ ਦਾ ਅਹਿਸਾਸ ਕੀਤਾ ਜਾਂਦਾ ਹੈ। ਕਹਿਣ ਦਾ ਭਾਵ ਰੁੱਤਾਂ ਦੇ ਬਦਲਾਅ ਦਾ ਅਸਰ ਬਨਸਪਤੀ ਦੇ ਨਾਲ-ਨਾਲ ਮਨੁੱਖ ਤੇ ਪੈਣਾ ਵੀ ਸੁਭਾਵਿਕ ਹੈ।

ਜਿਉਂ ਹੀ ਬਸੰਤ ਰੁੱਤ ਦੀ ਆਮਦ ਹੁੰਦੀ ਹੈ ਤਾਂ ਸੂਰਜ ਨਵੀਆਂ ਕਿਰਨਾਂ ਲੈ ਕੇ ਹਾਜ਼ਰ ਹੋਣਾ ਸ਼ੁਰੂ ਹੋ ਜਾਂਦਾ ਹੈ। ਠੰਢੀ ਹਵਾ ਆਪਣੇ ਸੁਭਾਅ ਨੂੰ ਬਦਲਦੀ ਹੋਈ ਨਿੱਘ ਦੇਣਾ ਸ਼ੁਰੂ ਕਰ ਦਿੰਦੀ ਹੈ। 'ਬਲਿਹਾਰੀ ਕੁਦਰਤਿ ਵਸਿਆ' ਦੇ ਹਵਾਲੇ ਵਿਚ ਉਹ ਆਪ ਕਾਦਰ ਕੁਦਰਤਿ ਵਿਚ ਵਸਿਆ ਹੋਇਆ ਹੈ। ਜਿਵੇਂ -

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ੧ ॥*

*ਅੰਗ- ੧੧੭੬*

ਹੁਣ ਬਨਸਪਤੀ ਤਾਂ ਬਸੰਤ ਚੜ੍ਹਨ ਨਾਲ ਮਉਲਣੀ ਸ਼ੁਰੂ ਹੋ ਗਈ। ਮੁਰਝਾ ਕੇ ਸੁੱਕ ਚੁੱਕੇ ਦਰਖਤਾਂ ਦੀਆਂ ਸੁੱਕੀ ਲੱਕੜ ਵਰਗੀਆਂ ਟਾਹਣੀਆਂ ਵਿਚ ਨਵੀਆਂ ਕਰੂੰਬਲਾਂ ਫੁਟਣੀਆ ਸ਼ੂਰੂ ਹੋ ਗਈਆਂ। ਨਵੀਆਂ ਕਰੂੰਬਲਾਂ ਨੇ ਤੋਤੀਆ (ਹਰਾ) ਰੰਗ ਲੈ ਕੇ ਜਨਮ ਲਿਆ। ਮੁਰਝਾ ਚੁੱਕੇ ਫੁੱਲਾਂ ਵਿਚ ਨਵੀਨਤਾ ਆਈ, ਖੇੜਾ ਆਇਆ। ਉਹਨਾਂ ਨੇ ਵੀ ਖਿੜ ਕੇ ਮੁਸਕਰਾਉਣਾ ਸ਼ੁਰੂ ਕੀਤਾ। ਖੁਸ਼ਬੂਆਂ ਵੰਡਣ ਲੱਗੇ। ਪ੍ਰਭਾਵ ਮਨੁੱਖੀ ਮਨ ਨੇ ਵੀ ਕਬੂਲਿਆ। ਫੁੱਲਾਂ ਨੂੰ ਦੇਖ ਕੇ ਆਪਣੇ ਅੰਦਰ ਵੀ ਖੇੜਾ ਮਹਿਸੂਸ ਕਰਨ ਦੀ ਤਾਂਘ ਜਾਗੀ। ਫੁੱਲ ਵਲ ਵੇਖ ਕੇ, ਥੋੜ੍ਹਾ (ਜੀਵਨ ਦਾ ਉਤਸ਼ਾਹ) ਰੁਮਕਿਆ ਪਰ ਸਫਰ ਅਜੇ ਬਾਕੀ ਸੀ। ਮੰਜ਼ਿਲੇ ਮਕਸੂਦ ਦੂਰ ਸੀ। ਫਿਰ ਸੱਚੇ ਪਾਤਸ਼ਾਹ ਦੀ ਬਾਣੀ ਦਾ ਓਟ ਆਸਰਾ ਲਿਆ। ਹੁਣ ਸਮਝ ਲੱਗੀ ਕਿ -

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ੧ ॥*

*ਅੰਗ- ੧੧੭੬*

ਇਹ ਮਨ ਦਾ ਖੇੜਾ ਸਤਿਗੁਰੂ ਤੋਂ ਮਿਲਣਾ ਹੈ। ਫੁੱਲ ਖਿੜਿਆ ਖੁਸ਼ਬੋ ਵੰਡਣੀ ਸ਼ੁਰੂ ਹੋਈ। ਭਾਵੇਂ ਫੁੱਲ ਅੰਦਰ ਰਮੇ, ਖੇੜਾ ਤੇ ਖੁਸ਼ਬੋ ਭਰਨ ਵਾਲੇ ਵੀ ਪ੍ਰਮੇਸ਼ਰ ਵਾਹਿਗੁਰੂ ਆਪ ਹੀ ਹਨ। ***'ਕੁਦਰਤਿ ਕਰਿ ਕੈ ਵਸਿਆ ਸੋਇ ॥' (ਅੰਗ-83) 'ਕਰਤੇ ਕੁਦਰਤੀ ਮੁਸਤਾਕੁ ॥'(ਅੰਗ-੭੨੪)***

ਪ੍ਰਮੇਸ਼ਰ ਦੇ ਦਿਤੇ ਰਸ ਨੂੰ ਬਨਸਪਤੀ ਦੀ ਹਰ ਸ਼ੈਅ ਨੇ ਆਪਣੇ ਅੰਦਰ ਸਮੋਇਆ ਤੇ ਫਿਰ ਮਨੁੱਖ ਨੂੰ ਖੁਸ਼ਬੋ ਤੇ ਰਸ ਰੂਪ ਵਿਚ ਵੰਡਿਆ। ਪਰ ਇਹ ਮਨੁੱਖ ਪ੍ਰਮੇਸ਼ਰ ਦੇ ਰਸ ਤੋਂ ਵਾਂਝਾ ਰਿਹਾ। ਅਰਦਾਸ ਵਿਚ ਮਨੁੱਖ ਜੁੜਿਆ ਫਿਰ ਬਖਸ਼ਿਸ਼ ਹੋਈ ਕਿ ਹੇ ਮਨੁੱਖ! ਜਿਵੇਂ -***'ਬਸੰਤੁ ਚੜਿਆ ਫੂਲੀ ਬਨਰਾਇ ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ***

***ਲਾਇ ॥ ੧ ॥ ਇਨ ਬਿਧਿ ਇਹੁ ਮਨੁ ਹਰਿਆ ਹੋਇ ॥ ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥ ੧ ॥ਰਹਾਉ ॥'*** ਮਨੁੱਖ ਦਾ ਸੁੱਕਾ ਮਨ ਵੀ ਹਰਿਆ ਹੋ ਸਕਦਾ ਹੈ।

*1. ਸੁਕੇ ਹਰੇ ਕੀਏ ਖਿਨ ਮਾਹੇ ॥ ਅੰਗ - ੧੯੧*

*2. ਗੁਰ ਪਰਸਾਦਿ ਪਰਮ ਪਦੁ ਪਾਇਆ*
*ਸੁਕੇ ਕਾਸਟ ਹਰਿਆ ॥ ਅੰਗ- ੧੦*

ਸਮਰੱਥ ਸਤਿਗੁਰੂ ਤੋਂ ਨਾਮ ਦੀ ਦਾਤ ਲੈ ਕੇ, ਨਾਮ ਬਾਣੀ ਨਾਲ ਜੁੜ ਕੇ ਇਹ ਵੀ ਰਸ ਨਾਲ ਭਰ ਜਾਵੇਗਾ। ਰਸ ਨਾਲ ਭਰਿਆ ਹੋਇਆ ਖੁਸ਼ਬੋਆਂ ਵੰਡੇਗਾ। ***'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ (ਅੰਗ-289)'*** ਦੇ ਸਿਧਾਂਤ ਤੇ ਚਲਦਿਆਂ ਸ਼ੁਭ ਗੁਣਾਂ ਦੀ ਖੁਸ਼ਬੋ ਤੇ ਨਾਮ ਰੂਪੀ ਸੁਗੰਧੀ ਵੰਡਣ ਦੇ ਸਮਰੱਥ ਹੋ ਜਾਵੇਗਾ।

*ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥*
*ਅੰਗ- ੧੪੨੦*

*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ - ੩੧੦*

ਗੁਰੂ ਦੇ ਸ਼ਬਦ ਨਾਲ ਜੁੜ ਕੇ ਤਨ ਮਨ ਦੋਨੋਂ ਹੀ ਹਰੇ ਹੋ ਜਾਂਦੇ ਹਨ। ਫਿਰ ਇਹ ਹਰਾ ਹੋ ਕੇ ਆਪ ਹੀ ਨਹੀਂ ਤਰਦਾ, ਹੋਰਨਾਂ ਨੂੰ ਤਾਰਨ ਦੇ ਸਮਰੱਥ ਹੋ ਜਾਂਦਾ ਹੈ।

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ- ੧੦੭੯*

ਲੋਕ ਤੇ ਪ੍ਰਲੋਕ ਦੋਨੋਂ ਹੀ ਸੁਹੇਲੇ ਹੋ ਜਾਂਦੇ ਹਨ। ਲੋੜ ਹੈ ਰੁੱਤਾਂ ਦੇ ਬਦਲਦੇ ਮਿਜ਼ਾਜ਼ ਨੂੰ ਦੇਖਦੇ ਹੋਏ, ਆਪਣੇ ਆਪ ਵਿਚ ਬਦਲਾਅ ਲਿਆਉਣ ਦੀ -

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*ਅੰਗ- ੧੩੮੨*

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*
*ਅੰਗ- ੪੪੧*

ਗੁਰੂ ਦੇ ਸ਼ਬਦ ਤੇ ਗੁਰੂ ਦੀ ਕ੍ਰਿਪਾ ਸਦਕਾ ਜਦੋਂ ਮੰਜ਼ਿਲੇ ਮਕਸੂਦ ਤੇ ਪਹੁੰਚ ਗਿਆ ਫਿਰ ਸਦਾ ਦੀ ਬਸੰਤ ਬਣ ਜਾਵੇਗੀ। ਕੇਵਲ ਦੋ ਮਹੀਨੇ ਹੀ ਨਹੀਂ ਸਦਾ ਦਾ ਖੇੜਾ ਪ੍ਰਾਪਤ ਹੋ ਜਾਵੇਗਾ।

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥ ਅੰਗ- ੨*

*ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥*
*ਰਾਮ ਨਾਮੁ ਰਾਖੈ ਉਰ ਧਾਰੇ ॥ ੩ ॥ ਅੰਗ- ੧੧੭੬*

ਗੁਰ ਸ਼ਬਦ ਦੀ ਵੀਚਾਰ ਵਿਚ ਸਦਾ ਦੀ ਬਸੰਤ ਹੈ। ਹਰ ਵਕਤ ਇਸ ਮਨ ਨੂੰ ਗੁਰੂ ਦੇ ਸ਼ਬਦ ਵਿਚ ਪਰੋ ਕੇ ਰੱਖਣਾ ਹੈ। ਨਾਮ ਬਾਣੀ ਨਾਲ ਸ਼ਰਸ਼ਾਰ ਮਨ ਹੀ ਸਦਾ ਦਾ ਖੇੜਾ ਧਾਰਨ ਕਰਦਾ ਹੈ। ਇਹੀ ਜੀਵਨ ਦਾ ਸਾਰ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- ੧੨*

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*
*ਅੰਗ- ੯੧੭*

ਗੁਰੂ ਦੇ ਪਿਆਰ ਵੈਰਾਗ, ਸ਼ਰਧਾ ਵਿਚ ਵਿਚਰਦੇ ਹੋਏ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਇਹੀ ਜੀਵਨ ਦਾ ਲਕਸ਼ ਹੋਣਾ ਚਾਹੀਦਾ ਹੈ। ਇਸ ਦੀ ਪ੍ਰਾਪਤੀ ਲਈ ਜੁੜੀਏ ਅਰਦਾਸ ਵਿਚ -

*ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥*
*ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥ ਅੰਗ- ੧੧੮੦*

ਗੁਰੂ ਦੀ ਮਿਹਰ ਵਾਲੀ ਨਦਰਿ ਲੋਚੀਏ। ਸਤਿਗੁਰੂ ਜ਼ਰੂਰ ਕ੍ਰਿਪਾ ਕਰਕੇ ਬਖਸ਼ਿਸ਼ ਕਰਨਗੇ। ਸਾਨੂੰ ਵੀ ਸਦਾ ਦਾ ਖੇੜਾ ਤੇ ਬਸੰਤ ਬਖਸ਼ਣਗੇ।

'ਆਤਮ ਮਾਰਗ' ਦਾ ਉਦੇਸ਼ ਵੀ ਐਸਾ ਹੀ ਹੈ। ਇਸ ਵਿਚਲੇ ਲੇਖ ਮੁਰਝਾਏ ਦਿਲਾਂ ਨੂੰ ਨਵਾਂ ਜੀਵਨ, ਖੁਸ਼ੀਆਂ ਤੇ ਅਨੰਦ ਭਰਿਆ ਜੀਵਨ ਬਖਸ਼ਿਸ਼ ਕਰਨ ਦੀ ਸਮਰਥਾ ਰਖਦੇ ਹਨ।

'ਆਤਮ ਮਾਰਗ' ਦੀ ਸਾਰੀ ਸਮੱਗਰੀ ਉਹਨਾਂ ਨਾਮ ਰੰਗ ਵਿਚ ਰੱਤਿਆਂ ਦੇ ਅਨੁਭਵੀ ਪ੍ਰਵਚਨਾਂ ਨਾਲ ਭਰਪੂਰ ਹੁੰਦੀ ਹੈ ਜਿਨ੍ਹਾਂ ਦੇ ਆਪਣੇ ਜੀਵਨ ਵਿਚ 'ਨਾਨਕ ਭਗਤਾ ਸਦਾ ਵਿਗਾਸੁ' ਨਾਮ ਦਾ ਖੇੜਾ ਅਤੇ ਗੁਰੂ ਗਿਆਨ ਦੀ ਰੋਸ਼ਨੀ ਨਾਲ ਉਹਨਾਂ ਦਾ ਜੀਵਨ ਸ਼ਰਸ਼ਾਰ ਹੋਇਆ ਹੁੰਦਾ ਹੈ।

ਪਾਠਕ ਜਨਾਂ ਲਈ ਸਮੇਂ-ਸਮੇਂ ਹੋਰ ਵੀ ਅਨੁਭਵੀ ਪ੍ਰਬਚਨ ਸੰਗਤਾਂ ਨਾਲ ਸਾਂਝੇ ਕਰਦੇ ਰਹਾਂਗੇ ਤਾਂ ਕਿ ਸਭਨਾਂ ਦੇ ਜੀਵਨ ਵਿਚ ਖੇੜਾ ਤੇ ਬਸੰਤ ਆ ਜਾਵੇ। ਇਹੀ ਟਰੱਸਟ ਰਤਵਾੜਾ ਸਾਹਿਬ ਦਾ ਉਦੇਸ਼ ਹੈ।

# ਫੱਗਣ

## ਫੱਗਣ ਮਹੀਨੇ ਦੀ ਸੰਗਰਾਂਦ - 13 ਫਰਵਰੀ, ਦਿਨ ਵੀਰਵਾਰ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥***
***ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥***
***ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥***
***ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥***
***ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥***
***ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥***
***ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥***
***ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥***
***ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥***
***ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥***
***ਪੰਨਾ - 136***

ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਸ਼ਬਦ ਤੋਂ ਪਸਾਰਾ ਹੋਇਆ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ - ੩***

ਜੋ ਕੁਝ ਵੀ ਅਸੀਂ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਾਂ ਉਹ ਸਾਰਾ ਪਸਾਰਾ ਗੁਰਮਤਿ ਅਨੁਸਾਰ ਇਕ ਸ਼ਬਦ ਤੋਂ ਵਜੂਦ ਵਿਚ ਆਇਆ-

***ਏਕ ਕਵਾਵੈ ਤੇ ਸਭਿ ਹੋਆ॥***
***ਕਰਣੈਹਾਰਾ ਬੂਝਹੁ ਰੇ॥ ਅੰਗ - ੧੦੦੩***

ਹੁਕਮ ਦੀ ਕ੍ਰਿਆ ਤੋਂ ਆਕਾਰ ਬਣ ਗਏ, ਅਨੇਕ ਜੀਵ ਜੰਤੂ, ਜੂਨਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨੀ ਸਭ ਤੋਂ ਉਤਮ ਹੈ। ਜਿਉਂ-ਜਿਉਂ ਚੇਤਨਾ ਵਿਚ ਵਸਦਾ ਗਿਆ, ਸੂਝ ਵਧਦੀ ਗਈ। ਇਹ ਸਾਰੀਆਂ ਜੂਨਾਂ ਇਕ ਗੋਲ ਚੱਕਰ ਦੀ ਸ਼ਕਲ ਵਿਚ ਚੱਕਰ ਤੇ ਚੜ੍ਹੀਆਂ ਘੁੰਮਣ ਲੱਗੀਆਂ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ ਤਿਉਂ-ਤਿਉਂ ਇਹ ਪੂਰਨ ਚੇਤਨਾ ਦੇ ਗੇੜੇ ਉਸ ਚੱਕਰ ਤੇ ਚੜ੍ਹੀਆਂ, ਆਹਿਸਤਾ-ਆਹਿਸਤਾ ਘੁੰਮਦੀਆਂ ਅੱਗੇ ਵਧਦੀਆਂ ਗਈਆਂ ਅਤੇ ਕ੍ਰਮਵਾਰ ਮਨੁੱਖ ਸ਼੍ਰੇਣੀ ਵਿਚ ਦਾਖਲ ਹੁੰਦੀਆਂ ਰਹੀਆਂ-

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ -੧੭੬***

ਮਨੁੱਖ ਦੀ ਦੇਹ ਕ੍ਰੋੜਾਂ ਸਾਲਾਂ ਦਾ ਇੰਤਜ਼ਾਰ ਕਰਨ ਪਿਛੋਂ ਪ੍ਰਾਪਤ ਹੋਈ। ਇਸ ਦਾ ਮੁੱਖ ਮੰਤਵ ਗੁਰੂ ਮਹਾਰਾਜ ਜੀ ਨੇ ਬਹੁਤ ਸਪਸ਼ਟ ਕਰਕੇ ਦੱਸਿਆ ਹੈ। ਉਹ ਇਹ ਹੈ ਕਿ ਇਸ ਸਰੀਰ ਦੇ ਅੰਦਰ ਵਾਹਿਗੁਰੂ ਜੀ ਆਪ ਵਸਦੇ ਹਨ। ਪੂਰਨ ਮਹਾਂਪੁਰਸ਼ਾਂ ਨੂੰ ਮਿਲ ਕੇ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣਾ ਹੈ ਪਰ ਹੋਇਆ ਕੀ, ਇਹ ਮਨੁੱਖ ਮਾਇਆ ਦੇ ਛਲ ਵਿਚ ਆ ਗਿਆ ਅਤੇ ਉਸਦੀਆਂ ਪ੍ਰਬਲ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ ਵਰਗੇ ਵਿਸ਼ਿਆਂ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਵਰਗੇ ਠੱਗਾਂ ਦੇ ਧੱਕੇ ਚੜ੍ਹ ਗਿਆ; ਆਸਾ, ਅੰਦੇਸਾ ਦੇ ਜਾਲ ਵਿਚ ਫਸ ਗਿਆ। ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਜਲਣ ਲੱਗਿਆ, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ ਦੀਆਂ ਪ੍ਰਬਲ ਸ਼ਕਤੀਆਂ ਦੇ ਅਸਰ ਵਿਚ ਫਸਿਆ ਆਪਣੇ ਜੀਵਨ ਦਾ ਸਮਾਂ ਵਿਅਰਥ ਗੁਆ ਲਿਆ। ਇਸ ਜੀਵ ਅੰਦਰ ਹਉਮੈ ਤੱਤ ਉਭਰ ਕੇ ਪੂਰੇ ਜੋਬਨ ਨਾਲ ਇਸਦੀ ਸੋਝੀ ਨੂੰ ਦੂਸ਼ਿਤ ਕਰਦਾ ਰਿਹਾ, ਇਸ

ਜੀਵ ਨੇ ਕਰਮ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸੋਝੀ ਵਿਚ ਧਾਰਨ ਕਰ ਲਿਆ ਕਿ ਇਹ ਸਾਰੇ ਕੰਮ ਮੈਂ ਕੀਤੇ ਹਨ। 'ਮੈਂ' ਦੇ ਭਾਵ ਨਾਲ ਕਰਮਾਂ ਦਾ ਚੱਕਰ ਇਸ ਦੇ ਦੁਆਲੇ ਚਿੰਬੜ ਗਿਆ ਅਤੇ ਇਹ ਕਰਮ ਜਾਲ ਵਿਚ ਫਸ ਗਿਆ। ਇਸ ਕਿਰਤ ਕਰਮ ਨੇ ਪ੍ਰਭੂ ਜੋਤ ਨੂੰ ਭੁਲਾ ਦਿਤਾ ਅਤੇ ਮੁੜ ਕੇ ਇਹ ਪਤਨ ਵਲ ਨੂੰ ਉਸੇ ਕਾਲ ਚੱਕਰ ਤੇ ਘੁੰਮਣ ਲਗਿਆ। ਹੌਲੀ-ਹੌਲੀ ਫੇਰ ਮਾਨਸ ਦੇਹ ਪ੍ਰਾਪਤ ਕਰਨ ਦੇ ਅਵਸਰ ਦੇ ਨੇੜੇ ਆਉਣ ਲੱਗਿਆ ਪਰ ਫੇਰ ਮਨੁੱਖ ਬਣ ਕੇ ਉਸੇ ਚੱਕਰ ਵਿਚ ਗ੍ਰਸਤ ਹੋ ਗਿਆ। ਇਹ ਸਾਡੀ ਦਸ਼ਾ ਹੈ ਜਿਸ ਵਿਚ ਪ੍ਰਵਿਰਤ ਹੋਏ ਹੋਏ ਅਸੀਂ ਬਾਣੀ ਦੀ ਸਤਿ ਅਵਾਜ਼ ਨੂੰ ਅੰਦਰ ਸੁਣ ਨਹੀਂ ਰਹੇ ਜੋ ਬਾਰ-ਬਾਰ ਇਹ ਕਹਿ ਰਹੀ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅੰਗ – ੧੨*

ਬਾਣੀ ਦੱਸ ਰਹੀ ਹੈ ਕਿ ਤੇਰੀ ਵਾਰੀ ਆ ਗਈ, ਤੂੰ ਸਾਵਧਾਨ ਹੋ। ਜਿਹੜੇ ਕੰਮਾਂ ਵਿਚ ਤੂੰ ਰੁਝਿਆ ਹੈਂ ਇਹ ਤੇਰੀ ਮਦਦ ਕਰਨ ਲਈ ਨਾਲ ਨਹੀਂ ਜਾਣੇ। ਤੈਨੂੰ ਅਸੀਂ ਬਹੁਤ ਹੀ ਪਿਆਰ ਨਾਲ ਸਲਾਹ ਦਿੰਦੇ ਹਾਂ, ਉਹਨੂੰ ਸੁਣ –

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ*
*ਸੰਤ ਟਹਲ ਕੀ ਬੇਲਾ॥*
*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ॥*
*ਅਉਧ ਘਟੈ ਦਿਨਸੁ ਰੈਨਾਰੇ॥*
*ਮਨ ਗੁਰ ਮਿਲਿ ਕਾਜ ਸਵਾਰੇ॥*
*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ*
*ਤਰਿਓ ਬ੍ਰਹਮ ਗਿਆਨੀ॥*
*ਜਿਸਹਿ ਜਗਾਏ ਪੀਆਏ ਹਰਿ ਰਸੁ*
*ਅਕਥ ਕਥਾ ਤਿਨਿ ਜਾਨੀ॥*
*ਜਾ ਕਉ ਆਏ ਸੋਈ ਵਿਹਾਝਹੁ*
*ਹਰਿ ਗੁਰ ਤੇ ਮਨਹਿ ਬਸੇਰਾ॥*
*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ*
*ਬਹੁਰਿ ਨ ਹੋਇਗੋ ਫੇਰਾ॥ ਅੰਗ – ੨੦੫*

ਅਤੇ ਜਿਨ੍ਹਾਂ ਕੰਮਾਂ ਵਿਚ ਅਸੀਂ ਰੁਝੇ ਹਾਂ ਉਨ੍ਹਾਂ ਦੀ ਅਸਾਰਤਾ ਦਰਸਾਉਂਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਇਹ ਮਹਿਲ ਮਾੜੀਆਂ ਜਿਨ੍ਹਾਂ ਵਿਚ ਤੂੰ ਖਚਿਤ ਹੋਇਆ ਹੋਇਆ ਹੈਂ, ਇਹ ਕੁਝ ਵੀ ਨਹੀਂ, ਕੇਵਲ ਮਿਟੀ ਦੀਆਂ ਢੇਰੀਆਂ ਹਨ। ਮਾਇਆ ਕਮਾਉਣ ਦੇ ਚੱਕਰ ਵਿਚ ਪਿਆ ਹੋਇਆ ਤੂੰ ਗਫਲਤ ਕਰ ਰਿਹਾ ਹੈਂ ਤੇ ਤੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਆਉਣਾ –

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ॥ ਅੰਗ – ੧੩੬੬*

ਇਸ ਤਰ੍ਹਾਂ ਦੀਆਂ ਘੁਮੇਟਣੀਆਂ ਖਾਂਦੇ ਨੂੰ ਜੁਗਾਂ ਦੇ ਜੁਗ ਬਤੀਤ ਹੋ ਗਏ। ਕ੍ਰੋੜਾਂ ਸਾਲ ਲੰਘ ਗਏ। ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ – ੬੩੧*
*ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥*
*ਅੰਗ – ੧੩੮੦*

*ਤੁਰੇ ਪਲਾਣੇ ਪਉਣ ਵੇਗ*
*ਹਰ ਰੰਗੀ ਹਰਮ ਸਵਾਰਿਆ॥*
*ਕੋਠੇ ਮੰਡਪ ਮਾੜੀਆ*
*ਲਾਇ ਬੈਠੇ ਕਰਿ ਪਾਸਾਰਿਆ॥*
*ਚੀਜ ਕਰਨਿ ਮਨਿ ਭਾਵਦੇ*
*ਹਰਿ ਬੁਝਨਿ ਨਾਹੀ ਹਾਰਿਆ॥*
*ਕਰਿ ਫੁਰਮਾਇਸਿ ਖਾਇਆ*
*ਵੇਖਿ ਮਹਲਤਿ ਮਰਣੁ ਵਿਸਾਰਿਆ॥*
*ਜਰੁ ਆਈ ਜੋਬਨਿ ਹਾਰਿਆ॥ ਅੰਗ – ੪੭੨*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੈਨੂੰ ਬਹੁਤ ਮੁਸ਼ਕਲਾਂ ਦੇ ਨਾਲ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ। ਇਹ ਕੇਵਲ ਪ੍ਰਭੂ ਨੂੰ ਮਿਲਣ ਵਾਸਤੇ ਹੈ। ਤੂੰ ਬਹੁਤ ਦੁਖਾਂ ਦੇ ਵਿਚ ਪਿਆ ਹੋਇਆ ਮਾਇਆ ਦੀ ਪਕੜ ਵਿਚ ਆ ਕੇ ਘੁੰਮ ਰਿਹਾ ਹੈਂ। ਐ ਜੀਵ! ਤੂੰ ਉਨ੍ਹਾਂ ਪੁਰਸ਼ਾਂ ਦੀ ਸੰਗਤ ਵਿਚ ਜਾਹ, ਜਿਨ੍ਹਾਂ ਨੇ ਵਾਹਿਗੁਰੂ ਜੀ ਨਾਲ ਮਿਲਾਪ ਕਰ ਲਿਆ ਹੈ ਜਿਨ੍ਹਾਂ ਨੂੰ ਇਕ ਸੁਆਸ ਭੀ ਪ੍ਰਭੂ ਨਹੀਂ ਵਿਸਰਦਾ, ਉਹ ਤੱਤ ਬੇਤੇ ਸੰਤ, ਗੁਰੂ ਤੈਨੂੰ ਪ੍ਰਭੂ ਦੇ ਨਾਲ ਮਿਲਾ ਦੇਣਗੇ –

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਅੰਗ – ੧੨*

ਸੋ ਗੁਰੂ ਮਹਾਰਾਜ ਜੀ ਮਾਝ ਰਾਗ ਦੇ ਬਾਰਾਮਾਹ ਵਿਚ ਹੋਰ ਸਪਸ਼ਟ ਕਰਦਿਆਂ ਹੋਇਆਂ ਫੁਰਮਾਨ ਕਰਦੇ ਹਨ –

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਏ ਪ੍ਰਭ ਕੀ ਸਾਮ॥ ਅੰਗ – ੧੩੩*

ਸੰਤਾਂ ਨੂੰ ਮਿਲ ਕੇ ਨਾਮ ਦੀ ਸੋਝੀ ਆਉਂਦੀ ਹੈ –

*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਅੰਗ – ੧੩੩*

ਉਹ ਫੁਰਮਾਉਂਦੇ ਹਨ ਕਿ ਇਕ ਖਿਨ ਮਾਤਰ ਵੀ ਵਾਹਿਗੁਰੂ ਤੋਂ ਬਿਨਾਂ ਜਿਉਣਾ ਬਿਰਥਾ ਹੋਇਆ ਕਰਦਾ ਹੈ। ਜਿਹੜਾ ਇਸ ਪ੍ਰਭੂ ਨੂੰ ਨਹੀਂ ਮਿਲਦਾ ਉਸਨੂੰ ਕਿੰਨੇ ਕੁ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਦਾ ਕਿਉਂਕਿ ਸਾਰੇ ਕਲੇਸ਼, ਸਾਰੇ ਵਿਘਨ ਇਸ ਜੀਵ ਦੇ ਗਲ ਪੈ ਜਾਂਦੇ ਹਨ। ਅਵਿਦਿਆ, ਅਸਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼ ਵਰਗੇ ਕਲੇਸ਼ਾਂ ਵਿਚ ਪਿਆ ਜੀਵ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ –

***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥***
*ਅੰਗ – ੧੩੩*

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥***
*ਅੰਗ – ੫੨੨*

ਬਾਰਾਮਾਹ ਇਸ ਜੀਵ ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ ਅਤੇ ਸੰਗਤ ਵਿਚ ਮਿਲ ਕੇ ਵਿਚਾਰ ਕਰਦਾ ਹੈ ਕਿ ਅੱਜ ਸਾਲ ਦਾ ਇਕ ਚੱਕਰ ਪੂਰਾ ਕਰਕੇ ਆਖਰੀ ਪੜਾਅ ਤੇ ਪਹੁੰਚ ਚੁਕਿਆ ਹੈ। ਮਾਘ ਦੇ ਮਹੀਨੇ ਵਿਚ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਧੂੜੀ ਦਾ ਮਹਾਤਮ ਦਸਿਆ ਗਿਆ ਸੀ ਜਿਸ ਦੇ ਫਲਸਰੂਪ ਇਸ ਜੀਵ ਨੇ ਜੀਵਨ ਢਾਲਿਆ ਤੇ ਹੁਣ ਫਲਗੁਣ ਦੇ ਮਹੀਨੇ ਇਸ ਦੀ ਕ੍ਰੋੜਾਂ ਅਰਬਾਂ ਸਾਲਾਂ ਦੀ ਲੱਗੀ ਹੋਈ ਲੋਚਾ ਪੂਰੀ ਕਰ ਦਿਤੀ। ਵਾਹਿਗੁਰੂ ਜੀ ਪ੍ਰਗਟ ਹੋ ਗਏ, ਸੰਤਾਂ ਨੇ ਪੂਰੀ ਸਹਾਇਤਾ ਕੀਤੀ। ਇਸ ਤੋਂ ਪਹਿਲਾਂ ਵਾਹਿਗੁਰੂ ਜੀ ਰਹਿੰਦੇ ਕਿਥੇ ਸਨ? ਗੁਰਬਾਣੀ ਦੇ ਅੰਦਰ ਬਹੁਤ ਹੀ ਵਿਸਥਾਰ ਨਾਲ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਇਸ ਸਰੀਰ ਦੀ ਮਹੱਤਤਾ ਇਸੇ ਕਰਕੇ ਹੈ ਕਿ ਵਾਹਿਗੁਰੂ ਜੀ ਨੇ ਆਪਣਾ ਆਸਣ ਇਸ ਸਰੀਰ ਵਿਚ ਸਥਾਪਿਤ ਕੀਤਾ ਹੋਇਆ ਹੈ ਅਤੇ ਆਪਣੇ ਤੱਕ ਪਹੁੰਚਣ ਦਾ ਰਸਤਾ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਉਹ ਸੰਸਾਰ ਦੇ ਭਲੇ ਲਈ ਘਾਲ ਕਮਾਈਆਂ ਕਰਕੇ ਜਗਿਆਸੂਆਂ ਨੂੰ ਦਸਦੇ ਰਹਿੰਦੇ ਹਨ ਕਿ ਇਸ ਸਰੀਰ ਦੇ ਨੌਂ ਦਰਵਾਜ਼ਿਆਂ ਵਿਚੋਂ ਕੋਈ ਵੀ ਦਰਵਾਜ਼ਾ ਵਾਹਿਗੁਰੂ ਜੀ ਵਲ ਨਹੀਂ ਖੁਲ੍ਹਦਾ। ਇਹ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ। ਅੱਖੀਆਂ ਦੇਖ ਕੇ ਰਜਦੀਆਂ ਨਹੀਂ, ਕੰਨ ਗੀਤ ਅਤੇ ਨਾਦ ਸੁਣ-ਸੁਣ ਕੇ ਪਰਚੇ ਰਹਿੰਦੇ ਹਨ, ਜੀਭ ਅਨੇਕ ਕਿਸਮ ਦੇ ਸਵਾਦਾਂ ਵਿਚ ਪਰਚੀ ਰਹਿੰਦੀ ਹੈ। ਬਹੁਤ ਕਿਸਮ ਦੇ ਕੁ-ਰਸ ਮਾਣ ਕੇ ਨਿਤਾਣੀ ਬਣਦੀ ਜਾਂਦੀ ਹੈ, ਨੱਕ ਅਨੇਕ ਕਿਸਮ ਦੀਆਂ ਸੁਗੰਧੀਆਂ ਵਿਚ ਪਰਚਦਾ ਹੈ ਤੇ ਹੋਰ ਇੰਦ੍ਰੇ ਵਿਸ਼ੇ ਭੋਗਾਂ ਵਿਚ ਪਰਚੇ ਰਹਿੰਦੇ ਹਨ। ਇਹ ਸਾਰੇ ਵਾਹਿਗੁਰੂ ਜੀ ਨੂੰ ਮਿਲਾਉਣ ਵਾਸਤੇ ਜਦੋਂ ਤੱਕ ਸੋਧੇ ਨਾ ਜਾਣ, ਸਹਾਇਤਾ ਕਰਨ ਦੀ ਥਾਂ ਇਸ ਜੀਵ ਨੂੰ ਬੁਰੀ ਤਰ੍ਹਾਂ ਫਸਾ ਦਿੰਦੇ ਹਨ ਪਰ ਜਦੋਂ ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਵੇ ਤੇ ਇਸ ਜੀਵ ਨੂੰ ਸਮਰੱਥ ਗੁਰੂ ਦਾ ਮੰਤ੍ਰ ਪ੍ਰਾਪਤ ਹੋ ਜਾਵੇ ਤਾਂ ਇਹੀ ਇੰਦ੍ਰੇ ਸਹਾਇਤਾ ਕਰਦੇ ਹਨ। ਰਸਨਾ ਨਾਮ ਜਪਦੀ ਹੈ, ਸਰਵਣ ਹਰੀ ਦਾ ਜਸ ਸੁਣਦੇ ਹਨ ਜਿਸ ਦਾ ਫਲ ਕਈ ਕ੍ਰੋੜਾਂ ਜੱਗਾਂ ਤੋਂ ਵੱਧ ਹੁੰਦਾ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
*ਅੰਗ – ੫੪੬*

ਨੇਤਰ ਪ੍ਰਭੂ ਪਿਆਰਿਆਂ ਦੇ ਦਰਸ਼ਨ ਕਰਕੇ, ਚਰਨ ਸਤਿਸੰਗ ਤੇ ਜਾਣ ਕਰਕੇ, ਹੱਥ ਸੇਵਾ ਕਰਕੇ, ਹਿਰਦਾ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਵਸਣ ਕਰਕੇ, ਮੱਥਾ ਸੰਤਾਂ ਦੀ ਧੂੜੀ ਨਾਲ ਛੁਹਾ ਕੇ ਪਵਿੱਤਰ ਹੋ ਜਾਂਦਾ ਹੈ –

***ਚਰਨਹ ਗੋਬਿੰਦ ਮਾਰਗੁ ਸੁਹਾਵਾ॥***
***ਆਨ ਮਾਰਗ ਜੇਤਾ ਕਿਛੁ ਧਾਈਐ***
***ਤੇਤੋ ਹੀ ਦੁਖੁ ਹਾਵਾ॥***
***ਨੇਤ੍ਰ ਪੁਨੀਤ ਭਏ ਦਰਸੁ ਪੇਖੇ***
***ਹਸਤ ਪੁਨੀਤ ਟਹਲਾਵਾ॥***
***ਰਿਦਾ ਪੁਨੀਤ ਰਿਦੈ ਹਰਿ ਬਸਿਓ***
***ਮਸਤ ਪੁਨੀਤ ਸੰਤ ਧੂਰਾਵਾ॥***
***ਸਰਬ ਨਿਧਾਨ ਨਾਮਿ ਹਰਿ ਹਰਿ ਕੈ***
***ਜਿਸੁ ਕਰਮਿ ਲਿਖਿਆ ਤਿਨਿ ਪਾਵਾ॥***
***ਜਨ ਨਾਨਕ ਕਉ ਗੁਰੁ ਪੂਰਾ ਭੇਟਿਓ***
***ਸੁਖਿ ਸਹਜੇ ਅਨਦ ਬਿਹਾਵਾ॥*** *ਅੰਗ – ੧੨੧੨*

ਗੁਰੂ ਮਹਾਰਾਜ ਜੀ ਵਾਹਿਗੁਰੂ ਜੀ ਦੇ ਟਿਕਾਣੇ ਬਾਰੇ ਫੁਰਮਾਨ ਕਰਦੇ ਹਨ –

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ॥*** *ਅੰਗ – ੧੦੩੩*

ਇਕ ਹੋਰ ਥਾਂ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ –

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ॥*** *ਅੰਗ – ੯੫੪*

ਸੋ ਇਸ ਸਰੀਰ ਦੇ ਵਿਚ ਉਪਮਾ ਰਹਿਤ ਵਾਹਿਗੁਰੂ ਜੀ ਦਾ ਨਿਵਾਸ ਅਸਥਾਨ ਵਾਹਿਗੁਰੂ ਜੀ ਦਾ ਵਾਸਾ ਹੈ। ਪਰ

ਇਹ ਜੀਵ ਮਾਇਆ ਵਿਚ ਖਚਿਤ ਹੋਇਆ ਹੋਇਆ ਅੰਦਰਲੇ ਰਾਹ ਦੀ ਪਛਾਣ ਨਹੀਂ ਕਰਦਾ ਅਤੇ ਨਾ ਹੀ ਇਹਦੇ ਅੰਦਰ ਰੁਚੀ ਪੈਦਾ ਹੁੰਦੀ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਸ਼ਨ ਪਾਵਾਂ। ਇਹ ਜੀਵ ਨਾਮ ਰੂਪੀ ਮੋਤੀ ਚੁਗਣ ਦੀ ਥਾਂ ਮਰੇ ਹੋਏ ਵਿਸ਼ਿਆਂ ਰੂਪੀ ਡੰਗਰਾਂ ਦਾ ਮਾਸ ਚੂੰਡ-ਚੂੰਡ ਖਾਂਦਾ ਹੈ ਅਤੇ ਆਪਣਾ ਜਨਮ ਬਿਰਥਾ ਗੁਆਉਂਦਾ ਹੈ। ਜਦੋਂ ਬਾਰਾਮਾਹ ਵਿਚ ਦੱਸੇ ਹੋਏ ਉਪਦੇਸ਼ ਇਸ ਜੀਵ ਨੇ ਕਮਾ ਲਏ ਤਾਂ ਉਸਨੂੰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਉਸਨੂੰ ਉਹ ਗੁਪਤ ਰਸਤਾ ਮਿਲ ਜਾਂਦਾ ਹੈ ਜੋ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ। ਇਸ ਮਹੀਨੇ ਦੇ ਵਿਚ ਪ੍ਰਗਟ ਕਰਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਫਲਗੁਣਿ ਅਨੰਦ ਉਪਾਰਜਨਾ***
***ਹਰਿ ਸਜਣ ਪ੍ਰਗਟੇ ਆਇ॥*** ***ਅੰਗ - ੧੩੬***

ਵਾਹਿਗੁਰੂ ਜੀ ਦੇ ਮਿਲਾਪ ਦਾ ਕਿੰਨਾ ਅਨੰਦ ਆਇਆ ਇਹ ਕਹਿਣ ਸੁਣਨ ਤੋਂ ਬਾਹਰ ਹੈ। ਜਿਸ ਥਾਂ ਵਾਹਿਗੁਰੂ ਜੀ ਇਸ ਸਰੀਰ ਵਿਚ ਰਹਿੰਦੇ ਹਨ ਉਸੇ ਬਾਰੇ ਭਾਈ ਗੁਰਦਾਸ ਜੀ ਪ੍ਰਗਟ ਕਰਦੇ ਹੋਏ ਦਸਦੇ ਹਨ ਕਿ ਜੋ ਇਸ ਸਰੀਰ ਦੇ ਵਿਚ ਦਸਵੇਂ ਦੁਆਰ ਦਾ ਟਿਕਾਣਾ ਹੈ ਉਸਨੂੰ ਵਰਨਣ ਕਰਨਾ ਅਤਿ ਕਠਿਨ ਹੈ ਕਿਉਂਕਿ ਉਸਦੇ ਬਰਾਬਰ ਦਾ ਕੋਈ ਹੋਰ ਟਿਕਾਣਾ ਹੈ ਹੀ ਨਹੀਂ।

ਦਸਮ ਦੁਆਰ ਉਹ ਸ੍ਰੋਤ ਹੈ, ਉਹ ਸਥਾਨ ਹੈ ਜਿਥੋਂ ਮਨ ਤੇ ਇੰਦ੍ਰੀਆਂ ਦੀਆਂ ਬਿਰਤੀਆਂ ਤਾਕਤ ਲੈ ਕੇ ਬਾਹਰਮੁਖ ਦੌੜਦੀਆਂ ਅਤੇ ਬਾਹਰ ਆਪਣੇ-ਆਪਣੇ ਪਦਾਰਥ ਤੱਕ ਗੰਮਤਾ ਪਾ ਕੇ ਪਿਛਾਹਾਂ ਆਪਣੇ ਅੰਦਰ ਉਕਤ ਕੇਂਦਰ ਵਲ ਮੁੜ-ਲਗਾਤਾਰ ਬਾਹਰਲੀ ਅੰਦਰਲੀ ਕਾਰਵਾਈ ਵਿਚ ਵਰਤਿਆ ਕਰਦੀਆਂ ਹਨ। ਓਥੋਂ ਸਤ੍ਹਾ ਮਿਲਦੀ ਹੈ ਅਤੇ ਇਹ ਜੀਵ ਉਹ ਸਤ੍ਹਾ ਪਾ ਕੇ ਆਪਣੇ ਸੁਭਾਅ ਮੁਤਾਬਿਕ ਕਰਮ ਕਰਦਾ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥***
***ਅੰਗ - ੨੭੭***

ਸੋ ਸਾਰੀਆਂ ਬਿਰਤੀਆਂ ਬਾਹਰਲੀ ਖਬਰ ਅੰਦਰ ਭੇਜਦੀਆਂ ਰਹਿੰਦੀਆਂ ਹਨ। ਜਦੋਂ ਜੀਵ ਘਾਲ ਕਮਾਈ ਕਰਕੇ ਦਸਮ ਦੁਆਰ ਵਿਚ ਸੁਰਤ ਨਾਲ ਪਹੁੰਚਦਾ ਹੈ ਤਾਂ ਇਸ ਅਸਥਾਨ ਤੇ ਜੋਤੀ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਨਮਨੀ ਜੋਤ ਕਿਹਾ ਗਿਆ ਹੈ। ਪਰਪੱਕ ਅਭਿਆਸ ਕਾਰਨ ਇਹ ਜੋਤੀ ਸਾਖਸ਼ਾਤਕਾਰ ਹੋ ਜਾਇਆ ਕਰਦੀ ਹੈ ਅਤੇ ਅੰਦਰ ਅਨਹਤ ਨਾਦ ਦੀ ਸਹਿਜ ਧੁਨ ਦੇ ਰੂਪ ਵਿਚ ਨਾਮ ਦੀ ਤਾਰ ਬੱਝ ਜਾਇਆ ਕਰਦੀ ਹੈ ਜਿਸਨੂੰ ਅਨਹਦ ਧੁਨੀ ਕਿਹਾ ਜਾਂਦਾ ਹੈ। ਇਸ ਧੁਨ ਵਿਚ ਸੁਰਤ ਇਕ ਸਾਰ ਜੁਟਦੀ ਹੈ ਅਤੇ ਇਸ ਜੀਵ ਦੀ ਸੁਰਤ ਅਦਭੁੱਤ ਰਸ ਨੂੰ ਅਨੁਭਵ ਕਰਿਆ ਕਰਦੀ ਹੈ। ਜਿਸ ਦੀ ਤੇਲ ਧਾਰਾ ਵਤ ਪ੍ਰਵਾਹਿਤ ਅਵਸਥਾ ਨੂੰ, ਅਪਾਰ ਨਿਝਰ ਧਾਰ, ਕਹਿ ਕੇ ਕਥਨ ਕੀਤਾ ਗਿਆ ਹੈ। ਇਹ ਜੀਵ ਇਸ ਅੰਮ੍ਰਿਤ ਵਾਲੇ ਜੋਤੀ ਸਰੂਪ ਅਕਾਲ ਪੁਰਖ ਵਿਚ ਸਮਾਅ ਜਾਇਆ ਕਰਦਾ ਹੈ। ਆਪੇ ਤੋਂ ਪਾਰ ਹੋ ਕੇ ਇਹ ਛੋਟਾ ਆਪਾ ਵੱਡੇ ਆਪੇ ਵਿਚ ਲੀਨ ਹੋ ਜਾਇਆ ਕਰਦਾ ਹੈ। ਆਪ ਜੀ ਨੇ ਸਪਸ਼ਟ ਕਰਦਿਆਂ ਫੁਰਮਾਨ ਕੀਤਾ ਹੈ -

***ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੌਂ***
***ਗੁਰ ਮੁਖਿ ਪਾਵੈ ਸੁ ਤਉ ਅਨਤ ਨ ਪਾਵਈ॥***
***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ***
***ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ॥***
***ਅਨਹਦ ਨਾਦ ਸਮਸਰ ਨਾਦ ਬਾਦ ਕਉਨ***
***ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ॥***
***ਨਿਝਰ ਅਪਾਰ ਧਾਰ ਤੁੱਲ ਨ ਅੰਮ੍ਰਿਤਰਸ***
***ਅਪਿਉ ਪੀਆਵੈ ਜਾਂਹਿ ਤਾਹੀ ਮੈ ਸਮਾਵਈ॥***
***(ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਜਦੋਂ ਇਸ ਅਸਥਾਨ ਤੇ ਸੁਰਤੀ ਪਹੁੰਚਦੀ ਹੈ ਤਾਂ ਬ੍ਰਹਮ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਦਰਸ਼ਨ ਦੇਖਦੇ ਹੀ ਨਾ ਸੁਧ ਰਹਿੰਦੀ ਹੈ ਕਿਉਂਕਿ ਐਸਾ ਝਲਕਾਰਾ ਵਜਦਾ ਹੈ ਅਤੇ ਅੰਦਰ ਐਨਾਂ ਰਸ ਤਾਰੀ ਹੋ ਜਾਂਦਾ ਹੈ ਅਤੇ ਇਕ ਅਕਹਿ ਰਸ ਅਕਹਿ ਅਨੰਦ ਇਸ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਕੁਝ ਵੀ ਯਾਦ ਨਹੀਂ ਰਹਿੰਦਾ। ਕੋਈ ਸੰਸਕਾਰ ਸੁਰਤ ਵਿਚ ਨਹੀਂ ਆਉਂਦਾ, ਬੁੱਧ ਬੁੱਝਣ ਵਾਲੀ ਸ਼ਕਤੀ ਐਥੇ ਗੁੰਮ ਹੋ ਜਾਇਆ ਕਰਦੀ ਹੈ। ਬੁਧੀ ਦੇ ਵਿਚੋਂ, ਥਹੁ ਲਾ ਲੈਣ ਦਾ ਬਲ ਅਲੋਪ ਹੋ ਜਾਇਆ ਕਰਦਾ ਹੈ। ਸੁਰਤ ਨੂੰ ਸੋਝੀ ਨਾ ਰਹੀ ਅਤੇ ਸੋਚ ਵਿਚਾਰ ਵਿਚ ਧਿਆਨ ਕਰਨ ਦੀ ਹਿੰਮਤ ਨਾ ਰਹੀ, ਗਿਆਨ ਵਿਚ ਗਿਆਨ ਨਾ ਰਿਹਾ, ਜੋ ਕੁਝ ਹੁਣ ਤਾਈਂ ਜਾਣਿਆ ਸੀ ਉਹ ਸਾਰੇ ਦਾ ਸਾਰਾ ਗਿਆਨ ਉਠ ਗਿਆ ਅਤੇ ਗੱਲ ਦੀ ਤਹਿ ਵਿਚ ਪਹੁੰਚਣ ਅਥਵਾ ਪ੍ਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ, ਉਸਦੀ ਗਤਿ ਨਾ ਰਹੀ। ਧੀਰਜ ਦਾ ਧੀਰਜ, ਹੰਗਤਾ ਦਾ ਹੰਗਤਾਪੁਣ (ਅਹੰਭਾਵ) ਚਲਾ ਗਿਆ, ਕੇਵਲ ਪਿਆਰ ਰਹਿ ਗਿਆ ਅਤੇ ਪ੍ਰਤਿਸ਼ਟਾ (ਮਨੁੱਖੀ ਗੌਰਵਤਾ ਦੀ ਮਨੌਤ) ਲਤ ਪਤ, ਲੜਖੜਾ, ਖੁਆਰ ਹੋ ਗਈ। ਇਕ ਅਦਭੁੱਤ ਰਸ ਵਿਚ ਲੀਨ ਹੋ ਗਿਆ। ਅਚੰਭੇ ਤੋਂ ਵੀ ਅਚੰਭਾ ਸਰੂਪ, ਅਸਚਰਜ ਹੈਰਾਨੀ ਵਿਚ ਪਾਉਣ ਵਾਲੀ ਦਸ਼ਾ ਤੋਂ ਵੀ ਅਤਿਅੰਤ ਕਰਕੇ ਚਮਤਕਾਰ ਵਾਲੀ ਦਸ਼ਾ ਵਿਚ ਲੀਨ ਹੋ ਗਈ। ਇਹ ਅਭੇਦ ਅਵਸਥਾ ਦਾ ਜੋ ਅਨੰਦ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਜੀ ਦਾ ਮਿਲਾਪ ਹੋਇਆ ਉਹ ਦਸਮ ਦੁਆਰ ਵਿਚ ਹੀ ਪ੍ਰਗਟ ਹੋ ਗਏ, ਤਾਂ ਮਹਾਨ ਅਨੰਦ ਦੀ ਪ੍ਰਾਪਤੀ ਹੋਈ। ਇਹ ਮਹਾਨ ਕ੍ਰਿਪਾ ਗੁਰੂ ਰੂਪ ਸੰਤਾਂ ਨੇ ਕੀਤੀ। ਹੁਣ ਅਨੁਭਵ ਦੀ ਸੇਜ ਉਤੇ ਰੌਣਕਾਂ ਲਗ ਗਈਆਂ। ਅਨੇਕ ਕਿਸਮ ਦੇ ਪ੍ਰਕਾਸ਼, ਅਨੇਕ ਕਿਸਮ ਦੀਆਂ ਸੰਗੀਤਕ ਲਹਿਰਾਂ ਦੇ ਵਾਜੇ ਵਜ ਰਹੇ ਹਨ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਗਿਆ ਹੈ। ਭਾਈ ਗੁਰਦਾਸ ਜੀ ਇਸ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਨ ਕਰਦੇ ਹਨ -

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ*
*ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ॥*
*ਸੁਰਤਿ ਮੈਂ ਨ ਸੁਰਤਿ ਅਉ*
*ਧਯਾਨ ਮੈਂ ਨ ਧਯਾਨ ਰਹਯੋ*
*ਗਯਾਨ ਮੈ ਨ ਗਯਾਨ ਰਹਯੋ*
*ਗਤਿ ਮੈਂ ਨ ਗਤਿ ਹੈ॥*
*ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ*
*ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥*
*ਅਦਭੁਤ ਪਰਮਦਭੁਤ ਬਿਸਮੈ ਬਿਸਮ*
*ਅਸਚਰਜੈ ਅਸਚਰਜ ਅਤਿ ਅਤਿ ਹੈ।।*
*(ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)*

ਹੁਣ ਹਿਰਦੇ ਰੂਪ ਸੇਜ ਸੁਹਾਵੀ ਹੋ ਗਈ, ਦੁਖਾਂ ਦਾ ਖਾਤਮਾ ਹੋ ਗਿਆ। ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਪ੍ਰਭੂ ਦੇ ਮਿਲਾਪ ਦੀ ਇਛਿਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਗਈ ਕਿਉਂਕਿ ਸਮਰੱਥ ਗੁਰੂ ਨੇ ਉਹ ਘਰ ਦਿਖਾ ਦਿਤਾ, ਜਿਥੇ ਮੇਰੇ ਪ੍ਰਭੂ ਦਾ ਸਦੀਵ ਹੀ ਵਾਸਾ ਹੈ। ਸਮਰੱਥ ਗੁਰੂ ਦੀ ਇਹੀ ਨਿਸ਼ਾਨੀ ਹੋਇਆ ਕਰਦੀ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ।।*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - ੧੨੯੧*

ਹੁਣ ਸਾਰੀਆਂ ਸੰਗਣਾਂ-ਸਾਥਣਾਂ ਜੀਵ ਰੂਪ ਇਸਤ੍ਰੀ ਨਾਲ ਮਿਲ ਕੇ ਵਾਦੀ-ਏ-ਨੂਰ ਵਿਚ ਮੰਗਲ ਗਾ ਰਹੀਆਂ ਹਨ। ਸਾਰੀਆਂ ਸੁਰਤੀਆਂ-ਬਿਰਤੀਆਂ, ਕਰਮ ਇੰਦ੍ਰੀਆਂ ਮਿਲ ਕੇ ਇਸ ਨਿਜ ਘਰੁ ਦੇ ਗੁਣ ਗਾ ਰਹੀਆਂ ਹਨ -

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - ੧੨੯੧*

ਇਹ ਜੀਵ ਆਤਮਾ ਹੈਰਾਨ ਹੋ ਗਈ ਕਿ ਵਾਹਿਗੁਰੂ ਜੀ ਵਰਗਾ ਤਾਂ ਹੋਰ ਕੋਈ ਹੈ ਹੀ ਨਹੀਂ ਜਿਨ੍ਹਾਂ ਨੇ ਮੇਰਾ ਹਲਤ ਵੀ ਸਵਾਰ ਦਿਤਾ ਅਤੇ ਦਰਗਾਹ ਵਿਚ ਨਿਹਚਲ ਥਾਂ ਬਖਸ਼ ਦਿਤੀ। ਹੁਣ ਸੰਸਾਰ ਦੇ ਭਿਆਨਕ ਸਾਗਰ ਵਿਚ ਗੋਤੇ ਖਾਣ ਲਈ ਜੰਮਣ ਮਰਨ ਦਾ ਚੱਕਰ ਹੀ ਬੰਦ ਕਰ ਦਿਤਾ। ਜਿਹਬਾ ਮੇਰੀ ਇਕ ਹੈ, ਤੇਰੇ ਗੁਣਾਂ ਦਾ ਸ਼ੁਮਾਰ ਨਹੀਂ, ਮੈਂ ਕਿਵੇਂ ਤੇਰੇ ਗੁਣ ਗਾਵਾਂ। ਵਾਹਿਗੁਰੂ ਜੀ ਨੂੰ ਨਿਤ ਹੀ ਸਲਾਹੁਣਾ ਉਚਿਤ ਹੈ ਭਾਵੇਂ ਉਸਨੂੰ ਇਕ ਤਿਲ ਜਿੰਨੀ ਵੀ ਤਮ੍ਹਾ ਨਹੀਂ ਹੈ, ਉਸਦੇ ਗੁਣ ਗਾਉਣ ਨਾਲ ਜੀਵ ਦਾ ਹੀ ਭਲਾ ਹੈ -

*ਮਿਲਿ ਸਹੀਆ ਮੰਗਲੁ ਗਾਵਹੀ*
*ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ*
*ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ*
*ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ*
*ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ*
*ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ*
*ਜਿਸ ਨੋ ਤਿਲੁ ਨ ਤਮਾਇ॥ ਅੰਗ - ੧੩੬*

ਨਾਮ ਦੀ ਮਹਿਮਾ ਦਸਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਸ-ਜਿਸ ਨੇ ਵੀ ਨਾਮ ਆਪਣੇ ਧਿਆਨ ਵਿਚ ਵਸਾ ਲਿਆ ਹੈ ਉਸ ਦੇ ਦੋਹਾਂ ਜਹਾਨਾਂ ਦੇ ਕਾਰਜ ਵਾਹਿਗੁਰੂ ਜੀ ਆਪ ਪੂਰਾ ਕਰਦੇ ਹਨ। ਪੂਰਾ ਗੁਰੂ ਅਰਾਧਣ ਨਾਲ ਦਰਗਾਹ ਵਿਚ ਖਰੇ ਸਮਝ ਕੇ ਆਦਰ ਮਿਲਦਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਵਾਹਿਗੁਰੂ ਜੀ ਦੀ ਯਾਦ ਵਿਚ ਸੰਮਿਲਤ ਹੈ ਅਤੇ ਉਨ੍ਹਾਂ ਦੀ ਯਾਦ ਹਿਰਦੇ ਵਿਚ ਵਸਾਉਣ ਨਾਲ ਮਹਾਂਭਿਆਨਕ ਭਵਜਲ ਤਰ ਜਾਈਦਾ ਹੈ। ਭਗਤੀ ਕਰਕੇ, ਹਰੀ ਦੇ ਗੁਣ ਗਾ ਕੇ, ਸਰਵਣ, ਸਿਮਰਨ, ਅਰਦਾਸ ਕਰਕੇ ਸਾਨੂੰ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਮਾਇਆ ਮੁੜ ਕੇ ਆਪਣੀ ਅੱਗ ਵਿਚ ਜਾਲ ਨਹੀਂ ਸਕਦੀ। ਇਹ ਜੋ ਮਾਇਆ ਜਾਲ ਹੈ ਇਸ ਦਾ ਮਿਥਿਆਪੁਣ ਪ੍ਰਗਟ ਹੋ ਕੇ ਸਦੀਵੀ ਇਕੋ ਵਾਹਿਗੁਰੂ ਜੀ ਹੀ ਹਰ ਥਾਂ ਦੇ ਉਤੇ ਦ੍ਰਿਸ਼ਟੀਗੋਚਰੇ ਹੁੰਦਾ ਹੈ। ਸੋ ਜਿਨ੍ਹਾਂ ਨੇ ਇਸ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਿਆ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉਪਰ ਵਾਹਿਗੁਰੂ ਜੀ ਦੀ ਨਦਰ ਹੋ ਜਾਇਆ ਕਰਦੀ ਹੈ ਉਸ ਦੇ ਵਾਸਤੇ ਮਾਹ, ਦਿਵਸ, ਮਹੂਰਤ, ਵਿਘਨਕਾਰੀ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗੇ ਮੰਦੇ ਦਿਨ ਗਿਣਨ ਦੀ, ਜਾਚਣ ਦੀ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਵਾਸਤੇ ਸਾਰੇ ਹੀ ਦਿਨ ਸ਼ੁਭ ਹੋਇਆ ਕਰਦੇ ਹਨ। ਜਿੰਨੇ ਵੀ ਵਿਘਨ ਹੁੰਦੇ ਹਨ ਉਹ ਸਾਰੇ ਦੇ ਸਾਰੇ ਉਨ੍ਹਾਂ ਨੂੰ ਲਗਦੇ ਹਨ ਜਿਨ੍ਹਾਂ

*(ਬਾਕੀ ਪੰਨਾ 22 'ਤੇ)*

# ਰਾਮੁ ਸਿਮਰੁ ਪਛੁਤਾਹਿਗਾ ਮਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥ ਅੰਗ- ੬੯੪*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਜਿੰਨੇ ਕਦਮ ਕੋਈ ਚੱਲ ਕੇ ਆਇਐ, ਓਨੇ ਯੱਗਾਂ ਦਾ ਫਲ, ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨਾਂ ਦੇ ਅਨੁਸਾਰ ਮਿਲਦਾ ਹੀ ਹੈ। ਸਤਿਸੰਗ ਦੇ ਵਿਚ ਬੈਠੋਂਗੇ, ਚਿੱਤ ਬਿਰਤੀਆਂ ਇਕਾਗਰ ਕਰੋਂਗੇ। ਗੁਰੂ ਦੇ ਬਚਨ ਸਰਵਣ ਕਰਕੇ, ਮੰਨਣ ਕਰਕੇ, ਹਿਰਦੇ 'ਚ ਧਾਰਨ ਕਰੋਂਗੇ ਤਾਂ ਬਹੁਤ ਜ਼ਿਆਦਾ ਫਲ ਹੋਰ ਪ੍ਰਾਪਤ ਹੋ ਜਾਂਦੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਸੋ ਜੋ ਆਪਾਂ ਨੂੰ ਥੋੜ੍ਹਾ ਸਮਾਂ ਮਿਲਿਆ ਹੈ, ਉਸ ਦੇ ਵਿਚ ਬਾਣੀ ਦੀ ਵਿਚਾਰ ਕਰੀਏ। ਆਪਣਾ ਰਸਤਾ ਟੋਲ੍ਹੀਏ ਤੇ ਜਿਸ ਕੰਮ ਨੂੰ ਕਰਨ ਵਾਸਤੇ ਸੰਸਾਰ 'ਤੇ ਆਏ ਹਾਂ, ਉਹ ਕਰਕੇ ਮਾਨਸ ਜਨਮ ਦਾ ਪੂਰਾ-ਪੂਰਾ ਲਾਹਾ ਪ੍ਰਾਪਤ ਕਰੀਏ। ਵਾਹਿਗੁਰੂ ਨੇ ਜਦੋਂ ਤੋਂ ਸ੍ਰਿਸ਼ਟੀ ਬਣਾਈ ਹੈ। ਉਸ ਵੇਲੇ ਤੋਂ ਆਪਾਂ ਘੁੰਮਦੇ-ਫਿਰਦੇ ਹਾਂ-

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਇਹ ਬਚਨ ਹਜ਼ਾਰਾਂ ਵਾਰੀ ਸੁਣੇ ਨੇ, ਹਜ਼ਾਰਾਂ ਵਾਰੀ ਕਹੇ ਨੇ। ਪਰ ਜੋ ਇਹਨਾਂ ਦਾ ਭਾਵ ਹੈ ਉਹ ਸਾਡੇ ਹਿਰਦੇ ਵਿਚ ਅਸਰ ਕਿਉਂ ਨਹੀਂ ਕਰਦਾ। ਕਿਉਂ ਨਹੀਂ ਉਹ ਅਵਸਥਾ ਪੈਦਾ ਹੁੰਦੀ -

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ- ੧੩੭੪*

ਉਹ ਇਹ ਕਿ ਅਸੀਂ ਬਹੁਤ ਹੋਰ ਪਾਸੇ ਫਿਰਦੇ ਹਾਂ। ਸਤਿਗੁਰੂ ਦੇ ਬਚਨਾਂ ਦੀ ਸੇਧ ਵਿਚ ਆਉਂਦੇ ਨਹੀਂ। ਲਾਂਭੇ ਰਹਿੰਦੇ ਹਾਂ। ਇਸ ਕਰਕੇ ਅਸੀਂ ਆਪਣਾ ਜਨਮ ਬਰਬਾਦ ਕਰਕੇ ਬਿਰਥਾ ਗਵਾ ਕੇ ਸੰਸਾਰ ਤੋਂ ਚਲੇ ਜਾਂਦੇ ਹਾਂ। ਜੋ ਸਾਡੇ ਪਿਤਾ ਨੇ ਕਰਿਆ, ਪਿਤਾਮਾ ਨੇ ਕਰਿਆ, ਪੜਦਾਦੇ ਨੇ ਕਰਿਆ, ਨਕੜ ਦਾਦੇ ਨੇ ਕਰਿਆ ਉਹੀ ਕੰਮ ਕਰਕੇ ਪੈਦਾ ਹੋਏ, ਪੜ੍ਹੇ ਲਿਖੇ, ਫੇਰ ਕੋਈ ਕਾਰੋਬਾਰ ਕਰਿਆ। ਵਿਆਹ ਹੋਇਆ, ਬੱਚੇ ਹੋਏ, ਬੱਚੇ ਪਾਲੇ, ਬੁਢਾਪਾ ਆ ਗਿਆ, ਮਜ਼ਬੂਰ ਹੋ ਗਏ, ਫੇਰ ਸੰਸਾਰ ਤੋਂ ਔਖੇ ਹੋ ਕੇ ਤੁਰ ਗਏ। ਮੁੜ ਕੇ ਫੇਰ ਜੂਨਾਂ 'ਚ ਪੈ ਗਏ। ਜਦੋਂ ਮਨੁੱਖ ਬਣੇ ਫੇਰ ਓਹੀ ਕੰਮ ਸ਼ੁਰੂ ਕਰ ਲਿਆ। ਜਾਂ ਤਾਂ ਸਾਨੂੰ ਸਮਝ ਨਹੀਂ ਆਉਂਦੀ, ਸਾਡੀ ਸੋਚ ਨਹੀਂ ਪੂਰਾ ਕੰਮ ਕਰਦੀ ਜਾਂ ਕੋਈ ਕਿਸਮਤ ਵਿਚ ਹੀ ਫਰਕ ਹੈ ਕਿ ਬਚਨ ਕਹੇ ਜਾਂਦੇ ਨੇ ਸਾਡੇ 'ਤੇ ਕੋਈ ਅਸਰ ਨਹੀਂ ਹੁੰਦਾ। ਸੰਸਾਰ ਦੇ ਵਿਚ ਤਾਂ ਰਹਿਣਾ ਨਹੀਂ ਸਾਧਸੰਗਤ ਜੀ! ਇਥੋਂ ਤਾਂ ਤੁਰ ਹੀ ਜਾਣੈ। ਕੋਈ ਅੱਜ ਚਲਿਆ ਜਾਊ, ਕੋਈ 10 ਦਿਨ ਬਾਅਦ ਚਲਿਆ ਜਾਊ। ਕੋਈ ਦਸ ਸਾਲ ਬਾਅਦ ਚਲਿਆ ਜਾਊ, ਜਾਣਾ ਸਾਰਿਆਂ ਨੇ ਹੈ। ਸਰੀਰ ਦੀ ਅਵਸਥਾ ਬਦਲਦੀ ਜਾਂਦੀ ਹੈ। ਬਚਪਨ 'ਚ ਸਰੀਰ ਹੁੰਦੈ, ਬੜਾ ਹੀ ਸੋਹਣਾ ਲਗਦੈ, ਵਧਦੈ, ਫੁਲਦੈ, ਜਵਾਨ ਹੁੰਦੈ। ਕਦੇ ਬੁਢਾਪੇ ਵਲ ਨੂੰ ਚੱਲ ਪੈਂਦੈ। ਉਹ ਜਿਹੜੇ ਸਾਥੀ ਸੀ, ਨੇਤਰ ਨਾਲ ਆਏ ਸੀ ਦੇਖਣ ਵਾਸਤੇ, ਦੰਦ ਆਏ ਸੀ ਖਾਣ ਪੀਣ ਵਾਸਤੇ, ਕੰਨ ਆਏ ਸੀ ਸੁਣਨ ਵਾਸਤੇ। ਹੱਥ ਪੈਰ ਕੰਮ ਕਰਨ ਵਾਸਤੇ ਆਏ ਸੀ। ਦੇਖਦੇ-ਦੇਖਦੇ ਐਸੀ ਅਵਸਥਾ ਆ ਜਾਂਦੀ ਹੈ ਕਿ ਬਲ ਵੀ ਹਾਰ ਜਾਂਦੈ। ਥੋੜ੍ਹਾ-ਥੋੜ੍ਹਾ ਰੋਜ਼ ਘਟਦੇ ਪਤਾ

ਨਹੀਂ ਲਗਦਾ।

ਬਾਬਾ ਫਰੀਦ ਜੀ ਨੇ ਬਹੁਤ ਲੰਮਾ ਸਫਰ ਕਰਿਐ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਵੀ ਕੀਤੈ। ਨਾ ਹਿਮਾਲਿਆ ਛਡਿਐ ਬਾਬਾ ਫਰੀਦ ਨੇ, ਟਰਕੀ ਛੱਡੀ ਹੈ, ਲਿਵਲਾਨ ਛੱਡਿਐ, ਉਸ ਤੋਂ ਵੀ ਪਰਲੇ ਜਿਹੜੀ ਸਟੇਟ ਸੀ ਉਥੇ ਤਕ ਆਪ ਜਾਂਦੇ ਰਹੇ। ਵੱਡੀਆਂ-ਵੱਡੀਆਂ ਜਿੱਥੇ-ਜਿੱਥੇ ਵੀ ਸੁਣੀਆਂ, ਪੜ੍ਹਾਈ ਦੀਆਂ ਯੂਨੀਵਰਸਿਟੀ ਵਰਗੀਆਂ, ਵੱਡੀਆਂ ਇੰਸਟੀਚਿਊਸ਼ਨ ਉਥੇ ਆਪ ਪੈਦਲ ਜਾਂਦੇ ਸੀ। ਜਾਂਦੇ ਕਾਹਦੇ ਵਾਸਤੇ ਸੀ? ਕਿ ਪ੍ਰਮੇਸ਼ਰ ਦਾ ਕੁਛ ਪਤਾ ਲੱਗੇ। ਆਏ ਹਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਮਾਂ ਨੇ ਕਹਿ ਦਿਤਾ ਸੀ ਕਿ ਬੇਟਾ! ਤੂੰ ਸੰਸਾਰ ਦੇ ਵਿਚ ਆਇਐਂ ਰੱਬ ਨੂੰ ਮਿਲਣ। ਵਾਰੀ ਤੇਰੀ ਆ ਗਈ ਹੈ ਤੇ ਤੂੰ ਰੱਬ ਨੂੰ ਮਿਲ, ਕਿਸੇ ਤਰੀਕੇ ਨਾਲ ਵੀ ਮਿਲ। ਇਹ ਬਾਬਾ ਫਰੀਦ ਨੇ ਫੇਰ ਬਹੁਤ ਥਾਂਵਾਂ ਤੋਂ ਵਿਦਿਆ ਪੜ੍ਹੀ। ਵੱਡੇ-ਵੱਡੇ ਜਿਹੜੇ ਮਕੱਦਸ ਸੀ ਮਸ਼ਹੂਰ ਉਹਨਾਂ ਦੇ ਵਿਚ ਵੱਡੇ ਸਾਂਈ ਲੋਕਾਂ ਕੋਲ ਜਾ ਕੇ ਆਪ ਨੇ ਇਲਮ ਸਿਖਿਆ। ਫੇਰ ਉਸ ਇਲਮ ਨੂੰ ਕਮਾਉਣ ਵਾਸਤੇ, ਘੋਰ ਤਪ ਕੀਤੇ। ਕਿਉਂਕਿ ਪਤਾ ਤਾਂ ਲਗ ਗਿਆ ਸੀ ਇਹਨਾਂ ਨੂੰ ਕਿ ਪ੍ਰਮੇਸ਼ਰ ਅੰਦਰ ਹੈ। ਉਹਨੂੰ ਅੰਦਰੋਂ ਹੀ ਮਿਲ ਲੈ। ਉਹਦੇ ਵਾਸਤੇ ਜਿਹੜਾ ਰਸਤਾ ਅਖਤਿਆਰ ਕਰਿਐ, ਉਹ ਤਪ ਦਾ ਕਰ ਲਿਆ, ਜੋਹਦ ਦਾ ਕਰ ਲਿਆ, ਸਖਤ ਤਪ ਕਰਿਆ। ਐਨਾ ਸਖਤ ਕਿ ਖਾਣਾ ਪੀਣਾ ਵੀ ਛੱਡ ਦਿਤਾ। ਪੱਤੇ ਲੈ ਲੈਣੇ, ਕੋਈ ਫਲ-ਫਰੂਟ ਮਿਲ ਗਿਆ, ਲੈ ਲਿਆ, ਜੰਗਲ ਦੇ ਵਿਚ ਉਹ ਖਾ ਲਿਆ। ਸਰੀਰ ਸੁੱਕਦਾ ਗਿਆ, ਅਖੀਰ ਐਨਾ ਸੁੱਕ ਗਿਆ ਕਿ ਪਿੰਜਰ ਬਣ ਗਿਆ ਤੇ ਕਾਂਵਾਂ ਨੇ ਵੀ ਇਹ ਸਮਝ ਲਿਆ ਕਿ ਇਹ ਅਧਮੋਇਆ ਹੋਇਆ ਹੈ ਤੇ ਲੇਕਿਨ ਆਪਣੇ ਅੰਦਰ ਦੇਖਦੇ ਨੇ ਕਿ ਕਾਂ ਚੁੰਝ ਮਾਰਦੇ ਨੇ ਮੁਰਦਾ ਦੇਖ ਕੇ। ਮੈਨੂੰ ਤਾਂ ਹਾਲੇ ਰੱਬ ਮਿਲਿਆ ਹੀ ਨਹੀਂ ਹੈ, ਮੈਂ ਸਫ਼ਰ ਵੀ ਬਹੁਤ ਕਰਿਆ। ਪੜ੍ਹਿਆ ਵੀ ਬਹੁਤ। ਵੱਡੇ-ਵੱਡੇ ਆਲਮਾਂ ਨੂੰ ਮਿਲਦਾ ਰਿਹਾ। ਲੇਕਿਨ ਫੇਰ ਮੈਂ ਜੋਹਦ ਵੀ ਕਰਿਆ ਕਿ ਅੰਦਰੋਂ ਪ੍ਰਗਟ ਕਰ ਲਵਾਂ। ਉਹ ਤਾਂ ਮਿਲਿਆ ਹੀ ਨਾ ਐਸੀ ਅਵਸਥਾ ਆਪ ਨੇ ਆਪਣੀ ਬਾਣੀ ਵਿਚ ਲਿਖੀ ਹੈ ਕਿ-

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥*

*ਅੰਗ- ੧੩੮੨*

ਕਿਉਂਕਿ ਲਗਨ ਵਾਲਾ ਸੀ। ਲਗਨ ਵਾਲਾ ਹੋਣ ਕਰਕੇ, ਐਸੀ ਅਵਸਥਾ ਉਸ ਦੇ ਸਰੀਰ ਦੀ ਹੋ ਗਈ। ਲੇਕਿਨ ਅੰਦਰ ਅਫ਼ਸੋਸ ਹੈ ਕਿ ਕਰਿਆ ਕੀ ਜਾਵੇ। ਐਨਾ ਖੇਦ ਵੀ ਸਹਿਆ, ਭੁੱਖਾ ਵੀ ਰਿਹਾ, ਪਰ ਮੈਨੂੰ ਤਾਂ ਹਾਲੇ ਤਕ ਰੱਬ ਮਿਲਿਆ ਹੀ ਨਹੀਂ। ਕਿਉਂਕਿ ਰਸਤੇ ਦਾ ਨਹੀਂ ਸੀ ਪਤਾ ਲਗ ਸਕਿਆ। ਇਹ ਤਾਂ ਪਤਾ ਲਗ ਗਿਆ ਸੀ ਕਿ ਰੱਬ ਅੰਦਰ ਹੈ। ਲੇਕਿਨ ਇਸ ਗੱਲ ਦਾ ਨਹੀਂ ਸੀ ਪਤਾ ਲੱਗਿਆ ਕਿ ਰੱਬ ਨੂੰ ਮਿਲਾਉਣ ਵਾਲੀ ਚਾਬੀ ਸੰਤਾਂ ਕੋਲ ਹੁੰਦੀ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ- ੨੦੫*

ਮਹਾਰਾਜ ਜੀ ਸ਼ਬਦ ਦੇ ਅੰਦਰ ਲਿਖਦੇ ਨੇ ਕਿ ਬੇਅੰਤ ਸਾਧਨ ਕੀਤੇ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥*

*ਅੰਗ- ੬੪੧*

ਨਿਉਲੀ ਕਰਮ ਵੀ ਕੀਤੇ। ਭੁਚੰਗਾ ਨਾੜੀ ਦਾ ਮੂੰਹ ਹਟਾ ਕੇ ਕੁੰਡਲਨੀ ਵੀ ਜਾਗ੍ਰਤ ਕਰੀ। ਪਰ ਅੰਦਰੋਂ ਤਾਂ ਕੋਈ ਫਰਕ ਨਾ ਪਿਆ -

*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥*

*ਅੰਗ- ੬੪੧*

ਉਸ ਤੋਂ ਵੀ ਜ਼ਿਆਦਾ ਬੱਝ ਗਿਆ ਕਿ ਮੈਂ ਤਾਂ ਐਨਾ ਜ਼ਬਰਦਸਤ ਸਾਧਨ ਕਰਿਐ। ਮੈਂ ਤਾਂ ਖਾਸ ਬੰਦਾ ਹਾਂ। ਬਣਿਆ ਨਾ ਕੰਮ। ਬੇਅੰਤ ਸਾਧਨ ਕਰੇ। ਅਖੀਰ ਦੇ ਉਤੇ ਮਹਾਰਾਜ ਕਹਿੰਦੇ ਨੇ ਕਿ ਸਭ ਤੋਂ ਵੱਡਾ ਜਿਹੜਾ ਸਾਧਨ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਜੇ ਕਿਸੇ ਨੂੰ ਹਰੀ ਦਾ ਕੀਰਤਨ ਪ੍ਰਾਪਤ ਹੋ ਜਾਵੇ ਤੇ ਸਾਧੂ ਦੀ ਸੰਗਤ ਹੋ ਜਾਵੇ। ਇਸ ਤੋਂ ਵੱਡਾ ਕਰਮ ਕੋਈ ਨਹੀਂ ਹੈ। ਲੇਕਿਨ ਇਹ ਹੁੰਦਾ ਨਹੀਂ। ***'ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥'*** ਇਹ ਹੁੰਦੀ ਉਸੇ ਨੂੰ ਹੈ ਜਿਹਦੇ ਮੱਥੇ ਦੇ ਵਿਚ ਲੇਖ ਲਿਖਿਆ ਹੁੰਦੈ। ਦੂਸਰਾ ਵਾਂਝਾ ਰਹਿ ਜਾਇਆ ਕਰਦੈ। ਸੋ ਮਿਲਿਆ ਨਾ, ਯਤਨ ਬਹੁਤ ਕਰਿਆ। ਉੱਤਮ ਜਗਿਆਸੂ ਸੀ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਉਹਨੇ ਤਾਂ ਫੇਰ ਵੀ ਤਲਾਸ਼ ਕਰ ਲਈ ਤੇ ਗੁਰੂ ਪਦਵੀ ਪ੍ਰਾਪਤ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਬਿਰਾਜਮਾਨ ਹੋਏ। ਤੁਹਾਡੇ ਵਰਗਾ ਹੀ ਬੰਦਾ ਸੀ ਕੋਈ ਖਾਸ ਨਹੀਂ ਸੀ। ਇਥੇ ਹੀ ਪੜ੍ਹਿਆ ਲਿਖਿਆ, ਇਥੇ ਹੀ ਮਿਹਨਤ ਕਰੀ। ਉਹਦੇ ਵਿਚ ਤੇ ਸਾਡੇ ਵਿਚ ਕੀ ਫਰਕ ਹੈ। ਉਹਦੇ ਅੰਦਰ ਇਕ ਲਗਨ ਸੀ ਜ਼ਬਰਦਸਤ। ਸਾਡੇ 'ਚ ਉਸ ਲਗਨ ਦੀ ਅਣਹੋਂਦ ਹੈ। ਸਾਡਾ ਮਨ ਇਸ ਚੀਜ਼ ਵਲ ਨੂੰ ਨਹੀਂ ਝੁਕਿਆ ਹੋਇਆ ਕਿ ਪ੍ਰਮੇਸ਼ਰ ਨੂੰ ਮਿਲਣੈ। ਇਹਦੀ ਥਾਂ 'ਤੇ

ਖੱਚਤ ਹੋ ਗਿਆ ਮਾਇਆ ਦੇ ਵਿਚ। ਹੋਰ ਪਾਸੇ ਨੂੰ ਚੱਲ ਪਿਆ। ਸੋ ਵਕਤ ਲੰਘ ਜਾਂਦੈ। ਮਹਾਰਾਜ ਕਹਿੰਦੇ, ਸੰਸਾਰ ਤੋਂ ਤਾਂ ਜਾਣਾ ਹੀ ਜਾਣਾ ਹੈ। ਤੇਰੇ ਸਾਥੀ ਤੈਨੂੰ ਛੱਡ ਗਏ। ਤੇਰੀ ਵੀ ਵਾਰੀ ਆਉਣ ਵਾਲੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ।*
*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- ੧੩੮੧*

ਕੰਨਾਂ ਨੂੰ ਸੁਣਦਾ ਨਹੀਂ, ਮੂਹਰੇ ਹੱਥ ਰਖਦੈ ਕੰਨਾਂ ਦੇ ਕੋਲ। ਭਾਈ, ਫੇਰ ਕਹੀਂ ਮੈਨੂੰ ਸੁਣਿਆ ਨਹੀਂ ਹੈ। ਸਮਝਿਆ ਨਹੀਂ। ਅੱਖਾਂ ਦੇਖਦੀਆਂ ਨਹੀਂ, ਬੋਲਦੈ ਕੋਲ ਖੜ੍ਹਾ ਬੰਦਾ, ਪਛਾਨਿਆ ਨਹੀਂ ਜਾਂਦਾ। ਜ਼ੁਬਾਨ ਸਾਥ ਨਹੀਂ ਦਿੰਦੀ, ਥਿੜਕਦੀ ਹੈ, ਬੋਲਦੀ ਨਹੀਂ ਹੈ। ਬੋਲਣ ਦੀ ਸ਼ਕਤੀ ਮੱਧਮ ਪੈ ਗਈ। ਕਮਜ਼ੋਰ ਹੋ ਗਈ। ਚੱਲਣ-ਫਿਰਨ ਦੀ ਸ਼ਕਤੀ ਘਟ ਗਈ। ਹੱਥ ਚੀਜ਼ ਨੂੰ ਚੁੱਕਦੇ ਨਹੀਂ। ਬਾਬਾ ਫਰੀਦ ਜੀ ਪਏ ਨੇ ਤੇ ਪਾਣੀ ਦੀ ਪਿਆਸ ਲੱਗੀ। ਲੇਕਿਨ ਉੱਠਣ ਦੀ ਹਿੰਮਤ ਨਹੀਂ ਪਈ, ਕੋਈ ਆਵੇ ਤਾਂ ਉਠਾਵੇ, ਪਾਣੀ ਦੇਵੇ। ਪਾਣੀ ਦਾ ਜਿਹੜਾ ਬਰਤਨ ਹੈ ਉਹ ਨੇੜੇ ਹੀ ਪਿਐ। ਉਸ ਵੇਲੇ ਧਿਆਨ ਆ ਗਿਆ ਆਪਣੇ ਪਿਛੋਕੜ 'ਤੇ -

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ਅੰਗ- ੧੩੭੮*

ਆਹ ਛੋਟੀਆਂ ਲੱਤਾਂ ਦੇ ਨਾਲ ਪੈਦਲ ਚੱਲ-ਚੱਲ ਕੇ ਕਿੱਥੇ ਅੱਧੀ ਦੁਨੀਆਂ, ਟਰਕੀ ਤੋਂ ਵੀ ਅਗਾਂਹਾਂ ਤਕ ਬਾਬਾ ਫਰੀਦ ਗਿਐ ਯੂਰਪ ਦੇ ਵਿਚ। ਇਧਰ ਬ੍ਰਹਮਾ ਦੇ ਜੰਗਲਾਂ ਦੇ ਵਿਚ ਬਾਬਾ ਜੀ ਘੁੰਮਦੇ ਰਹੇ ਨੇ। ਜਿਹੜੇ ਫਰੀਦ ਸਾਨੀ ਸੀ ਉਹਨੇ ਵੀ ਇਹੋ ਜਿਹਾ ਜੋਹਦ ਕਰਿਆ, ਉਹ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਆਸਾਮ ਦੇ ਜੰਗਲਾਂ 'ਚ ਮਿਲਿਆ।

ਕਹਿਣ ਲੱਗੇ, ਕਿੰਨਾਂ ਮੈਂ ਤੁਰਿਆ ਫਿਰਿਆ। ਅੱਜ ਕਿੰਨੀ ਤਾਕਤ ਘਟ ਗਈ ਕਿ ਉੱਠ ਕੇ ਪਾਣੀ ਵੀ ਨਹੀਂ ਪੀ ਹੁੰਦਾ। ਸੋ ਇਹ ਹਾਲ ਆਦਮੀ ਦਾ ਹਰੇਕ ਦਾ ਹੀ ਹੁੰਦੈ ਕਿਉਂਕਿ ਸਰੀਰ ਰੂਪੀ ਚੋਲਾ ਜਿਹੜਾ ਹੈ, ਉਹ ਪੁਰਾਣਾ ਹੋ ਜਾਂਦੈ। ਜਦੋਂ ਪੁਰਾਣਾ ਚੋਲਾ ਹੋ ਗਿਆ। ਪਹਿਲਾਂ ਬਚਪਨ ਹੁੰਦੈ, ਫੇਰ ਉਮੀਦ ਕਰਦੈ ਕਿ ਜਵਾਨ ਹੋਵਾਂਗਾ। ਬਚਪਨ ਨੂੰ ਜਵਾਨੀ ਖਾ ਜਾਂਦੀ ਹੈ। ਜਵਾਨ ਹੁੰਦੈ ਤੇ ਫੇਰ ਕਹਿੰਦੈ ਬੁਢਾਪੇ 'ਚ ਆਵਾਂਗਾ। ਬੁਢਾਪੇ 'ਚ ਆਉਂਦੈ, ਤਕੜਾ ਰਹਿੰਦੈ ਬਹੁਤ ਦੇਰ ਕਿ ਹੌਲੀ-ਹੌਲੀ ਥੱਲੇ ਨੂੰ ਆਉਂਦੈ। ਸੋਟੀ ਹੱਥ 'ਚ ਫੜ ਲੈਂਦੈ। ਉਹਦੇ ਆਸਰੇ ਤੁਰਦੈ। ਫੇਰ ਉਸ ਤੋਂ ਅਗਾਂਹਾਂ ਤਾਂ ਕੋਈ ਅਵਸਥਾ ਹੀ ਨਹੀਂ ਹੈ। ਫੇਰ ਤਾਂ ਇੰਤਜ਼ਾਰ ਹੀ ਇੰਤਜ਼ਾਰ ਹੈ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਭਇਆ ਪੁਰਾਣਾ ਚੋਲਾ ਜੀ,*
*ਦਿਨ ਥੋੜ੍ਹੇ ਰਹਿ ਗਏ।*
*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਨਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*
*ਅੰਗ- ੨੩*

ਬਹੁਤਾ ਚਿਰ ਨਹੀਂ ਰਿਹਾ ਕਰਦਾ। ਧਨ ਦਾ ਵੀ ਕੋਈ ਇਤਬਾਰ ਨਹੀਂ, ਅੱਜ ਹੈ ਕੱਲ੍ਹ ਨੂੰ ਨਾ ਹੋਵੇ। ਜੋਬਨ ਦਾ ਤਾਂ ਪਤਾ ਹੀ ਹੈ ਸਾਰਿਆਂ ਨੂੰ ਕਿ ਥੋੜ੍ਹੇ ਦਿਨ ਦਾ ਚਮਤਕਾਰ ਹੁੰਦੈ। ਫੇਰ ਇਹ ਵੀ ਖਤਮ ਹੋ ਜਾਂਦੈ। ਫੁੱਲ ਵੀ, ਜਿਹੜੀ ਫੁਲਵਾੜੀ ਲੱਗੀ ਹੁੰਦੀ ਹੈ ਇਹ ਵੀ ਆਪਣੇ ਸਮੇਂ ਦੇ ਉਤੇ ਮੁਰਝਾ ਜਾਂਦੀ ਹੈ। ਸੋ ਜੀਵਨ ਦਾ ਐਸਾ ਹਾਲ ਮਹਾਰਾਜ ਦਸਦੇ ਨੇ, ਚਲਿਆ ਜਾਂਦੈ, ਤੇ ਸਦੀਵੀ ਨਹੀਂ ਇਹ ਹੋਇਆ ਕਰਦਾ।

*ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਵਾੜੀਆਂ,*
*ਖਿੜੀਆਂ ਨਾ ਸਦਾ ਰਹਿੰਦੀਆਂ।*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ਅੰਗ- ੨੩*

ਫੇਰ ਕੀ ਹੁੰਦੈ? ਫੇਰ ਇਸ ਥਾਂ ਤੋਂ ਇਸ ਦੇ ਦੋ ਹਿੱਸੇ ਨੇ। ਇਕ ਤਾਂ ਉਹ ਹੈ ਜਿਹਨੂੰ ਮੈਂ-ਮੈਂ ਕਹਿੰਦੈ, ਮੇਰਾ ਨਾਉਂ ਫਲਾਣੈ, ਮੈਂ ਫਲਾਣੇ ਥਾਉਂ ਦਾ ਹਾਂ, ਫਲਾਣਾ ਮੇਰਾ ਪਿੰਡ ਹੈ। ਇਹ ਹਿੱਸਾ ਤਾਂ ਦਿਸਦਾ ਹੈ ਇਹਦੇ ਵਿਚ ਪੰਜ ਤੱਤਾਂ ਦੀ ਇਕ ਸੂਰਤ ਹੁੰਦੀ ਹੈ ਇਕ ਬਣੀ ਹੋਈ। ਉਹਦਾ ਨਾਉਂ ਹੁੰਦੈ, ਉਹਦੀ ਸ਼ਕਲ ਹੁੰਦੀ ਹੈ ਉਹਨੂੰ ਮੈਂ ਕਹਿੰਦੈ ਗਲਤੀ ਦੇ ਨਾਲ। ਉਹ ਜਦੋਂ ਇਥੋਂ ਚਾਲੇ ਪਾਉਂਦੈ ਤਾਂ ਇਹ ਤਾਂ ਨਾਲ ਨਹੀਂ ਜਾਂਦੀ। ਇਹ ਤਾਂ ਇਥੇ ਹੀ ਕੋਈ ਜਾਲ ਦਿੰਦੈ, ਕੋਈ ਪਾਣੀ ਵਿਚ ਸੁੱਟ ਦਿੰਦੈ। ਕੋਈ ਕੁਛ ਕਰਦੈ, ਕੋਈ ਦੱਬ ਦਿੰਦੈ। ਪਾਣੀ-ਪਾਣੀ 'ਚ ਜਾ ਰਲਦੈ। ਹਵਾ-ਹਵਾ 'ਚ ਜਾ ਰਲਦੀ ਹੈ, ਅੱਗ-ਅੱਗ 'ਚ ਜਾ ਰਲਦੀ ਹੈ, ਮਿੱਟੀ-ਮਿੱਟੀ 'ਚ ਜਾ ਰਲਦੀ ਹੈ। ਅਕਾਸ਼ ਪਹਿਲਾਂ ਹੀ ਅਕਾਸ਼ 'ਚ ਰਲਿਆ ਹੁੰਦੈ। ਦੂਸਰਾ ਹਿੱਸਾ ਇਹਦਾ ਉਹ ਹੈ ਜਿਹੜਾ ਮਰਦਾ ਨਹੀਂ ਹੈ। ਉਹ ਪੰਡਾਂ ਚੁੱਕਦੈ। ਚਾਹੇ ਚੰਗਿਆਈ ਦੀਆਂ ਚੁੱਕੇ, ਚਾਹੇ ਬੁਰਿਆਈ ਦੀਆਂ ਚੁੱਕੇ, ਇਥੋਂ ਫੇਰ ਕਿਸੇ ਹੋਰ ਦੇਸ਼ ਵਿਚ ਇਹਨੂੰ ਲਿਜਾਇਆ ਜਾਂਦੈ। ਲਿਜਾਣ ਵਾਲੇ ਆ ਜਾਂਦੇ ਨੇ, ਆ ਕੇ ਮੂੰਹ ਦਿਖਾ ਦਿੰਦੇ ਨੇ ਕਿ ਅਸੀਂ ਆ ਗਏ ਪਿਆਰਿਆ! ਤੂੰ ਹੁਣ ਇਥੇ ਨਹੀਂ ਰਹਿਣਾ, ਤੇਰਾ ਸਰੀਰ ਤਾਂ ਇਥੇ ਹੀ ਰਹੇਗਾ ਤੇ ਤੂੰ ਜਿਹੜਾ ਵਿਚ ਵਸਦੈਂ। ਜਿਹਨੇ ਸਾਰੀ ਜ਼ਿੰਦਗੀ ਆਪਣਾ ਧਿਆਨ ਨਹੀਂ ਸੀ ਕਰਿਆ ਕਿ ਮੈਂ ਵੀ ਹੈਗਾ ਕੁਛ। ਅੱਜ ਲੱਗ ਗਿਆ ਨਾ ਪਤਾ ਕਿ ਤੂੰ ਹੈਗਾ। ਇਹਨੂੰ ਹੀ ਕਹੀ ਜਾਂਦਾ ਸੀ ਜਿਹੜਾ ਅਰਥੀ 'ਤੇ ਲੰਮਾ ਪਿਐ। ਇਹਨੂੰ ਹੀ ਮੰਨਦਾ ਰਿਹਾ ਕਿ ਮੈਂ ਹਾਂ। ਆਹ ਦੇਖ ਲੈ

ਇਹਦਾ ਕੀ ਹਸ਼ਰ ਹੁੰਦੈ। ਚੁੱਕ ਕੇ ਲੈ ਜਾਂਦੇ ਨੇ। ਧਰ ਦਿੰਦੇ ਨੇ ਚਿਖਾ 'ਤੇ ਅੱਗ ਲਾ ਦਿੰਦੇ ਨੇ। ਕਹਿੰਦੇ, ਆਹ ਦੇਖ ਲੈ ਇਹਨੂੰ ਤੂੰ ਮੈਂ-ਮੈਂ ਕਰਦਾ ਰਿਹਾ। ਇਹਨੂੰ ਹੀ ਸ਼ਿੰਗਾਰਦਾ ਰਿਹਾ, ਸ਼ੀਸ਼ਿਆਂ ਦੇ ਸਾਮ੍ਹਣੇ ਖੜ੍ਹ-ਖੜ੍ਹ ਕੇ, ਇਹਨੂੰ ਹੀ ਕਪੜੇ ਲੈ ਕੇ ਪੁਆਉਂਦਾ ਰਿਹਾ। ਇਹਨੂੰ ਹੀ ਸੋਹਣੇ ਤੋਂ ਸੋਹਣਾ ਖਾਣਾ ਖੁਆਉਂਦਾ ਰਿਹਾ। ਇਹਨੂੰ ਹੀ ਸੁਆਦ ਲਾਉਂਦਾ ਰਿਹਾ ਮਾਸ-ਮੱਛੀਆਂ ਸ਼ਰਾਬ-ਕਬਾਬ ਦੇ ਨਾਲ ਤੇ ਇਹਦਾ ਤਾਂ ਅੰਤ ਹੀ ਹੋ ਗਿਆ, ਇਹ ਤਾਂ ਰਹਿ ਗਿਆ ਇਥੇ ਤੇ ਜਿਹੜੇ ਇਹਦੇ ਨਾਲ ਕੰਮ ਤੂੰ ਗਲਤ ਕਰੇ ਨੇ, ਉਹ ਪੈ ਗਏ ਤੇਰੇ ਗਲ। ਹੁਣ ਤੈਨੂੰ ਲੇਖਾ ਦੇਣਾ ਪੈਣੈ। ਇਥੋਂ ਜਾਣਾ ਪੈਣੈ। ਆ ਜਾਂਦੇ ਨੇ -

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ ॥* *ਅੰਗ- ੭੮*

ਹੁਣ ਝਾਕਦੈ ਕਿ ਮੈਨੂੰ ਜੇ ਪਹਿਲਾਂ ਪਤਾ ਹੁੰਦਾ, ਕੋਈ ਦਸ ਦਿੰਦਾ। ਫੇਰ ਮੈਂ ਕਾਹਨੂੰ ਗਲਤੀ ਕਰਦਾ। ਮੈਂ ਤਾਂ ਭੁਲੇਖੇ ਨਾਲ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਦਾ ਰਿਹਾ। ਇਹ ਤਾਂ ਜੜ੍ਹ ਹੈ। ਮੈਂ ਤਾਂ ਇਹਨੂੰ ਛੱਡ ਕੇ ਪਾਸੇ ਹੋ ਗਿਆ ਤੇ ਜਿਹੜਾ ਕੰਮ ਮੈਂ ਕਰਨਾ ਸੀ ਉਹ ਮੈਂ ਕਰਿਆ ਨਹੀਂ। ਸੋ ਮਹਾਰਾਜ ਕਹਿੰਦੇ, ਪਿਆਰਿਆ! ਸੰਤ ਤੈਨੂੰ ਅਵਾਜ਼ਾਂ ਮਾਰਦੇ ਰਹੇ। ਉੱਚੀ-ਉੱਚੀ ਬੋਲ-ਬੋਲ ਕੇ ਦਸਦੇ ਰਹੇ -

*ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥*
*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥ ੧੪ ॥*
*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਪਰ ਤੂੰ ਧਿਆਨ ਦਿਤੈ ਉਹਨਾਂ ਦੇ ਬਚਨਾਂ ਦੇ ਉਤੇ? ਨਾ ਬਿਲਕੁਲ ਨਹੀਂ ਦਿਤਾ। ਕਿਉਂ ਨਹੀਂ ਦਿਤਾ? ਆਪਣੇ ਆਪ ਵਿਚ ਹੀ ਰਿਹਾ ਕਿ ਮੈਨੂੰ ਆਹ ਚਾਹੀਦੈ, ਆਹ ਚਾਹੀਦੈ। ਰੱਬ ਨੂੰ ਤਾਂ ਪਛਾਣਿਆ ਨਾ। ਜਿਹੜਾ ਕੰਮ ਕਰਨਾ ਸੀ ਉਹ ਤਾਂ ਤੂੰ ਕੀਤਾ ਹੀ ਨਾ ਤੇ ਹੁਣ ਕੀ ਕਰੇਂਗਾ -

*ਧਾਰਨਾ - ਸਿਮਰਨ ਭਜਨ ਦਇਆ ਨਹੀਂ ਕੀਨੀ,*
*ਕਿਆ ਮੁਖ ਲੈ ਕੇ ਜਾਏਂਗਾ।*

ਕਿਹੋ ਜਿਹਾ ਮੁਖ ਲੈ ਕੇ ਜਾਏਂਗਾ ਕਿਉਂਕਿ ਉਥੇ ਲੇਖਾ ਮੰਗਿਆ ਜਾਣੈ। ਨਾ ਸਿਮਰਨ ਕਰਿਐ ਵਾਹਿਗੁਰੂ ਦੀ ਯਾਦ ਦੇ ਵਿਚ, ਨਾ ਭਜਨ ਕਰਿਐ ਤੇ ਨਾ ਦਇਆ ਦੇ ਕੰਮ ਕੀਤੇ ਨੇ, ਨੇਕੀ ਦੇ ਕੰਮ ਕੀਤੇ ਨੇ। ਉਥੇ ਤਾਂ ਫੇਰ ਚੋਟਾਂ ਖਾਣੀਆਂ ਪੈਣੀਆਂ ਨੇ ਫੇਰ ਪਿਆਰਿਆ! -

*ਰਾਮੁ ਸਿਮਰੁ ਪਛੁਤਾਹਿਗਾ ਮਨ ॥* *ਅੰਗ - ੧੧੦੬*

ਸੰਤਾਂ ਦਾ ਬਚਨ ਮੰਨ ਲੈ। ਪ੍ਰਮੇਸ਼ਰ ਨੂੰ ਯਾਦ ਕਰ, ਨਹੀਂ ਤਾਂ ਤੈਨੂੰ ਪਛਤਾਉਣਾ ਪੈ ਜਾਣੈ ਕਿਉਂਕਿ ਇਥੇ ਰਹਿਣਾ ਤਾਂ ਹੈ ਨਹੀਂ। ਪਹਿਲੇ ਵੀ ਚਲੇ ਗਏ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ ੭੩ ॥*
*ਅੰਗ- ੧੩੮੧*

ਕਿੱਥੇ ਗਏ ਜਿਹੜੇ ਗੋਦੀ ਚੁੱਕ ਕੇ ਖਿਡਾਉਂਦੇ ਸੀ, ਉਂਗਲੀ ਫੜ ਕੇ ਲਿਜਾਂਦੇ ਸੀ ਮੇਲਿਆਂ ਨੂੰ। ਸਕੂਲਾਂ 'ਚ ਛੱਡਣ ਜਾਂਦੇ ਸੀ ਉਂਗਲੀ ਫੜ ਕੇ। ਮੋਢਿਆਂ 'ਤੇ ਚੁੱਕੀਂ ਫਿਰਦੇ ਸੀ ਉਹ ਗਏ ਕਿੱਥੇ। ਜਿੱਥੇ ਉਹ ਚਲੇ ਗਏ ਤੂੰ ਵੀ ਇਵੇਂ ਜਿਵੇਂ ਖਤਮ ਹੋ ਜਾਣੈ। ਚਲਿਆ ਜਾਣੈ, ਥੋੜ੍ਹੇ ਦਿਨ ਦਾ ਚਮਤਕਾਰਾ ਹੈ। ਪਛਤਾਵਾ ਰਹਿ ਜਾਏਗਾ, ਮਨ ਦੇ ਅੰਦਰ। ਇਸ ਕਰਕੇ ਭਜਨ ਕਰ। ਲੋਭ ਦੇ ਵਿਚ ਕਰ ਰਿਹੈਂ, ਪਾਪ ਕਰ ਰਿਹੈਂ, ਆਹ ਵੀ ਮਿਲ ਜਾਏ, ਉਹਦਾ ਵੀ ਮਿਲ ਜਾਏ ਵਿਉਂਤਾਂ ਬਣਾਉਂਦੈ। ਕਰੇਂਗਾ ਕੀ ਉਹ ਤਾਂ ਇਥੇ ਹੀ ਰਹਿ ਜਾਣੈ, ਸਾਰਾ ਕੁਛ। ਲੋਭ ਦੇ ਵਿਚ ਪਾਪ ਕਰਦੈ, ਰਿਸ਼ਵਤਾਂ ਲੈਨੈ, ਧੋਖੇ ਦਿੰਦੈਂ, ਦੂਜੇ ਦੀ ਜਾਇਦਾਦ ਦਬਦੈਂ, ਚੋਰੀਆਂ ਕਰਦੈਂ -

*ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥*
*ਅੰਗ - ੧੧੦੬*

ਇਥੇ ਕੋਈ ਰਹਿਣ ਦਾ ਥਾਉਂ ਥੋੜ੍ਹੈ ਕਿ ਲੈ ਲਿਆ ਕਿ ਮੌਜਾਂ ਕਰਾਂਗੇ -

*ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ॥*
*ਧਨ ਜੋਬਨ ਕਾ ਗਰਬੁ ਨ ਕੀਜੈ*
*ਕਾਗਦ ਜਿਉ ਗਲਿ ਜਾਹਿਗਾ ॥* *ਅੰਗ- ੧੧੦੬*

ਕਾਹਦਾ ਗਰਬ ਹੈ ਇਥੇ। ਰੋਜ਼ ਪੜ੍ਹ ਲਓ ਅਖਬਾਰਾਂ ਦੇ ਅੰਦਰ। ਅੱਜ ਕੋਈ ਬਰਾਤ ਜਾ ਰਹੀ ਸੀ ਟੱਕਰ ਹੋ ਗਈ ਤੇ 20 ਬਰਾਤੀ ਉਥੇ ਹੀ ਮਰ ਗਏ। ਦੱਸੋ ਕਾਹਦਾ ਗਰਬ ਹੈ। ਕੱਲ੍ਹ ਵੀ ਐਸੀ ਹੀ ਖਬਰ ਸੀ ਕਿ ਕਿਤੇ ਅੱਗ ਲਗ ਗਈ, ਧਨ ਦਾ ਕਾਹਦਾ ਗਰਬ ਕਰਦੈਂ ਉਹ ਸਾਰਾ ਹੀ ਜਲ ਗਿਆ। ਕਹਿੰਦੇ, ਅਰਬਾਂ ਰੁਪਏ ਦੀਆਂ ਹਜ਼ਾਰ ਦੁਕਾਨਾਂ ਜਲ ਗਈਆਂ ਦਿੱਲੀ 'ਚ। ਗਰਬ ਕਾਹਦਾ, ਜੇ ਤਾਂ ਵਾਹਿਗੁਰੂ ਦੀ ਮਿਹਰ ਹੈ ਤਾਂ ਤੇਰੇ ਕੋਲ ਹੈ, ਨਹੀਂ ਤਾ ਤੇਰੇ ਕੋਲ ਵੀ ਨਹੀਂ ਹੈ। ਫੇਰ ਉਸ ਤੋਂ ਬਾਅਦ ਜਿਵੇਂ ਕਾਗਜ਼ ਗਲਦੈ, ਇਸ ਤਰ੍ਹਾਂ ਗਲ ਜਾਏਂਗਾ। ਸਰੀਰ ਦੀ ਮਜ਼ਬੂਤੀ ਕੁਛ ਕੰਮ ਨਹੀਂ ਦਿੰਦੀ ਜੇ ਅਧਰੰਗ ਹੋ ਜਾਏ, ਗਿਰ ਜਾਂਦੈ ਥੱਲੇ ਉਥੇ ਹੀ। ਹਾਰਟ 'ਚ ਨੁਕਸ ਪੈ ਜਾਏ, ਗਿਆ ਆਇਆ। ਫੇਰ ਇਥੋਂ ਜਦੋਂ ਜਾਂਦੈ ਉਹ ਫੜਿਆ ਹੋਇਐ ਕੇਸਾਂ ਤੋਂ। ਛੁਟ ਨਹੀਂ ਸਕਦਾ -

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅੰਗ - ੪੬੪*

ਕਿਹੋ ਜਿਹੀ ਹਾਲਤ ਹੋਣੀ ਹੈ ਜਿਸ ਵਕਤ ਸੰਗਲ ਪਾਉਣੇ ਨੇ। ਕੋਈ ਹੈ ਛੁਡਾਉਣ ਵਾਲਾ? ਐਸਾ ਫੁਰਮਾਨ

ਕਰਦੇ ਨੇ -

*ਧਾਰਨਾ - ਦਰਗਾਹ ਵਿਚ ਓ ਸੰਗਲ ਪੈਣਗੇ,*
*ਓਥੇ ਕੌਣ ਛਡਾਊ ਤੇਰਾ ਦਰਦੀ।*

*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*

*ਅੰਗ- ੪੭੧*

ਜਾਣਾ ਹੀ ਪੈਣੈ -

*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*

*ਅੰਗ- ੪੬੪*

ਸੰਗਲ ਪਾ ਲਏ ਗਲ 'ਚ ਜਿਵੇਂ ਪਸ਼ੂਆਂ ਦੇ ਪਾਉਂਦੇ ਨੇ। ਨਾ ਉਥੇ ਸਰਦਾਰ ਬਹਾਦਰੀ, ਨਾ ਉਥੇ ਕਿਸੇ ਨੇ ਵੱਡਾ ਅਫਸਰ ਪੁੱਛਣੈ। ਕੁਛ ਨਹੀਂ ਪੁੱਛਣਾ, ਉਹ ਤਾਂ ਲੋਕ ਹੀ ਹੋਰ ਹੈ, ਜਿਥੋਂ ਆਉਂਦੇ ਨੇ, ਆ ਕੇ ਫੜ ਕੇ ਲੈ ਜਾਂਦੇ ਨੇ। ਫੇਰ ਕਹਿੰਦੇ, ਉਥੇ ਕੀ ਕਰੇਂਗਾ? -

*ਜਉ ਜਮੁ ਆਇ ਕੇਸ ਗਹਿ ਪਟਕੈ*
*ਤਾ ਦਿਨ ਕਿਛੁ ਨ ਬਸਾਹਿਗਾ ॥ ਅੰਗ- ੧੧੦੬*

ਤੇਰਾ ਬਲ ਨਹੀਂ ਚੱਲਣਾ -

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ ॥ ਅੰਗ- ੭੮*

ਉਹਨਾਂ ਦੇ ਹੱਥ 'ਚੋਂ ਕੌਣ ਬਚਾ ਲਊ। ਕੋਈ ਮਹਾਂਪੁਰਸ਼ ਬੰਦਗੀ ਵਾਲਾ, ਮਹਾਂਪੁਰਸ਼ ਦੀ ਦਇਆ ਹੋਵੇ ਉਹ ਛੁਡਾ ਲੈਂਦੈ। ਹੋਰ ਕਿਸੇ ਦਾ ਹੱਥ ਉਥੇ ਪਹੁੰਚਦਾ ਨਹੀਂ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ- ੧੨੮੧*

ਸਾਡੇ ਹੀ ਪਿੰਡ ਦਾ ਇਕ ਬੰਦਾ, ਇਕ ਵਾਰੀ ਮੈਂ ਸੜਕ 'ਤੇ ਖੜ੍ਹਾ ਸੀ, ਉਥੇ ਦਾ ਹੀ ਲਾਲਾ ਸੀ, ਅਮਰਨਾਥ। ਮੈਨੂੰ ਦੱਸਣ ਲੱਗ ਗਿਆ ਕਿ ਮੈਂ ਚੜ੍ਹਾਈ ਕਰ ਗਿਆ ਸੀ, ਅਰਥੀ 'ਤੇ ਪਾ ਲਿਆ। ਬਹੁਤ ਭਿਆਨਕ ਜਮਦੂਤ, ਮੈਂ ਦੇਖ ਕੇ ਡਰ ਗਿਆ। ਕੁਛ ਨਾ ਮੇਰਾ ਵਸ ਚੱਲੇ। ਬਹੁਤ ਮੈਂ ਅਰਦਾਸਾਂ ਕਰਾਂ। ਕਹਿੰਦਾ, ਮੇਰੇ ਧਿਆਨ 'ਚ ਆ ਗਿਆ ਕਿ ਜਦੋਂ ਮੈਂ ਆਪਣੇ ਸਹੁਰੇ ਘਣਸਾਂ ਨੂੰ ਜਾਂਦਾ ਹੁੰਦਾ ਤਾਂ ਮੈਂ ਮਹਾਰਾਜ ਜੀ ਨੂੰ ਜਾਂਦਾ-ਜਾਂਦਾ ਰਾੜਾ ਸਾਹਿਬ ਨਮਸ਼ਕਾਰ ਕਰਕੇ ਜਾਂਦਾ ਹੁੰਦਾ। ਵਕਤ ਦੇ ਮਹਾਂਪੁਰਸ਼ ਨੇ, ਪੁਕਾਰ ਕਰੀ ਕਿ ਮਹਾਰਾਜ ਮੇਰਾ ਆਹ ਕੀ ਹਾਲ ਹੋ ਗਿਆ। ਮੈਂ ਤੁਹਾਡੇ ਦਰਸ਼ਨ ਕਰਦਾ ਰਿਹਾਂ। ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਇਕ ਦਮ ਆ ਗਏ ਉਸੇ ਮੰਡਲ ਦੇ ਅੰਦਰ। ਜਮਦੂਤਾਂ ਨੂੰ ਕਹਿੰਦੇ, ਛੱਡ ਦਿਓ ਇਹਨੂੰ ਕਿਉਂ ਲਈਂ ਜਾਂਦੇ ਹੋਂ। ਅਜੇ ਤਾਂ ਇਹਦੀ ਛੇ-ਸੱਤ ਸਾਲ ਉਮਰ ਬਾਕੀ ਬਚਦੀ ਹੈ। ਉਹਨਾਂ ਨੇ ਛੱਡ ਦਿਤਾ।

ਕਹਿੰਦਾ, ਉਸ ਵੇਲੇ ਮੈਂ ਕਿਹਾ, ਮਹਾਰਾਜ! ਮੇਰੀ 25 ਵਿੱਘੇ ਜ਼ਮੀਨ ਹੈ। ਬਾਗ ਲੱਗਿਆ ਹੋਇਐ ਮੈਂ ਆਪ ਦੇ ਚਰਨਾਂ 'ਚ ਭੇਟਾ ਕਰਦਾਂ। ਮੈਨੂੰ ਉਠਾ ਲਿਆ ਅਰਥੀ ਤੋਂ 'ਤੇ ਖੁਸ਼ੀ ਹੋਈ ਸਾਰੇ ਘਰ 'ਚ।

ਮੈਂ ਗੱਲ ਦੱਸੀ। ਕਹਿਣ ਲੱਗੇ, ਕੋਈ ਗੱਲ ਨਹੀਂ। ਤੇਰੀ ਲੋੜ ਹੈ, ਜ਼ਮੀਨ ਦੀ ਲੋੜ ਨਹੀਂ। ਸਵਾ ਮਹੀਨੇ ਤੋਂ ਬਾਅਦ ਮੈਂ ਰਾੜਾ ਸਾਹਿਬ ਪਹੁੰਚਿਆ। ਉਥੇ ਮਹਾਂਪੁਰਸ਼ਾਂ ਨੂੰ ਮਿਲਿਆ। ਕਹਿਣ ਲੱਗੇ, ਛੋਟੇ ਮਹਾਂਪੁਰਸ਼ਾਂ ਕੋਲ ਚਲਿਆ ਜਾਹ। ਉਥੇ ਆ ਗਿਆ, ਸਾਰੀ ਗੱਲ ਉਥੇ ਦੱਸੀ। ਉਹ ਕਹਿਣ ਲੱਗੇ, ਲੈ ਬਈ ਲਾਲਾ! ਅਸੀਂ ਜ਼ਮੀਨ ਤਾਂ ਨਹੀਂ ਵਾਹੁਣ ਜਾਣਾ। ਮੁੱਲ ਪਾ ਦਿੰਦੇ ਹਾਂ। 25 ਵਿੱਘੇ ਦੇ, ਸੌ ਰੁਪਏ ਵਿੱਘੇ ਦੇ ਹਿਸਾਬ ਨਾਲ ਤੂੰ ਇਥੇ ਖਰਚ ਕਰ ਦੇ। 2500 ਰੁਪਿਆ ਉਹਨੇ ਉਥੇ ਖਰਚ ਕਰ ਦਿਤਾ। ਕਿਤੇ ਨਾਉਂ ਨਹੀਂ ਸੀ ਲਿਖਿਆ ਹੁੰਦਾ ਕਿ ਧਮੋਟ ਵਾਲੇ ਅਮਰਨਾਥ ਨੇ 2500 ਰੁਪਈਏ ਨਾਲ ਸੇਵਾ ਕਰਾਈ। ਕਿਉਂਕਿ ਉਹਦੇ ਪਿੱਛੇ ਇਕ ਵੱਡਾ ਇਤਿਹਾਸ ਛੁਪਿਆ ਹੋਇਆ ਸੀ। ਬਹੁਤ ਵੱਡੀ ਬਾਤ ਸੀ। ਉਹ ਤਾਂ ਛੁਡਾ ਦਿੰਦੈ। ਹੋਰ ਤਾਂ ਕਿਸੇ ਦਾ ਹੱਥ ਪਹੁੰਚਿਆ ਨਾ ਉਥੇ -

*ਜਉ ਜਮੁ ਆਇ ਕੇਸ ਗਹਿ ਪਟਕੈ*
*ਤਾ ਦਿਨ ਕਿਛੁ ਨ ਬਸਾਹਿਗਾ ॥ ਅੰਗ- ੧੧੦੬*

ਫੇਰ ਨਹੀਂ ਤੇਰਾ ਵਸ ਚੱਲਣਾ।

*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ ॥ ਅੰਗ- ੧੧੦੬*

ਕਿਉਂਕਿ ਜਿਹੜਾ ਕੰਮ ਕਰਨ ਆਇਆ ਸੀ, ਉਹ ਤਾਂ ਕਰਿਆ ਨਹੀਂ। ਹੁਣ ਉਥੇ ਚੋਟਾਂ ਪੈਂਦੀਆਂ ਨੇ।

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*

*ਅੰਗ- ੧੪੨੫*

ਔਖਾ ਹੋ ਜਾਂਦੈ ਲੇਖਾ ਦੇਣਾ। ਕਿਉਂਕਿ ਉਹ ਕੰਮ ਕਰਿਆ ਨਹੀਂ ਜਿਹਦੇ ਵਾਸਤੇ ਸੰਸਾਰ 'ਚ ਆਇਆ ਸੀ-

*ਧਰਮ ਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੈ ਜਾਹਿਗਾ ॥*
*ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥*

*ਅੰਗ- ੧੧੦੬*

ਕਰ ਲਓ ਜੇ ਕਿਸੇ 'ਤੇ ਸਾਧੂ ਦੀ ਸੰਗਤ ਹੁੰਦੀ ਹੈ। ਸਾਧਸੰਗਤ-ਜਿਸ ਥਾਂ ਦੇ ਉਤੇ ਸਾਧੂ ਹੋਵੇ, ਸੰਤ ਹੋਵੇ, ਉਸ ਦੀ ਸੰਗਤ ਦਾ ਨਾਉਂ ਸਾਧਸੰਗਤ ਹੁੰਦੈ। ਸਾਧੂ ਦੀ ਸੰਗਤ ਵਿਚ ਰਹਿਣ ਵਾਸਤੇ ਕਹਿੰਦੇ ਨੇ ਕਿ ਚਾਹੇ ਭੁੱਖਾ ਰਹਿ ਕੇ ਵੀ ਰਹਿਣਾ ਪਵੇ ਤਾਂ ਵੀ ਸਾਧੂ ਦੀ ਸੰਗਤ ਨਾ ਛੱਡੇ। ਸਾਕਤ ਦੀ ਸੰਗਤ, ਛੱਤੀ ਪ੍ਰਕਾਰ ਦੇ ਭੋਜਨ ਮਿਲਦੇ ਹੋਣ, ਕਹਿੰਦੇ ਉਹ ਵਿਹੁ (ਜ਼ਹਿਰ) ਹੈ, ਭੋਜਨ ਨਹੀਂ ਹੈਗੇ। ਇਹਦੇ ਜੌਆਂ ਦੀ ਵੀ ਰੋਟੀ ਖਾ ਕੇ

ਵੀ ਰਹਿ ਹੁੰਦੈ ਜੇ ਸਾਧੂ ਦੀ ਸੰਗਤ 'ਚ, ਉਹ ਵੀ ਉੱਤਮ ਹੀ ਹੁੰਦੈ।

ਸੋ ਇਸ ਤਰ੍ਹਾਂ ਦੇ ਬਚਨ ਇਕ ਪ੍ਰੇਮੀ ਨੇ ਸੁਣੇ, ਮਨ ਵਿਚ ਸੱਟ ਲੱਗੀ। ਸੋਚ ਲਿਆ ਕਿ ਮਨਾਂ! ਕੀ ਕਰਿਆ ਜਾਵੇ। ਐਨਾ ਸਮਾਂ ਲੰਘ ਗਿਆ। ਮਹਾਂਪੁਰਸ਼ਾਂ ਨੂੰ ਪੁਛਿਆ, ਕਹਿਣ ਲੱਗੇ ਮੈਨੂੰ ਕੋਈ ਰਸਤਾ ਦੱਸੋ? ਚੋਟ ਲੱਗੀ ਹੈ ਮੇਰੇ ਹਿਰਦੇ ਦੇ ਉਤੇ ਤੇ ਮੈਂ ਨਹੀਂ ਚਾਹੁੰਦਾ ਕਿ ਹੋਰ ਦਿਨ ਲੰਘ ਜਾਣ। ਕਹਿਣ ਲੱਗਿਆ, ਪਿਆਰਿਆ! ਇਸ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ, ਪੂਰਨ ਸਮਰੱਥ ਗੁਰੂ ਹਨ ਤੇ ਤੂੰ ਉਹਨਾਂ ਦੀ ਸ਼ਰਨ ਵਿਚ ਚੱਲ। ਨਾਲ ਲਿਆ, ਬਹੁਤ ਸਾਰੀ ਸੰਗਤ ਨਾਲ ਲਈ। ਅਯੁੱਧਿਆ ਤੋਂ ਚੱਲੇ, ਰਸਤੇ 'ਚ ਸਤਿਸੰਗ ਹੁੰਦੇ ਆਏ, ਥੋੜ੍ਹਾ-ਥੋੜ੍ਹਾ ਸਫ਼ਰ ਕੱਢਦੇ ਦਸ ਮੀਲ ਦਾ, ਪੰਦਰਾਂ ਮੀਲ ਦਾ, ਦਰਬਾਰ ਸਾਹਿਬ ਪਹੁੰਚ ਜਾਂਦੇ ਨੇ ਤੇ ਅੱਗੇ ਗੁਰੂ ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਐ, ਉਸ ਤੋਂ ਬਾਅਦ ਸੰਗਤ ਨੂੰ ਮਹਾਰਾਜ ਜੀ ਦੇ ਨਾਲ ਮਿਲਾਇਆ ਤੇ ਨਾਲ ਜਿਸ ਵਕਤ ਇਹਦੀ ਵਾਰੀ ਆਈ। ਜਿਸ ਦਾ ਨਾਮ ਭਾਈ ਭਾਨਾ ਸੀ। ਕਹਿਣ ਲੱਗੇ, ਸੱਚੇ ਪਾਤਸ਼ਾਹ! ਤੇਰੀ ਬਾਣੀ ਨੇ ਇਹਦੇ ਬਾਣ ਮਾਰਿਆ ਤੇ ਇਹ ਪ੍ਰੇਮੀ ਆਪ ਦੀ ਸ਼ਰਨ 'ਚ ਆਇਐ। ਕ੍ਰਿਪਾ ਕਰੋ ਇਹਦੇ ਉਤੇ। ਤਾਂ ਮਹਾਰਾਜ ਕਹਿਣ ਲੱਗੇ, ਭਾਈ ਭਾਨਾ! ਗੱਲ ਤਾਂ ਲੰਮੀ ਚੌੜੀ ਨਹੀਂ ਹੈ, ਗੱਲ ਵਿਸ਼ਵਾਸ਼ ਦੀ ਹੈ। ਜੇ ਤਾਂ ਮਨ 'ਚ ਵਿਸ਼ਵਾਸ਼ ਆ ਜਾਵੇ, ਤਾਂ, ਤਾਂ ਗੱਲ ਹੈ ਨੇੜੇ। ਜੇ ਵਿਸ਼ਵਾਸ਼ ਨਹੀਂ ਆਇਆ ਤਾਂ ਚਾਹੇ ਦਸ ਜਨਮ, ਵੀਹ ਜਨਮ, ਪੰਜਾਹ ਜਨਮ ਸਵਰਗਾਂ ਵਿਚ ਫਿਰੀ ਜਾਹ, ਕੁਛ ਬਣਦਾ ਨਹੀਂ ਹੈ -

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਅੰਗ- ੨੮੫*

ਜਿਸ ਦੇ ਮਨ 'ਚ ਵਿਸ਼ਵਾਸ਼ ਪੈਦਾ ਹੋ ਜਾਏ। ਉਹ ਬਹੁਤ ਜ਼ਰੂਰੀ ਚੀਜ਼ ਹੈ, ਜਿੰਨਾਂ ਚਿਰ ਵਿਸ਼ਵਾਸ਼ ਨਹੀਂ ਆਉਂਦਾ, ਗੱਲ ਅਗਾਂਹਾਂ ਤੁਰਿਆ ਹੀ ਨਹੀਂ ਕਰਦੀ। ਚਾਹੇ ਮਹਾਤਮਾ ਦਾ ਵਿਸ਼ਵਾਸ਼ ਹੈ, ਚਾਹੇ ਗੁਰੂਆਂ ਦਾ ਵਿਸ਼ਵਾਸ਼। ਨਾਮ ਨਹੀਂ ਜਪ ਸਕਦਾ ਵਿਸ਼ਵਾਸ਼ ਤੋਂ ਬਗੈਰ। ਜਿਹਦੇ ਮਨ ਵਿਚ ਵਿਸ਼ਵਾਸ਼ ਹੈ, ਉਹ ਨਾਮ ਜਪ ਸਕਦੈ -

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- ੨੮੩*

ਜੇ ਗੁਰੂ ਦੀ ਪਰਤੀਤ ਨਹੀਂ ਤਾਂ ਚੇਤੇ ਨਹੀਂ ਆਇਆ ਕਰਦਾ। ਮਹਾਰਾਜ ਕਹਿਣ ਲੱਗੇ, ਭਾਈ ਭਾਨਾ! ਦੇਖ ਗੱਲ ਹੈ ਸਾਰੀ ਮਨ ਦੀ, ਜੇ ਤਾਂ ਮਨ ਮੰਨ ਜਾਵੇ, ਫੇਰ ਤਾਂ ਬਹੁਤ ਉੱਚੀ ਪਦਵੀ ਪ੍ਰਾਪਤ ਕਰ ਲੈਂਦੈ। ਜੇ ਮਨ ਨਾ ਮੰਨੇ ਕੁਛ ਵੀ ਨਹੀਂ ਬਣਦਾ। ਕਿਉਂਕਿ ਸਾਰਾ ਕੰਮ ਮਨ ਦਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਇਹ ਮਨ ਮਾਇਆ ਦੇ ਨਾਲ ਰਲ ਕੇ, ਮਾਇਆ ਰੂਪ ਹੋ ਕੇ ਅਧੋਗਤੀ ਨੂੰ ਪ੍ਰਾਪਤ ਹੋ ਰਿਹਾ ਹੈ। ਇਹੀ ਮਨ ਜੇ ਗੁਰੂ ਦੇ ਬਚਨਾਂ ਦੇ ਨਾਲ ਰਲ ਜਾਵੇ ਤਾਂ ਇਹ ਉੱਤਮ ਪਦਵੀ ਪ੍ਰਾਪਤ ਕਰ ਲਿਆ ਕਰਦੈ। ਮਾਇਆ ਦੇ ਨਾਲ ਦੁੱਖ ਮਿਲਦੇ ਨੇ, ਪ੍ਰਮੇਸ਼ਰ ਦੇ ਨਾਲ ਸਾਰੇ ਸੁੱਖ ਮਿਲਦੇ ਨੇ। ਦੇਖ, ਸਵਾਂਤੀ ਬੂੰਦ ਹੁੰਦੀ ਹੈ ਨਾ? ਕਹਿੰਦੇ, ਪਪੀਹਾ ਪ੍ਰਿਹੁ-ਪ੍ਰਿਹੁ ਕਰਦੈ। ਬੜਾ ਬੋਲਦੈ, ਬੜਾ ਬੋਲਦੈ। ਮੀਂਹ ਵੀ ਪੈਂਦੇ ਨੇ ਫੇਰ ਵੀ ਨਹੀਂ ਹਟਦਾ। ਕਿਉਂ ਨਹੀਂ ਹਟਦਾ? ਕਿਉਂਕਿ ਉਹਨੂੰ ਪਿਆਸ ਲੱਗੀ ਹੁੰਦੀ ਹੈ, ਇਹਨਾਂ ਦਿਨਾਂ 'ਚ ਪਿਆਸ ਜਾਗ ਪੈਂਦੀ ਹੈ, ਇਕ ਸਾਲ ਬਾਅਦ ਪਿਆਸ ਲਗਦੀ ਹੈ ਉਹਨੂੰ। ਵੈਸੇ ਤਾਂ ਉਹ ਪਾਣੀ ਪੀਈ ਜਾਂਦੈ। ਚੁੰਝਾਂ ਨਾਲ ਪਾਣੀ ਪੀਂਦੈ, ਲੇਕਿਨ ਉਹਦੀ ਪਿਆਸ ਨਹੀਂ ਕਦੇ ਬੁਝਦੀ। ਉਹ ਪਿਆਸ ਤਾਂ ਬੁਝਦੀ ਹੈ, ਜੇ ਸਵਾਂਤੀ ਬੂੰਦ ਉਹਦੇ ਦਿਮਾਗ ਦੇ ਰਾਹੀਂ ਚਲੀ ਜਾਵੇ। ਇਕ ਛੇਕ ਹੁੰਦੈ, ਬਹੁਤ ਨਿੱਕਾ, ਉਹ ਬੂੰਦ ਜੇ ਪੈ ਜਾਵੇ ਉਤੇ, ਵਾਹਿਗੁਰੂ ਦੀ ਮਿਹਰ ਹੈ ਇਹਦੇ ਉਤੇ ਪੈ ਹੀ ਜਾਂਦੀ ਹੈ। ਫੇਰ ਇਹਦੀ ਸਾਲ ਭਰ ਵਾਸਤੇ ਪਿਆਸ ਬੁਝ ਜਾਂਦੀ ਹੈ। ਫੇਰ ਨਹੀਂ ਬੋਲਦਾ ਕਦੇ ਵੀ। ਕਹਿੰਦੇ, ਜੇ ਸਵਾਂਤੀ ਬੂੰਦ ਪਪੀਹੇ ਦੇ ਪੈ ਜਾਵੇ ਅੰਦਰ ਤਾਂ ਉਹ ਤ੍ਰਿਪਤ ਹੋ ਜਾਂਦੈ ਸਾਲ ਭਰ ਲਈ। ਇਹੀ ਸਵਾਂਤੀ ਬੂੰਦ ਜੇ ਕੇਲੇ 'ਚ ਗਿਰ ਜਾਵੇ, ਤਾਂ ਕਪੂਰ ਬਣ ਜਾਂਦੈ। ਜੇ ਸਿੱਪ ਵਿਚ ਗਿਰ ਜਾਵੇ ਤਾਂ ਮੋਤੀ ਬਣ ਜਾਂਦੈ। ਜੇ ਇਹ ਪੈ ਜਾਵੇ ਸੱਪ ਦੇ ਮੂੰਹ ਵਿਚ ਤਾਂ ਇਹ ਜ਼ਹਿਰ ਬਣ ਜਾਂਦੈ। ਹੈ ਇਕੋ ਚੀਜ਼।

ਸੋ ਇਸ ਤਰ੍ਹਾਂ ਦੇ ਨਾਲ ਮਨ ਨੂੰ ਸਮਝ ਪਿਆਰਿਆ! ਮਨ ਜਿਹੜਾ ਹੈ ਇਹ ਵਸ ਕਰਨਾ ਬਹੁਤ ਔਖਾ ਹੈ -

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥*
*ਅੰਗ- ੮੭੬*

ਮਨ ਜਿਹੜਾ ਹੈ ਇਹ ਵਸ ਕਰਨਾ ਬੜਾ ਔਖਾ ਹੈ। ਕਦੇ ਤਾਂ ਬਹੁਤ ਵੱਡੀਆਂ ਖੁਸ਼ੀਆਂ 'ਚ ਹੁੰਦੈ। ਕਦੇ ਇਹੋ ਜਿਹਾ ਹੁੰਦੈ ਕਿ ਮੈਂ ਸੰਸਾਰ 'ਤੇ ਜਿਉਣਾ ਹੀ ਨਹੀਂ ਚਾਹੁੰਦਾ। ਕਿਉਂਕਿ ਮਨ ਦਾ ਹੀ ਹੈ ਸਾਰਾ ਹਿਸਾਬ-ਕਿਤਾਬ। ਜੇ ਮਨ ਪੂਜਾ ਪਾਠ ਦੇ ਵਿਚ ਸਾਥ ਦੇ ਦੇਵੇ। ਪੂਰੀ ਤਰ੍ਹਾਂ ਦੇ ਨਾਲ ਸਾਥ ਦੇ ਦੇਵੇ, ਫੇਰ ਦੇਰ ਨਹੀਂ ਲੱਗਿਆ ਕਰਦੀ। ਇਸੇ ਕਰਕੇ ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ -

*ਧਾਰਨਾ - ਜਸ ਕਰੋ ਵਾਹਿਗੁਰੂ ਦਾ,*
*ਪਿਆਰਿਓ, ਚਿੱਤ ਨੂੰ ਇਕਾਗਰ ਕਰਕੇ।*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ- ੨੯੫*

ਜੇ ਚਿੱਤ ਹਿਲਦਾ ਹੈ, ਸਾਵਧਾਨ ਨਹੀਂ ਹੁੰਦਾ, ਤਾਂ ਅੰਦਰ ਕੋਈ ਚੀਜ਼ ਨਹੀਂ ਜਾਇਆ ਕਰਦੀ। ਜਿਵੇਂ ਇਕ ਬੋਤਲ ਭੀੜੇ ਮੂੰਹ ਵਾਲੀ ਨਲਕੇ ਦੇ ਥੱਲੇ ਰੱਖ ਦੇਈਏ, ਲੇਕਿਨ ਬੋਤਲ ਹਿਲਦੀ ਹੈ, ਹਿੱਲੀ ਜਾਵੇ। ਉਹਦੇ ਵਿਚ ਤਾਂ ਇਕ ਬੂੰਦ ਵੀ ਪਾਣੀ ਦੀ ਨਹੀਂ ਪੈਂਦੀ। ਜਿਹੜੀ ਟਿਕੀ ਹੋਈ ਬੋਤਲ ਹੈ ਉਹ ਉਸੇ ਵੇਲੇ ਭਰ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਮਨ ਦੇ ਟਿਕਾਅ ਦਾ ਹਿਸਾਬ ਹੈ। ਮਨ ਕਿਵੇਂ ਟਿਕਦੈ? ਕਿਉਂ ਨਹੀਂ ਟਿਕਦਾ? ਇਹਦਾ ਸਾਰਾ ਵੇਰਵਾ, ਵਿਸਥਾਰ ਦੇ ਨਾਲ ਅਪ੍ਰੈਲ, ਮਈ, ਜੂਨ 1995 ਦੇ ਜਿਹੜੇ ਤਿੰਨ ਮੈਗਜ਼ੀਨ ਨਿਕਲੇ ਨੇ ਇਹਨਾਂ ਵਿਚ ਬਹੁਤ ਵਿਸਥਾਰ ਦੇ ਨਾਲ ਦਿਤਾ ਹੋਇਆ ਹੈ। ਜਿਸ ਪ੍ਰੇਮੀ ਨੂੰ ਸ਼ੌਕ ਹੋਵੇ ਉਹ ਇਹਦੇ ਵਿਚੋਂ ਪੜ੍ਹ ਸਕਦੈ ਤੇ ਆਪਣਾ ਰਸਤਾ ਟੋਲ੍ਹ ਸਕਦੈ, ਕਿਉਂਕਿ ਬਹੁਤ ਲੰਮਾ ਚੌੜਾ ਵਿਸ਼ਾ ਹੈ। ਇਸ਼ਾਰੇ ਮਾਤਰ ਮੈਂ ਬੇਨਤੀ ਕਰ ਦਿੰਦਾ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਜਦੋਂ ਵੇਈਂ ਨਦੀ ਵਿਚੋਂ ਟੁੱਭੀ ਮਾਰ ਕੇ ਨਿਕਲੇ, ਉਸ ਵੇਲੇ ਨਵਾਬ ਦੇ ਪਾਸ, ਨਵਾਬ ਬੁਲਾਉਂਦੈ, ਬਹੁਤ ਸਾਰੇ ਬਚਨ ਹੋਏ ਨਵਾਬ ਦਾ ਭਰੋਸਾ ਬੱਝ ਜਾਂਦੈ। ਨਵਾਬ ਦੌਲਤ ਖਾਂ ਨੇ ਪਿਆਰ ਵਿਚ ਆ ਕੇ ਬੇਨਤੀ ਕਰੀ ਕਿ ਹੇ ਨਾਨਕ! ਤੈਨੂੰ ਨਮਾਜ਼ 'ਤੇ ਪੂਜਾ ਇਕੋ ਚੀਜ਼ ਹੈ। ਮੰਦਰ ਤੇ ਮਸਜਿਦ ਦੇ ਵਿਚ ਤੈਨੂੰ ਕੋਈ ਫਰਕ ਨਜ਼ਰ ਨਹੀਂ ਆਉਂਦਾ। ਸਾਡਾ ਵੀ ਬੜਾ ਦਿਲ ਲਗ ਜਾਵੇ ਜੇ ਤੂੰ ਅੱਜ ਸਾਡੇ ਨਾਲ ਚੱਲ ਕੇ ਨਮਾਜ਼ ਪੜ੍ਹ ਜਾਵੇਂ। ਮਹਾਰਾਜ ਕਹਿੰਦੇ, ਪਿਆਰਿਆ! ਨਮਾਜ਼ ਤੇ ਪੂਜਾ ਦੇ ਵਿਚ ਕੋਈ ਫਰਕ ਨਹੀਂ ਹੈ। ਅੱਖਰਾਂ ਦਾ ਫਰਕ ਹੈ। ਭਾਵ ਇਕੋ ਹੀ ਹੈ। ਉਹ ਵੀ ਅਰਦਾਸ ਹੈ, ਇਹ ਵੀ ਅਰਦਾਸ ਹੈ। ਇਹਦੀ ਬੋਲੀ ਅਰਬੀ ਹੈ, ਇਹਦੀ ਬੋਲੀ ਸੰਸਕ੍ਰਿਤ ਹੈ। ਸਾਨੂੰ ਨਹੀਂ ਕੋਈ ਫਰਕ। ਦੋਵੇਂ ਭਜਨ ਕਰਨ ਦੇ ਥਾਂ ਨੇ। ਜੇ ਪਵਿੱਤਰ ਰਹਿ ਸਕਣ, ਪੂਜਣਯੋਗ ਨੇ। ਜੇ ਉਥੇ ਲੜਾਈ ਝਗੜੇ ਹੁੰਦੇ ਨੇ, ਤਾਂ ਫੇਰ ਕਿਸੇ ਕੰਮ ਦੇ ਨਹੀਂ ਹੋਇਆ ਕਰਦੇ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਚਲਿਆ ਜਾਂਦੈ ਮਸਜਿਦ ਦੇ ਅੰਦਰ। ਬਹੁਤ ਵੱਡਾ ਥਾਂ ਹੈ, ਈਦਗਾਹ ਦਾ। ਨਮਾਜ਼ ਸ਼ੁਰੂ ਹੋ ਜਾਂਦੀ ਹੈ, ਲੇਕਿਨ ਸ੍ਰੀ ਗੁਰੂ ਨਾਨਕ ਜੀ ਇਕ ਪਾਸੇ ਖੜ੍ਹੇ ਹੋ ਗਏ। ਨਮਾਜ਼ ਪੜ੍ਹੀ ਗਈ, ਸਾਡੇ ਤੇ ਉਹਨਾਂ ਵਿਚ ਫਰਕ ਹੈ ਕਿ ਉਹ ਨਮਾਜ਼ ਪੜ੍ਹਨ ਵੇਲੇ ਬੋਲਦੇ ਨਹੀਂ, ਅਸੀਂ ਬਾਣੀ ਪੜ੍ਹਨ ਵੇਲੇ ਦੁਨੀਆਂ ਭਰ ਦੀਆਂ ਗੱਲਾਂ ਕਰਾਂਗੇ। ਬਾਣੀ ਲਗਦੀ ਨਹੀਂ ਹੁੰਦੀ। ਬਾਣੀ ਲਗਦੀ ਹੈ ਤਾਂ ਜੇ ਚਿੱਤ ਬਿਰਤੀਆਂ ਇਕਾਗਰ ਕਰਕੇ ਬਾਣੀ 'ਚ ਲੀਨ ਹੋ ਕੇ ਪੜ੍ਹੇ। ਉਂਵ ਫਰਜ਼ ਪੂਰਾ ਹੈ ਕਿ ਮੈਂ ਪੰਜ ਬਾਣੀਆਂ ਪੜ੍ਹ ਲਈਆਂ, ਮੈਂ ਸੁਖਮਨੀ ਸਾਹਿਬ ਪੜ੍ਹ ਲਿਆ। ਅਨੰਦ ਨਹੀਂ ਆਇਆ ਅੰਦਰ। ਜੇ ਅੰਦਰ ਅਨੰਦ ਆ ਜਾਵੇ, ਫੇਰ ਤਾਂ ਆਦਮੀ ਛੱਡਦਾ ਹੀ ਨਹੀਂ ਹੈ। ਸੋ ਨਮਾਜ਼ ਪੜ੍ਹਨ ਤੋਂ ਬਾਅਦ ਨਵਾਬ ਕਹਿਣ ਲੱਗਿਆ, ਹੇ ਨਾਨਕ! ਤੂੰ ਨਮਾਜ਼ ਨਹੀਂ ਪੜ੍ਹੀ? ਮਹਾਰਾਜ ਕਹਿੰਦੇ, ਮੈਂ ਕੀਹਦੇ ਨਾਲ ਪੜ੍ਹਦਾ? ਤੂੰ ਤਾਂ ਕੰਧਾਰ ਵਿਚ ਘੋੜੇ ਛਾਂਟ ਰਿਹਾ ਸੀ। ਕਮੈਤ ਘੋੜੇ ਐਨੇ ਚਾਹੀਦੇ ਨੇ, ਸਰੰਗ ਘੋੜੇ ਐਨੇ ਚਾਹੀਦੇ ਨੇ, ਬੋਅ ਘੋੜੇ ਐਨੇ ਚਾਹੀਦੇ ਨੇ। ਬੈਲਰ ਐਨੇ ਚਾਹੀਦੇ ਨੇ, ਤੂੰ ਤਾਂ ਉਹ ਘੋੜਿਆਂ ਦੀ ਛਾਂਟੀ ਕਰ ਰਿਹਾ ਸੀ, ਹੁਣੇ ਹੀ ਆਇਆਂ ਹੈ ਅਜੇ ਤੂੰ। ਕਾਜ਼ੀ ਕਹਿਣ ਲੱਗਿਆ ਕਿ ਨਾਨਕ! ਤੂੰ ਨਵਾਬ ਨਾਲ ਚੰਗੀ ਤਰ੍ਹਾਂ ਗੱਲ ਕਰ। ਮਾਲਕ ਹੈ ਇਲਾਕੇ ਦਾ, ਅਦਬ ਦੇ ਨਾਲ ਬੋਲ, ਐਡੀ ਬੇਅਦਬੀ ਦੇ ਨਾਲ ਤੂੰ ਗੱਲ ਕਰ ਰਿਹੈਂ।

ਨਵਾਬ ਕਹਿੰਦਾ, ਕਾਜ਼ੀ ਸਾਹਿਬ! ਇਹ ਬਿਲਕੁਲ ਸਹੀ ਬਾਤ ਕਹਿ ਰਿਹਾ ਹੈ।

ਕਹਿੰਦਾ, ਫੇਰ ਮੇਰੇ ਨਾਲ ਨਮਾਜ਼ ਪੜ੍ਹ ਲੈਂਦਾ।

ਮਹਾਰਾਜ ਹੱਸ ਪਏ ਕਹਿਣ ਲੱਗੇ, ਤੂੰ, ਤੂੰ ਵੀ ਨਹੀਂ ਇਥੇ ਸੀ। ਤੂੰ ਘਰ ਨਵੀਂ ਸੂਈ ਗਾਂ ਦੀ ਵਛੇਰੀ ਮੋੜੀ ਗਿਐਂ, ਤੇਰੇ ਘਰ 'ਚ ਖੂਹੀ ਸੀ ਬਗੈਰ ਮੌਣ ਤੋਂ ਕਿ ਇਹਦੇ ਵਿਚ ਗਿਰ ਕੇ ਮਰ ਨਾ ਜਾਵੇ। ਤੂੰ ਤਾਂ ਉਥੇ ਖੜ੍ਹਾ ਰਿਹਾ, ਆਇਆ ਹੀ ਨਹੀਂ ਹੈਂ।

ਨਵਾਬ ਨੇ ਕਾਜ਼ੀ ਵਲ ਦੇਖਿਆ, ਸ਼ਰਮਿੰਦਾ ਹੋ ਗਿਆ, ਨੀਵੀਂ ਪਾਈਂ ਖੜ੍ਹੈ। ਉਸ ਵੇਲੇ ਨਵਾਬ ਗੁਰੂ ਨਾਨਕ ਦੇ ਚਰਨਾਂ 'ਤੇ ਨਮਸ਼ਕਾਰ ਕਰ ਦਿਤੀ।

ਕਹਿਣ ਲੱਗਿਆ, ਮਹਾਰਾਜ! ਮੈਨੂੰ ਸਹੀ ਤਰੀਕਾ ਦੱਸੋ, ਭਜਨ ਬੰਦਗੀ ਦਾ, ਨਮਾਜ਼ ਪੜ੍ਹਨ ਦਾ।

ਉਸ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿੰਨੇ ਦੋਸ਼ ਭਜਨ ਕਰਨ ਵਿਚ ਆਉਂਦੇ ਨੇ ਸਾਰਿਆਂ ਦਾ ਵਰਣਨ ਕੀਤਾ।

ਉਸ ਵੇਲੇ ਉਹਨੇ ਪੁਛਿਆ ਕਿ ਕਿਵੇਂ ਚਿੱਤ ਇਕਾਗਰ ਹੁੰਦੈ?

ਮਹਾਰਾਜ ਨੇ ਕਿਹਾ ਕਿ ਜੁਗਤ ਹੈ, ਸ਼ਬਦ ਦੇ ਨਾਲ ਚਿੱਤ ਇਕਾਗਰ ਹੁੰਦੈ, ਸ਼ਬਦ ਧੁਨ ਨਾਲ। ਉਹ ਸ਼ਬਦ ਜਦੋਂ ਫੜ ਲੈਂਦੈ ਇਸ ਮਨ ਨੂੰ, ਪੰਜਿਆਂ ਦੇ ਵਿਚ ਜਿਵੇਂ ਬਾਜ ਫੜ ਲੈਂਦੈ ਸ਼ਿਕਾਰ ਨੂੰ, ਫੇਰ ਨਹੀਂ ਉਹ ਛੱਡਿਆ ਕਰਦਾ। ਜਿਵੇਂ ਅੜੀਅਲ ਘੋੜੇ ਦੇ ਮੁਖ ਵਿਚ ਕੜਿਆਲਾ ਪਾ ਲਵੇ, ਘੋੜਾ ਜਿਹੜਾ ਹੈ ਉਹ ਅੜੀ ਛੱਡ ਕੇ ਸਹੀ ਤੁਰਨ ਲਗ ਜਾਂਦੈ। ਇਵੇਂ ਜਿਵੇਂ ਮਨ ਦੇ ਮੁਖ ਦੇ ਵਿਚ ਜਦੋਂ ਨਾਮ ਦਾ ਕੰਡਿਆਲਾ ਪੈ ਗਿਆ, ਗੁਰੂ ਦੇ ਸ਼ਬਦ ਦਾ। ਫੇਰ ਨਹੀਂ ਇਹ ਦੌੜਿਆ ਕਰਦਾ।

ਨਵਾਬ ਕਹਿਣ ਲੱਗਿਆ, ਹੇ ਪਾਤਸ਼ਾਹ! ਮੇਰੇ 'ਤੇ

ਕ੍ਰਿਪਾ ਕਰੋ।

ਸਭ ਤੋਂ ਪਹਿਲਾ ਸਿੱਖ ਜਿਹੜਾ ਹੋਇਆ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਉਹ ਨਵਾਬ ਦੌਲਤ ਖਾਂ ਹੋਇਆ। ਮਹਾਰਾਜ ਜੀ ਨੇ ਚਰਨਾਂ ਮ੍ਰਿਤ ਦੇ ਦਿਤਾ। ਤੇ ਜਦੋਂ ਨਾਮ ਦਾ ਉਪਦੇਸ਼ ਦਿਤਾ ਰੋਮ-ਰੋਮ 'ਚੋਂ ਨਾਮ ਨਿਕਲਣ ਲਗ ਗਿਆ। ਮਸਤ ਹੋ ਗਿਆ ਉਹ। ਸੋ ਜਿੰਨਾ ਚਿਰ ਚਿੱਤ ਦੀ ਇਕਾਗਰਤਾ ਨਹੀਂ ਹੁੰਦੀ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ, ਭਾਈ ਭਾਨਾ! ਤਰੱਕੀ ਨਹੀਂ ਹੋਇਆ ਕਰਦੀ। ਇਹਦੇ ਵਿਚ ਜਿਹੜੀ ਸਭ ਤੋਂ ਵੱਡੀ ਰੁਕਾਵਟ ਹੈ ਉਹ ਮਾਇਆ ਦੀ ਹੈ। ਮਾਇਆ ਦਾ ਸਰੂਪ ਬਹੁਤ ਲੰਮਾ ਚੌੜਾ ਹੈ। ਜੋ ਚੀਜ਼ ਦਿਸਦੀ ਹੈ, ਜਿਸ ਚੀਜ਼ ਦਾ ਕੋਈ ਨਾਮ ਹੈ, ਕੋਈ ਰੂਪ ਹੈ। ਇਥੇ ਪੰਜ ਚੀਜ਼ਾਂ ਨੇ ਸੰਸਾਰ ਦੇ ਅੰਦਰ, ਜਿਹੜੀ ਖੇਡ ਹੋ ਰਹੀ ਹੈ। ਤਿੰਨ ਤਾਂ ਇਹਦੇ ਵਿਚ ਉਹ ਨੇ ਜਿਹੜੀਆਂ ਸ਼ਕਲ ਨਹੀਂ ਬਦਲਦੀਆਂ, ਸੁਭਾਅ ਨਹੀਂ ਬਦਲਦੀਆਂ। ਉਹ ਤਾਂ ਹੈ ਸਤਿ, ਚਿਤ, ਅਨੰਦ। ਦੋ ਐਸੀਆਂ ਨੇ ਜਿਹੜੀਆਂ ਸੁਭਾਅ ਵੀ ਬਦਲਦੀਆਂ ਨੇ ਤੇ ਸ਼ਕਲ ਵੀ ਬਦਲਦੀਆਂ ਨੇ ਉਹਨੂੰ ਕਹਿੰਦੇ ਨੇ ਮਾਇਆ। ਮਾਇਆ+ਚੇਤਨ ਦਾ ਖੇਲ੍ਹ ਹੋ ਰਿਹੈ। ਚੇਤਨ ਅਮਰ ਹੈ, ਮਾਇਆ ਜਿਹੜੀ ਹੈ ਬਦਲਣ ਵਾਲੀ ਹੈ ਪਰ ਮਾਇਆ ਦੀ ਸ਼ਕਤੀ ਕਿੰਨੀ ਜ਼ਬਰਦਸਤ ਹੈ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬਿਨਾਂ ਦੰਦਾਂ ਤੋਂ ਖਾ ਲਿਆ ਜਗ ਸਾਰਾ,*
*ਮਾਇਆ ਮਮਤਾ ਮੋਹਣੀ ਨੇ।*

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਅੰਗ- ੬੪੩*

ਖਾਂਦੀ ਨਹੀਂ ਹੈ, ਨਿਘਾਰਦੀ ਹੈ, ਸੱਪ ਨਿਘਾਰਿਆ ਕਰਦੈ। ਅੰਦਰ ਜਾ ਕੇ ਗਲ ਜਾਇਆ ਕਰਦੈ, ਉਹਦੇ ਅੰਦਰ ਐਨੀ ਜ਼ਬਰਦਸਤ ਗਰਮੀ ਹੁੰਦੀ ਹੈ। ਫੇਰ ਹੱਡੀਆਂ ਵਗੈਰਾ ਬਾਹਰ ਕੱਢ ਕੇ ਸੁੱਟ ਦਿੰਦੈ ਅੰਦਰੋਂ।

ਕਬੀਰ ਸਾਹਿਬ ਦਾ ਸਮਾਂ ਹੈ। ਇਕ ਐਸੀ ਸਾਖੀ ਆਉਂਦੀ ਹੈ। ਮਾਇਆ ਨੇ ਭਗਵਾਨ ਨੂੰ ਕਿਹਾ ਕਿ ਹੇ ਭਗਵਾਨ! ਤੇਰੇ ਥਾਂ-ਥਾਂ ਦੇ ਉਤੇ ਮੰਦਰ ਨੇ, ਮਸਜਿਦਾਂ ਨੇ, ਮੱਠ ਨੇ, ਸਤਿਸੰਗ ਘਰ ਨੇ। ਸੈਂਕੜਿਆਂ ਦੀ ਤਦਾਦ ਦੇ ਵਿਚ ਤੇਰੇ ਸਾਧੂ ਸੰਤ ਰੌਲਾ ਪਾਉਂਦੇ ਫਿਰਦੇ ਨੇ ਮੇਰੇ ਖਿਲਾਫ ਕਿ ਇਹ ਖਾ ਜਾਂਦੀ ਹੈ, ਇਹ ਡੈਣ ਹੈ, ਬੜੀ ਮਾੜੀ ਹੈ ਤੇ ਮੇਰਾ ਕਿਤੇ ਕੋਈ ਥਾਂ ਨਹੀਂ ਹੈ, ਨਾ ਮੇਰਾ ਕੋਈ ਪ੍ਰਚਾਰਕ ਹੈ। ਪਰ ਦੇਖਿਐ, ਮੇਰੇ ਲੋਕ ਵਾਧੂ ਨੇ। ਤੇਰਾ ਤਾਂ ਕੋਈ ਹੈ ਹੀ ਨਹੀਂ। ਜੇ ਸ਼ਰਾਬ ਦੇ ਠੇਕੇ ਨੇ ਉਹ ਮੇਰਾ ਥਾਂ ਹੈ, ਉਥੇ ਬਗੈਰ ਪ੍ਰਚਾਰ ਕਰੇ ਆਪੇ ਹੀ ਆਉਂਦੇ ਨੇ ਤੇ ਤੇਰੇ ਭਗਤ ਪ੍ਰਚਾਰ ਕਰ-ਕਰ ਕੇ ਥੱਕ ਜਾਂਦੇ ਨੇ। ਕੋਈ ਇਕ ਅੱਧਾ ਹਟ ਜਾਏ ਤਾਂ ਹਟ ਜਾਏ, ਬਾਕੀ ਤਾਂ ਹਟਦੇ ਨਹੀਂ ਹਨ। ਜੇ ਰਿਸ਼ਵਤਾਂ ਲੈਣ ਵਾਲੇ ਨੇ ਤਾਂ ਤੇਰੇ ਭਗਤ ਜ਼ੋਰ ਲਾਉਂਦੇ ਨੇ। ਪਰ ਮੇਰੇ ਜੋ ਨੇ ਉਹਨਾਂ ਨੂੰ ਪਤਾ ਹੈ ਕਿ ਦਰਗਾਹ 'ਚ ਜਾ ਕੇ ਲੇਖਾ ਦੇਣਾ ਪੈਣਾ ਹੈ। ਬਹੁਤ ਔਖਾ ਹੋਣਾ ਪੈਣੈ, ਪਰ ਫੇਰ ਵੀ ਕੋਈ ਹਟਦੈ? ਜੇ ਠੱਗੀਆਂ ਕਰਨੀਐ, ਸਮਗਲਿੰਗ ਕਰਨੀ ਹੈ, ਡਰੱਗਾਂ ਵੇਚਣੀਆਂ ਨੇ, ਪਤਾ ਉਹਨਾਂ ਨੂੰ ਕਿ ਸਜ਼ਾਵਾਂ ਹੋ ਜਾਣਗੀਆਂ, ਪਰ ਹਟਦੈ ਕੋਈ? ਫੇਰ ਤੇਰਾ ਭਗਤ ਤਾਂ ਕੋਈ ਹੋਇਆ ਨਾ, ਐਵੇਂ ਰੌਲਾ ਰੱਪਾ ਹੀ ਪੈਂਦੈ।

ਭਗਵਾਨ ਕਹਿਣ ਲੱਗੇ ਕਿ ਨਹੀਂ, ਹੈਗੇ ਮੇਰੇ ਵੀ।

ਕਹਿੰਦੀ, ਦਿਖਾ ਦਿਓ, ਮੈਂ ਤੁਹਾਡੇ ਭਗਤਾਂ ਨੂੰ ਦੇਖਣਾ ਚਾਹੁੰਦੀ ਹਾਂ। ਦੋਵੇਂ ਜਣੇ ਜਾਂਦੇ ਨੇ ਇਸ਼ਾਰਾ ਕਰਿਆ ਕਿ ਆਹ ਜਿਹੜਾ ਹੈ ਨਾ, ਇਹ ਮੇਰਾ ਭਗਤ ਹੈ, ਆਹ ਸੇਠ ਹੈ। ਆਏ ਗਏ ਨੂੰ ਪ੍ਰਸ਼ਾਦਾ ਦਿੰਦੈ, ਵਸਤਰ ਦਿੰਦੈ। ਰਹਿਣ ਵਾਸਤੇ ਥਾਂ ਦਿੰਦੈ।

ਕਹਿੰਦੀ ਫੇਰ ਅਜ਼ਮਾ ਕੇ ਦੇਖ ਲੈ, ਤੇਰੇ ਇਸ ਭਗਤ ਨੂੰ ਮੈਂ ਦੇਖ ਲੈਂਦੀ ਹਾਂ ਕਿ ਕਿੰਨੇ ਕੁ ਪਾਣੀਆਂ 'ਚ ਹੈ।

ਭਗਵਾਨ ਨੇ ਬਿਰਧ ਦਾ ਰੂਪ ਧਾਰ ਲਿਆ। ਬਾਹਰ ਸਰ੍ਹਾਂ ਸੀ ਉਸ ਦੀ ਬਣਾਈ ਹੋਈ। ਉਹਦੇ ਬਾਹਰਲੇ ਪਾਸੇ ਚੌਂਤਰਾ ਸੀ ਬਹੁਤ ਸੋਹਣਾ ਛੱਤਰੀਦਾਰ ਦਰੱਖਤ ਲੱਗਿਆ ਹੋਇਆ ਸੀ। ਹੋਰ ਵੀ ਬਹੁਤ ਸਾਰੇ ਦਰਖਤ ਸੀ। ਉਹ ਚੌਂਤਰੇ ਦੇ ਉਤੇ ਬੈਠ ਗਿਆ। ਬੁੱਢੇ ਬ੍ਰਾਹਮਣ ਦਾ ਰੂਪ ਧਾਰਿਆ ਹੋਇਆ ਸੀ। ਸੇਠ ਨੇ ਦੇਖਿਆ ਕਿ ਅਤਿੱਥੀ ਬੈਠੈ। ਉਸ ਵੇਲੇ ਸੇਠ ਆਇਆ, ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਤਾਂ ਬ੍ਰਾਹਮਣ ਦੇਵਤਾ ਲਗਦੇ ਹੋਂ? ਇਥੇ ਕਿਉਂ ਬੈਠੇ ਹੋਂ ਜਦੋਂ ਕਿ ਦਾਸ ਨੇ ਆਹ ਸਰ੍ਹਾਂ ਤੁਹਾਡੇ ਰਹਿਣ ਵਾਸਤੇ ਬਣਾਈ ਹੋਈ ਹੈ। ਕਹਿੰਦੇ, ਇਹ ਥਾਂ ਸੁਤੰਤਰ ਹੈ। ਇਸ ਕਰਕੇ ਅਸੀਂ ਬਹਿ ਗਏ।

ਕਹਿੰਦਾ, ਨਹੀਂ ਮਹਾਰਾਜ! ਤੁਸੀਂ ਅੰਦਰ ਚੱਲੋ, ਸਰ੍ਹਾਂ ਦੇ। ਬਾਰ-ਬਾਰ ਕਿਹਾ, ਕਹਿਣ ਲੱਗਿਆ, ਚੰਗਾ ਫੇਰ ਮੈਂ 40 ਦਿਨ ਰਹਿਨੈਂ।

ਕਹਿੰਦਾ, ਚਾਹੇ ਸਾਰੀ ਉਮਰ ਰਹੋ।

ਦੱਸੋ ਕਿਹੜਾ ਕਮਰਾ ਦੇ ਦੇਈਏ। ਉਹ ਕਹਿੰਦੇ, ਮੈਂ ਨਿਕਲਣਾ ਨਹੀਂ, ਜੇ ਮੈਨੂੰ ਕਹੇਂ।

ਕਹਿੰਦਾ, ਤੁਹਾਨੂੰ ਕੱਢਦਾ ਹੀ ਕੋਈ ਨਹੀਂ। ਕਮਰਾ ਦੱਸੋ ਕਿਹੜਾ ਲੈਣੈ?

ਕਹਿੰਦਾ, ਸਰ੍ਹਾਂ ਦਿਖਾ ਪਹਿਲਾਂ ਮੈਨੂੰ।

ਸਰ੍ਹਾਂ ਦੇ ਸੈਂਕੜੇ ਹੀ ਕਮਰੇ ਸੀ। ਦੇਖਦੇ ਜਾਂਦੇ ਨੇ। ਤਾਂ ਅਖੀਰ ਜਿੱਥੇ ਕੋਲੇ ਰਖਦੇ ਸੀ, ਲੱਕੜੀਆਂ

ਰਖਦੇ ਸੀ, ਕਹਿੰਦੇ ਆਹ ਵਧੀਆ ਹੈ।

ਕਹਿੰਦੇ, ਮਹਾਰਾਜ ਇਹਦੇ 'ਚ ਤਾਂ ਨਾ ਕੋਈ ਖਿੜਕੀ ਨਾ ਕੋਈ ਬਾਰੀ। ਗੰਦਾ ਕਮਰਾ ਹੈ, ਕਾਲਾ ਹੋਇਆ ਪਿਐ। ਇਹ ਤਾਂ ਬਾਲਣ ਰੱਖਣ ਵਾਲਾ ਹੈ।

ਕਹਿੰਦੇ, ਨਾ ਮੈਨੂੰ ਆਹੀ ਦੇ ਦੇ ਮੈਂ ਚਾਲੀ ਦਿਨ ਸਾਧਨ ਕਰਨੈ। ਬਾਰ-ਬਾਰ ਕਹਿਣ 'ਤੇ ਕਮਰਾ ਦੇ ਦਿਤਾ ਗਿਆ। ਬ੍ਰਾਹਮਣ ਨੇ ਕਿਹਾ ਕਿ ਮੈਂ ਨਿਕਲਣਾ ਨਹੀਂ ਹੈ। ਫੇਰ ਨਾ ਮੈਨੂੰ ਕਿਹੋ। ਮੈਂ 40 ਦਿਨ ਦਾ ਵਰਤ ਰੱਖਣੈ ਇਹਦੇ ਵਿਚ ਬੈਠ ਕੇ। ਜੇ ਮੈਂ ਸ਼ੁਰੂ ਕਰ ਲਿਆ ਫੇਰ ਨਹੀਂ ਮੈਂ ਨਿਕਲਣਾ। ਹੁਣ ਦੱਸ ਦੇ?

ਕਹਿੰਦਾ, ਨਾ ਮਹਾਰਾਜ! ਤੁਹਾਨੂੰ ਤਾਂ ਕੋਈ ਕਹੇਗਾ ਹੀ ਨਹੀਂ, ਤੁਸੀਂ ਕਮਰਾ ਹੀ ਐਸਾ ਸਾਂਭਿਐ, ਇਥੇ ਅੱਜ ਤਕ ਕੋਈ ਬੰਦਾ ਰਿਹਾ ਹੀ ਨਹੀਂ ਜਿਸ ਦਿਨ ਦਾ ਇਹ ਕਮਰਾ ਬਣਾਇਐ। ਪਤਾ ਨਹੀਂ ਤੁਸੀਂ ਕਿਵੇਂ ਇਹ ਛਾਂਟ ਲਿਆ।

ਅਖੀਰ ਉਹਦੇ ਵਿਚ ਟਿਕ ਗਏ, ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਥੋੜ੍ਹੇ ਸਮੇਂ ਤੋਂ ਬਾਅਦ ਲੱਛਮੀ ਆਉਂਦੀ ਹੈ, ਆ ਕੇ ਬੈਠ ਗਈ, ਸੇਠ ਨੇ ਕਿਹਾ ਕਿ ਇਹ ਵੀ ਅਤਿਥੀ ਨੇ, ਆਪ ਗਿਆ, ਹੱਥ ਬੰਨ੍ਹ ਕੇ ਕਿਹਾ ਕਿ ਬੀਬੀ ਜੀ, ਤੁਸੀਂ ਸਾਨੂੰ ਕੋਈ ਸੇਵਾ ਦੱਸੋ। ਇਸ ਤਰ੍ਹਾਂ ਲਗਦੈ ਕਿ ਤੁਸੀਂ ਕਿਸੇ ਦੇਸ਼ ਦੀ ਮਹਾਰਾਣੀ ਹੋ। ਗੋਲੀਆਂ ਕਹਿਣ ਲੱਗੀਆਂ ਕਿ ਇਹ ਵੱਡੀ ਮਹਾਰਾਣੀ ਹੈ, ਗੁਸਤਾਖੀ ਨਾ ਕਰੀਂ। ਸਾਡੇ ਨਾਲ ਗੱਲ ਕਰ, ਇਹਨਾਂ ਨਾਲ ਗੱਲ ਨਾ ਕਰ। ਕਹਿੰਦਾ, ਤੁਸੀਂ ਦੱਸੋ ਸੇਵਾ? ਕਹਿੰਦੇ, ਸ਼ਰਦਾਈ ਰਗੜ ਕੇ ਪੀਣੀ ਹੈ, 10-20 ਗਿਲਾਸ ਲਿਆ ਦੇ, ਕੂੰਡਾ ਸੋਟਾ ਲਿਆ ਦੇ, ਰਾਸ਼ਨ ਲਿਆ ਦੇ। ਨਹੀਂ ਤਾਂ ਅਸੀਂ ਲੈ ਲੈਂਦੇ ਹਾਂ, ਸਾਨੂੰ ਦਸ ਦੇ, ਪੈਸੇ ਟਕੇ ਦਾ ਸਾਡੀ ਮਹਾਰਾਣੀ ਕੋਲ ਕੋਈ ਘਾਟਾ ਨਹੀਂ।

ਸੇਠ ਨੇ ਬਰਤਨ ਵੀ ਮੰਗਾ ਦਿਤੇ, ਕੂੰਡਾ ਸੋਟਾ ਵੀ ਮੰਗਵਾ ਦਿਤਾ। ਸ਼ਰਦਾਈ ਰਗੜਣੀ ਸ਼ੁਰੂ ਹੋ ਗਈ। ਉਸ ਤੋਂ ਬਾਅਦ ਪੀ ਲਈ। ਸੇਠ ਹੈਰਾਨ ਹੋ ਗਿਆ ਕਿ ਇਹ ਤਾਂ ਸਾਰਾ ਕੁਛ ਹੀ ਇਹਨਾਂ ਕੋਲ ਸੋਨੇ ਦਾ। ਸਾਡੇ ਗਿਲਾਸ ਵੀ ਨਹੀਂ ਇਹਨਾਂ ਨੇ ਵਰਤੇ। ਕੂੰਡੇ ਸੋਟੇ ਵੀ ਨਹੀਂ ਵਰਤੇ। ਐਵੇਂ ਮੰਗਵਾ ਕੇ ਰੱਖ ਲਏ। ਇਹਨਾਂ ਕੋਲ ਤਾਂ ਆਪ ਹੀ ਸਾਰਾ ਕੁਛ ਸੋਨੇ ਦਾ ਹੈ। ਜਦੋਂ ਪੀਹ (ਪੀਸ) ਹਟੇ, ਕਹਿਣ ਲੱਗਿਆ ਕਿ ਮੈਨੂੰ ਸੇਵਾ ਦੱਸੋ?

ਕਹਿੰਦੇ, ਸੇਵਾ ਕਾਹਦੀ ਹੈ? ਟੋਕਰਾ ਲਿਆ।

ਆਹ ਜਿਹੜੇ ਸਾਡੇ ਜੂਠੇ ਗਿਲਾਸ ਨੇ, ਆਪਣੇ ਤਾਂ ਚੁੱਕ ਲੈ, ਜਿਹੜੇ ਸਾਡੇ ਜੂਠੇ ਗਿਲਾਸ ਨੇ, ਇਹਨਾਂ ਨੂੰ ਕੂੜੇ ਵਾਲੇ ਥਾਂ 'ਤੇ ਸੁੱਟ ਆ ਕਿਤੇ। ਕੂੜਾ ਸੁੱਟਣ ਵਾਸਤੇ ਥਾਂ ਹੈ ਤੁਹਾਡੇ। ਕਹਿੰਦਾ, ਹਾਂ ਜੀ।

ਕਹਿੰਦੇ, ਉਥੇ ਸੁੱਟ ਆ।

ਬੜੀ ਹੀ ਖੁਸ਼ੀ ਹੋਈ ਮਨ 'ਚ ਕਿ ਆਹ ਤਾਂ ਸੋਨਾ ਹੀ ਸੋਨਾ ਹੈ। ਕੂੰਡਾ ਕਿੰਨਾ ਭਾਰੀ ਹੋਣੈ ਸੋਨੇ ਦਾ, ਸੋਟਾ ਕਿੰਨਾ ਭਾਰੀ ਹੋਣੈ। ਇਹ ਤਾਂ ਬਣ ਗਿਆ। ਜੇ ਕਿਤੇ ਸੱਤ-ਅੱਠ ਦਿਨ ਰਹਿ ਗਏ, ਵੀਹ-ਤੀਹ ਪੁਸ਼ਤਾਂ ਵਿਚ ਕੁਛ ਕਰਨ ਦੀ ਹੀ ਲੋੜ ਨਹੀਂ ਰਹਿਣੀ। ਭਾਂਡੇ ਹੋਰ ਜੂਠੇ ਜ਼ਿਆਦਾ ਕਰਵਾ ਲਵਾਂਗੇ। ਉਹਨਾਂ ਨੇ ਰੋਟੀ ਵੀ ਖਾਣੀ ਹੀ ਹੈ। ਸੋ ਬਾਅਦ 'ਚ ਭਾਂਡੇ ਜਿੱਥੇ ਸੁੱਟੇ ਸੀ ਉਥੋਂ ਚੁੱਕ ਲਿਆਏ। ਮੁੰਡਿਆਂ ਨੇ ਕਿਹਾ ਕਿ ਐਹੋ ਜਿਹਾ ਜੇ ਰਹਿ ਜਾਵੇ ਫੇਰ ਤਾਂ ਬਸ ਵਾਰੇ-ਨਿਆਰੇ। ਘਰ ਲਿਆਏ, ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਹੋ ਗਈਆਂ। ਸੋਨੇ ਦੇ ਬਰਤਨ ਚਮਕਣ ਲਗ ਗਏ। ਸੇਠ ਆ ਕੇ ਬੇਨਤੀ ਕਰਦੈ ਕਿ ਮਹਾਰਾਣੀ ਸਾਹਿਬ! ਕੁਛ ਦਿਨ ਠਹਿਰ ਕੇ ਦਰਸ਼ਨ ਦਿਓ। ਕਹਿੰਦੇ, ਠਹਿਰਣਾ ਤਾਂ ਅਸੀਂ ਸੀਗਾ। ਪਰ ਸਾਨੂੰ ਕੋਈ ਅਨੁਕੂਲ ਥਾਂ ਨਹੀਂ ਮਿਲਦਾ।

ਕਹਿੰਦਾ, ਮਹਾਰਾਜ! ਆਹ ਕਿੰਨੇ ਕਮਰਿਆਂ ਦੀ ਸਰ੍ਹਾਂ ਹੋਈ ਹੈ, ਇਹਦੇ ਵਿਚ ਵੀ ਅਨੁਕੂਲ ਥਾਂ ਨਹੀਂ?

ਕਹਿੰਦੀ, ਸੇਠ! ਜਿੱਥੇ ਕੋਈ ਮਨੁੱਖ ਰਹਿੰਦਾ ਹੋਵੇ, ਉਥੇ ਨਹੀਂ ਅਸੀਂ ਰਹਿੰਦੇ। ਸਾਡਾ ਇਹ ਮਹਾਰਾਣੀ ਦਾ ਨੇਮ ਹੈ।

ਕਹਿੰਦਾ, ਦੇਖ ਲਓ ਤੁਸੀਂ, ਇਥੇ ਕੋਈ ਮਨੁੱਖ ਤਾਂ ਰਹਿੰਦਾ ਨਹੀਂ ਹੈ। ਕਮਰੇ ਦੇਖ ਲਓ।

ਕਮਰੇ ਦੇਖਣ ਲਗ ਗਏ। ਕਹਿੰਦੇ, ਇਹ ਤਾਂ ਠੀਕ ਨੇ ਪਰ ਔਹ ਜਿਹੜਾ ਬੰਦ ਕਰਿਐ, ਉਹਦੇ 'ਚ ਕੀ ਹੈ?

ਕਹਿੰਦੇ ਔਹ ਤਾਂ ਲੱਕੜੀਆਂ ਵਾਲਾ ਕਮਰਾ ਹੈ, ਬੂੜ੍ਹਾ ਜਿਹਾ ਬਾਮ੍ਹਣ ਹੈ ਉਹਦੇ ਵਿਚ।

ਕਹਿੰਦੀ, ਫੇਰ ਇਹਨੂੰ ਕੱਢ।

ਆ ਕੇ ਆਵਾਜ਼ ਦੇ ਦਿਤੀ। ਹੇ ਪੰਡਤ ਜੀ ਮਹਾਰਾਜ! ਦੇਵਤਾ ਜੀ! ਤੁਸੀਂ ਹੋਰ ਕਮਰਾ ਲੈ ਲਓ, ਤੁਹਾਨੂੰ ਹੋਰ ਦੇ ਦਿੰਦੇ ਹਾਂ ਬਾਹਰ। ਇਹ ਛੱਡ ਦਿਓ। ਇਥੇ ਇਕ ਮਹਾਰਾਣੀ ਨੇ ਰਹਿਣੈ।

ਕਹਿੰਦੇ, ਮੈਂ ਤਾਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਤੇ ਲਿਆ ਵੀ ਮੈਂ ਲੱਕੜੀਆਂ ਵਾਲਾ, ਕੋਲਿਆਂ ਵਾਲਾ ਕਮਰਾ ਸੀ। ਇਥੋਂ ਕਿਉਂ ਮੈਨੂੰ ਕੱਢਦੇ ਹੋਂ। ਮੈਂ ਤਾਂ ਨਹੀਂ ਨਿਕਲਣਾ। ਮੁੰਡੇ ਕਹਿੰਦੇ, ਤੂੰ ਹੱਕ ਹੀ ਸਮਝਣ ਲਗ ਗਿਆ। ਮਾੜਾ ਜਿਹਾ ਚਿਰ ਤੈਨੂੰ ਆਏ ਨੂੰ ਹੋਇਐ, ਤੂੰ ਤਾਂ ਇਸ 'ਤੇ ਕਬਜ਼ਾ ਹੀ ਕਰਕੇ ਬੈਠ ਗਿਆ।

ਕਹਿੰਦਾ, ਮੈਂ ਨਹੀਂ ਨਿਕਲਣਾ।

ਅਖੀਰ ਦਰਵਾਜ਼ਾ ਭੰਨ੍ਹ ਲਿਆ ਉਹਨਾਂ ਨੇ। ਇਕ ਮੁੰਡੇ ਨੇ ਬਾਂਹ ਉਧਰੋਂ ਫੜ ਲਈ ਇਕ ਨੇ ਦੂਜੀ ਫੜ ਲਈ ਤੇ ਪਿੱਛੇ ਸੇਠ ਲੱਗਿਆ ਹੋਇਐ ਧੱਕਾ ਲਾਉਣ। ਉਹ ਅੜਦੈ। ਉਹ ਖਿੱਚ-ਖਿੱਚ ਕੇ ਅੜਦੇ ਨੂੰ, ਧੱਕੇ ਲਾ ਕੇ ਬਾਹਰ ਬਜ਼ਾਰ ਦੇ ਵਿਚ ਧੱਕਾ ਦੇ ਦਿਤਾ ਕਿ ਨੱਠ ਇਥੋਂ। ਆ ਕੇ ਬਣ ਗਿਆ ਕਾਬਜ਼।

ਉਹ ਵਿਚਾਰਾ ਥੋੜ੍ਹੀ ਦੂਰ ਗਿਆ। ਅੰਤਰ ਧਿਆਨ ਹੋ ਗਿਆ। ਦੇਖਿਆ ਸਾਰਿਆਂ ਨੇ।

ਉਸ ਤੋਂ ਬਾਅਦ ਅੰਦਰ ਆਏ ਤੇ ਕਹਿਣ ਲੱਗੇ ਕਿ ਬੀਬੀ! ਉਹ ਤਾਂ ਕੱਢ ਦਿਤਾ। ਹੁਣ ਤੂੰ ਰਹਿ।

ਜਦੋਂ ਉਥੇ ਦੇਖਦੇ ਨੇ ਬੀਬੀ ਹੀ ਨਹੀਂ ਹੈ। ਉਹ ਵੀ ਅੰਤਰ ਧਿਆਨ ਹੋ ਗਈ।

ਘਰੋਂ ਸੁਨੇਹਾ ਆ ਗਿਆ, ਰੋਂਦੇ-ਰੋਂਦੇ ਆ ਗਏ ਕਿ ਪਤਾ ਨਹੀਂ ਕੀ ਹੋ ਗਿਆ ਕਿ ਜਿਹੜੇ ਭਾਂਡੇ ਸੋਨੇ ਦੇ ਸੀ, ਕੁੰਡੇ ਸੋਨੇ ਦੇ ਸੀ, ਉਹ ਹੈ ਨਹੀਂ ਘਰ ਵਿਚ। ਪਤਾ ਨਹੀਂ ਕਿੱਧਰ ਉੱਡ ਗਏ।

ਕਹਿਣ ਲੱਗੀ, ਕਿਉਂ ਭਗਵਾਨ! ਹੁਣ ਦਸ। ਤੂੰ ਇਹਨੂੰ ਆਪਣਾ ਕਹਿੰਦਾ ਸੀ ਤੇ ਫੇਰ ਦੇਖਿਆ ਤੇਰਾ ਜਿਹੜਾ ਬੰਦਾ ਹੈ ਮੇਰੇ ਸਾਮ੍ਹਣੇ ਇਕ ਨਹੀਂ ਖੜ੍ਹਿਆ। ਉਸੇ ਵੇਲੇ ਡਾਵਾਂਡੋਲ੍ਹ ਹੋ ਗਿਆ।

ਭਗਵਾਨ ਕਹਿਣ ਲੱਗੇ, ਮੇਰੇ ਵੀ ਹੈਗੇ। ਮੈਂ ਉਹ ਤੈਨੂੰ ਦਿਖਾਏ ਨਹੀਂ।

ਕਹਿੰਦੀ, ਦਿਖਾ ਦਿਓ।

ਕਹਿੰਦੇ, ਉਹ ਵੀ ਦਿਖਾ ਦੇਵਾਂਗਾ।

ਕਬੀਰ ਸਾਹਿਬ ਦੇ ਚਲੇ ਜਾਂਦੇ ਨੇ ਉਹ ਬਿਰਧ ਪਹਿਲਾਂ ਚਲਿਆ ਗਿਆ। ਕਹਿੰਦਾ, ਮੇਰੇ ਲੜਕੇ ਦੀ ਹੈ ਸ਼ਾਦੀ, ਇਹਦਾ ਕੱਪੜਾ ਬਣਾ ਦੇ ਭਗਤ ਜੀ। ਹੈ ਬੜਾ ਉਲਝਿਆ ਹੋਇਆ। ਉਹ ਕਹਿੰਦੇ ਕੋਈ ਨਹੀਂ, ਮੈਂ ਕਮਾਲਾ ਕਮਾਲੀ ਤੇ ਲੋਈ ਨੂੰ ਲਾ ਕੇ ਸ਼ੁੱਧ ਕਰ ਲਵਾਂਗਾ। ਗੰਢਾਂ ਖੋਲ੍ਹ ਲਵਾਂਗਾ, ਤੂੰ ਫਿਕਰ ਨਾ ਕਰ, ਕੋਸ਼ਿਸ਼ ਕਰਾਂਗਾ ਦਿਨ ਰਾਤ ਲਾ ਕੇ, ਤੇਰਾ ਕੱਪੜਾ ਬੁਣ ਦੂੰ। ਉਹ ਤਾਣਾ ਸੁਲਝਾ ਲਿਆ। ਸੁਲਝਾ ਕੇ ਜਿਸ ਵਕਤ ਕੱਪੜਾ ਬਣਾਉਣ ਲਈ ਤਾਣਾ ਬਾਣਾ ਲਾਇਆ। ਸਾਧੂ ਮਹਾਂਪੁਰਸ਼ ਬਹੁਤ ਸਾਰੇ ਬੈਠੇ ਨੇ। ਐਨੇ ਨੂੰ ਬਹੁਤ ਹੀ ਵਧੀਆ ਕੱਪੜੇ ਪਾਏ ਹੋਏ, ਮਾਇਆ ਕਬੀਰ ਸਾਹਿਬ ਦੇ ਕੋਲ ਆਈ।

ਕਹਿਣ ਲੱਗੀ, ਭਗਤ ਜੀ! ਆਹ ਮੇਰਾ ਰੇਸ਼ਮ ਦਾ ਤਾਣਾ ਹੈ। ਇਹ ਤੁਸੀਂ ਜਲਦੀ ਬੁਣ ਦਿਓ, ਮੈਨੂੰ ਜਲਦੀ ਲੋੜ ਹੈ। ਮਜੂਰੀ ਜਿੰਨੀ ਕਹੋਗੇ ਦੇ ਦੇਵਾਂਗੀ। ਅੱਠ ਦੱਸ ਗੁਣਾਂ ਵੀ ਦੇ ਦੇਵਾਂਗੀ।

ਉਹ ਕਹਿੰਦੇ, ਬੀਬੀ ਅਸੀਂ ਤਾਂ ਵਾਰੀ ਸਿਰ ਹੀ ਕੱਢਣਾ ਅਸੀਂ। ਕਹਿੰਦੀ, ਇਹਨੂੰ ਕੱਟ ਦਿਓ, ਫੇਰ ਲੈ ਲਓ। ਇਹਦਾ ਸਾਰਾ ਹੀ ਖਰਚਾ ਮੈਂ ਦੇ ਦੇਵਾਂਗੀ, ਨਵਾਂ ਧਾਗਾ ਦੇ ਦਿੰਦੀ ਹਾਂ ਵਧੀਆ। ਐਵੇਂ ਕਾਹਨੂੰ ਪੁਰਾਣੇ ਨਾਲ ਮੱਥਾ ਮਾਰਦੇ ਹੋਂ।

ਕਬੀਰ ਸਾਹਿਬ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਲੈ ਬਈ ਇਹ ਤਾਂ ਛਲੋਣੀ ਆ ਗਈ। ਇਹ ਤਾਂ ਸਭ ਨੂੰ ਛਲ ਲੈਂਦੀ ਹੈ। ਕਹਿੰਦੇ, ਕਮਾਲਿਆ! ਛੁਰੀ ਲਿਆ ਬੇਟਾ! ਤਿੱਖੀ ਕਰਨ ਲਗ ਗਏ ਛੁਰੀ। ਉਹਨੇ ਕਿਹਾ ਕਿ ਲੱਗੇ ਵੱਢਣ।

ਕਹਿੰਦੇ, ਇਹ ਕੀ ਕਰਦੇ ਹੋਂ?

ਕਹਿੰਦੇ, ਤੇਰੇ ਨੱਕ ਕੰਨ ਕੱਟੂੰ, ਅੱਜ ਅੜਿੱਕੇ ਆ ਗਈ ਤੂੰ ਸਾਡੇ।

ਮਿੰਨਤਾਂ ਕਰਦੀ ਹੈ। ਅਖੀਰ ਉਸੇ ਤਰ੍ਹਾਂ ਨੱਠ ਚੱਲੀ। ਸੰਤਾਂ ਨੇ ਦੇਖਿਆ ਕਿ ਇਹਦੇ ਪਿੱਛੇ ਵੀ ਨਹੀਂ ਕੇਸ ਹੈਗੇ। ਮੂਹਰੇ ਵੀ ਨਹੀਂ ਹੈ।

ਕਹਿੰਦੇ, ਭਗਤ ਜੀ! ਤੁਸੀਂ ਐਨਾ ਡਰਾਈ ਇਹ ਬੀਬੀ ਕਿ ਨੱਠ ਹੀ ਗਈ।

ਕਹਿੰਦੇ, ਸੰਤੋ! ਇਹ ਤਾਂ ਵੈਰਨ ਹੈ ਆਪਣੀ। ਜੇ ਕੋਈ ਤਪ ਕਰਦੈ ਉਹਦਾ ਤਪ ਤੋੜ ਦਿੰਦੀ ਹੈ। ਜਪ ਕਰਦੈ ਜਪ ਤੋੜ ਦਿੰਦੀ ਹੈ। ਇਹੀ ਹੈ ਮਾਇਆ ਜਿਹਨੂੰ ਕਹਿੰਦੇ ਨੇ। ਪ੍ਰਤੱਖ ਰੂਪ 'ਚ ਆਈ ਹੈ। ਪਹਿਲੇ ਜਿਹੜੇ ਆਏ ਸੀ। ਕਹਿੰਦੇ, ਪਛਾਣੇ ਤੁਸੀਂ ਉਹ ਭਗਵਾਨ ਸੀ। ਕਿਉਂਕਿ ਸੰਤਾਂ ਤੋਂ ਤਾਂ ਕੋਈ ਲੁਕ ਨਹੀਂ ਨਾ ਸਕਦਾ। ਕਿਉਂਕਿ ਦਿਬਯ ਦ੍ਰਿਸ਼ਟ ਹੁੰਦੀ ਹੈ ਉਹਨਾਂ ਕੋਲ।

ਕਹਿੰਦੇ, ਭਗਤ ਜੀ! ਇਹਦੇ ਕੇਸਾਂ ਨੂੰ ਕੀ ਹੋ ਗਿਆ?

ਕਹਿੰਦੇ, ਬੁਲਾ ਕੇ ਪੁੱਛ ਲਓ।

ਅਵਾਜ਼ ਮਾਰੀ। ਕਹਿੰਦੇ ਬੀਬੀ! ਡਰ ਨਾ। ਵਾਪਸ ਆ ਗਈ। ਕਹਿੰਦੇ, ਤੂੰ ਕੌਣ ਹੈਂ?

ਕਹਿੰਦੀ, ਮੈਂ ਮਾਇਆ। ਤਿੰਨ ਲੋਕਾਂ ਦੀ ਮਾਇਆ ਹਾਂ। ਮੇਰੇ ਪੰਜੇ 'ਚੋਂ ਕੋਈ ਬਾਹਰ ਨਹੀਂ ਹੈ। ਜੇ ਹੈ ਤਾਂ ਸਾਧੂ ਨੇ।

ਕਹਿਣ ਲੱਗੇ ਕਿ ਕੋਈ ਕੌਤਕ ਵੀ ਦਿਖਾ ਸਕਦੀ ਹੈਂ?

ਕਹਿੰਦੀ, ਇਹ ਤਾਂ ਮਾਮੂਲੀ ਗੱਲ ਹੈ, ਰੋਜ਼ ਕੌਤਕ ਦੇਖਦੇ ਨਹੀਂ ਤੁਸੀਂ? ਮੇਰੇ ਹੀ ਕੌਤਕ ਹੋ ਰਹੇ ਸਾਰੇ, ਲੜਾਈਆਂ, ਝਗੜੇ ਝਾਟੇ, ਜੋ ਕੁਛ ਵੀ ਫਸਾਦ ਹੋ ਰਹੇ ਨੇ ਮੈਂ ਹੀ ਤਾਂ ਪਾ ਰਹੀ ਹਾਂ।

ਕਹਿੰਦੇ, ਕੋਈ ਪ੍ਰਤੱਖ ਰੂਪ ਵਿਚ ਵੀ ਦਿਖਾ ਦੇ।

ਕਹਿੰਦੀ, ਜੰਗਲ 'ਚ ਚੱਲੋ।

ਉਥੇ ਚਲੇ ਗਏ। ਆਹ ਚਾਰ ਮਿੱਤਰ ਆਉਂਦੇ ਨੇ। ਹੁਣ ਮੈਂ ਦਸਦੀ ਹਾਂ ਕਿ ਮੈਂ ਕੀ ਕਰਦੀ ਹਾਂ।

ਉਹ ਮੋਹਰਾਂ ਦੀ ਥੈਲੀ ਬਣ ਕੇ ਪੈ ਗਈ। ਉਹਨਾਂ ਨੇ ਵੀ ਦੇਖ ਲਿਆ ਕਿ ਕੋਈ ਚੀਜ਼ ਚਮਕਦੀ ਹੈ, ਮੂੰਹ ਨੰਗਾ ਹੈ, ਇਹ ਤਾਂ ਮੋਹਰਾਂ ਨੇ। ਕਹਿੰਦੇ, ਲੈ ਬਈ ਆਪਾਂ ਚਾਰ ਹਾਂ। ਇਕੋ ਜਿਹੀਆਂ ਵੰਡਾਂਗੇ। ਉਹ ਚੁੱਕ ਲਈ ਆ ਕੇ ਥੈਲੀ। ਬਹੁਤ ਭਾਰੀ। ਕਹਿੰਦੇ ਬਈ ਇਹਦੇ ਨਾਲ ਤਾਂ ਆਪਣੀ ਉਮਰ ਲੰਘ ਜਾਏਗੀ, ਮਿਲ ਗਈ ਅੱਜ ਮਾਇਆ। ਖੁਸ਼ੀ ਦੇ ਵਿਚ ਪਏ ਹੋਏ, ਜੰਗਲ 'ਚ ਚਲੇ ਗਏ। ਕਹਿੰਦੇ ਆਪਾਂ ਪ੍ਰਸ਼ਾਦਾ ਛਕ ਲਈਏ। ਫੇਰ ਵੰਡਾਂਗੇ। ਦੋ ਜਣੇ ਚਲੇ ਗਏ ਪ੍ਰਸ਼ਾਦਾ ਲੈਣ ਵਾਸਤੇ। ਦੋ ਰਹਿ ਗਏ ਥੈਲੀ ਦੀ ਰਾਖੀ ਵਾਸਤੇ। ਉਹ ਜਿਹੜੇ ਪ੍ਰਸ਼ਾਦਾ ਲੈਣ ਗਏ ਚੁੱਪ-ਚੁੱਪ ਜਾਂਦੇ ਨੇ। ਅਖੀਰ ਜਦੋਂ ਗੱਲ ਹੋਈ, ਕਹਿੰਦੇ ਤੂੰ ਚੁੱਪ ਹੈਂ? ਕੋਈ ਗੱਲ ਕਰ।

ਕਹਿੰਦਾ, ਗੱਲ ਤਾਂ ਮੈਂ ਕਰਦਾਂ। ਜੇ ਸਹੁੰ ਖਾਵੇਂ ਕਿ ਮੈਂ ਦਸਦਾਂ ਨਹੀਂ। ਤੇਰੇ ਹਿਤ ਦੀ ਗੱਲ ਹੈ।

ਕਹਿੰਦਾ, ਮੈਂ ਕਿਉਂ ਦੱਸਾਂਗਾ ਜੇ ਮੇਰਾ ਹਿੱਤ ਹੈ। ਕਹਿੰਦਾ, ਆਪਾਂ ਚਾਰ ਹਿੱਸਿਆਂ 'ਚ ਕਿਉਂ ਵੰਡੀਏ। ਦੋ 'ਚ ਵੰਡ ਲਈਏ। ਕਹਿੰਦਾ, ਮੈਂ ਵੀ ਆਹੀ ਸੋਚਦਾ ਜਾਂਦਾ ਸੀ। ਫੇਰ? -

ਕਹਿੰਦਾ, ਆਪਾਂ ਜ਼ਹਿਰ ਪਾ ਲੈਂਦੇ ਹਾਂ ਖਾਣੇ 'ਚ। ਆਪਾਂ ਇਥੇ ਖਾ ਚਲਦੇ ਹਾਂ। ਜਦੋਂ ਉਹ ਖਾਣਗੇ ਆਪੇ ਮਰ ਜਾਣਗੇ। ਆਪਾਂ ਸਾਰੀਆਂ ਮੋਹਰਾਂ ਲੈ ਜਾਵਾਂਗੇ।

ਇਧਰ ਜਿਹੜੇ ਰਾਖੀ ਬੈਠੇ ਨੇ, ਇਹਨਾਂ ਨੇ ਵੀ ਮਤਾ ਪਕਾ ਲਿਆ ਕਿ ਜਿਸ ਵਕਤ ਆ ਕੇ ਖਾਣਾ ਰੱਖਣਗੇ। ਉਸੇ ਵੇਲੇ ਗਰਦਨਾਂ ਕੱਟ ਦਿਓ ਉਹਨਾਂ ਦੀਆਂ। ਫੇਰ ਪ੍ਰਸ਼ਾਦਾ ਛਕਾਂਗੇ।

ਸੋ ਇਵੇਂ ਹੀ ਹੋਇਆ, ਆ ਕੇ ਜਿਸ ਵਕਤ ਰੱਖਣ ਲੱਗੇ, ਪ੍ਰਸ਼ਾਦੇ। ਉਹਨਾਂ ਨੇ ਤਲਵਾਰਾਂ ਕੱਢੀਆਂ ਹੋਈਆਂ ਗਰਦਨਾਂ ਕੱਟ ਦਿਤੀਆਂ। ਪ੍ਰਸ਼ਾਦਾ ਛਕਣ ਲੱਗੇ, ਜਦ ਛਕ ਲਿਆ, ਦੋਵੇਂ ਉਹ ਮਰ ਗਏ।

ਮਾਇਆ ਉੱਠ ਕੇ ਆ ਗਈ। ਕਹਿੰਦੀ, ਦੇਖ ਲਿਆ ਮੇਰਾ ਕੌਤਕ। ਇਸ ਤਰ੍ਹਾਂ ਕਰਦੀ ਹਾਂ ਮੈਂ ਸੰਸਾਰ ਨਾਲ। ਸਭ ਨੂੰ ਲੜਾ ਦਿੰਦੀ ਹਾਂ। ਕੋਈ ਨਹੀਂ ਰਹਿੰਦਾ। ਜਿਹੜੇ ਅੱਜ ਕਹਿੰਦੇ ਨੇ, ਪਿਆਰ ਕਰਦੇ ਹਾਂ ਆਪਸ ਵਿਚ, ਹੰਝੂ ਸੁੱਟਦੇ ਨੇ। ਕੱਲ੍ਹ ਨੂੰ ਹੀ ਮੈਂ ਦਿਖਾ ਦੂੰ ਤੁਹਾਨੂੰ ਵੈਰੀ ਹੋਣਗੇ।

*'ਚਲਦਾ..........।'*

*(ਪੰਨਾ 11 ਦੀ ਬਾਕੀ)*

ਨੇ ਪ੍ਰਭੂ ਪਿਆਰੇ ਨੂੰ ਭੁਲਾ ਕੇ ਜ਼ਿੰਦਗੀ ਦੇ ਅੰਧਕਾਰ ਵਿਚ ਧੱਕਾ ਖਾਧਾ ਹੈ। ਅਖੀਰ ਵਿਚ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਚ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਅਸੀਂ ਭੁਲੇ ਹੋਏ ਜੀਵ ਹਾਂ, ਤੁਸੀਂ ਸਾਡੇ ਉਤੇ ਕ੍ਰਿਪਾ ਕਰਕੇ ਸਾਨੂੰ ਪੂਰਨ ਤੱਤ ਬੇਤੇ ਸਮਰੱਥ ਗੁਰੂ ਦਾ ਮਿਲਾਪ ਬਖਸ਼ੋ, ਆਪਣੇ ਪਿਆਰਿਆਂ ਦੇ ਦਰਸ਼ਨ ਬਖਸ਼ੋ, ਅਸੀਂ ਮਾਇਕ ਸੋਝੀ ਦੀ ਥਾਂ ਆਪ ਦੇ ਨਾਮ ਵਿਚ ਲੀਨ ਹੋ ਜਾਈਏ ਅਤੇ ਅਸਾਡਾ ਜੋ ਮੁਖ ਮੰਤਵ ਪ੍ਰਭੂ ਪ੍ਰਾਪਤੀ ਦਾ ਹੈ ਉਹ ਪੂਰਾ ਹੋ ਜਾਵੇ -

*ਜਿਨਿ ਜਿਨਿ ਨਾਮੁ ਧਿਆਇਆ*
*ਤਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ*
*ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ*
*ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ*
*ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ*
*ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਅੰਗ - ੧੩੬*

ਸਮੁੱਚੇ ਬਾਰਹਮਾਹ ਵਿਚ ਆਈ ਗੁਰਬਾਣੀ ਇਸ ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਜੋ ਕ੍ਰੋੜਾਂ ਸਾਲਾਂ ਤੋਂ ਚਉਰਾਸੀ ਦੇ ਚੱਕਰ ਖਾਂਦਾ ਅਤਿ ਦੁਖੀ ਹੋ ਰਿਹਾ ਸੀ, ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ। ਚੇਤ ਦੇ ਮਹੀਨੇ ਰਾਹੀਂ ਪ੍ਰਗਟ ਹੁੰਦਾ ਹੈ ਕਿ ਗੋਬਿੰਦ ਦੇ ਅਰਾਧਣ ਨਾਲ ਘਣਾ ਅਨੰਦ ਮਿਲਦਾ ਹੈ। ਇਹ ਅਨੰਦ ਸੰਤਾਂ ਨੂੰ ਮਿਲ ਕੇ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਆਏ ਉਹ ਸਫਲ ਹਨ ਜਿਹੜੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ ਪ੍ਰਭੂ ਮਿਲਾਪ ਤੋਂ ਬਿਨਾਂ ਮਾਨਸ ਜਨਮ ਬਿਰਥਾ ਹੈ। ਉਹ ਪ੍ਰਭੂ ਜਲਾਂ-ਥਲਾਂ, ਪਰਬਤਾਂ, ਵਣਾਂ ਵਿਚ ਇਕ ਰਸ ਪ੍ਰੀਪੂਰਨ ਹੈ। ਕਿੰਨਾਂ ਦੁਖ ਹੈ ਜੇ ਉਸ ਪ੍ਰਭੂ ਨੂੰ ਨਹੀਂ ਮਿਲਦੇ। ਭਾਗਾਂ ਵਾਲੇ ਹਨ ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਕਰ ਲਈ ਹੈ। ਇਹ ਜਾਣ ਕੇ ਜੀਵ ਅੰਦਰ ਲੋਚਾ ਪੈਦਾ ਹੁੰਦੀ ਹੈ ਕਿ ਮੈਨੂੰ ਭੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਵੇ। ਇਸੇ ਤਰ੍ਹਾਂ ਹਰ ਮਹੀਨੇ ਵਿਚ ਜਾਚ ਦਸਦੇ, ਸੰਤ ਮਹਿਮਾਂ, ਨਾਮ ਮਹਿਮਾਂ ਦਸਦੇ ਫਲਗੁਣ ਦੇ ਮਹੀਨੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਮਹੱਤਤਾ ਦੱਸੀ ਗਈ ਹੈ।

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ – ੨੮੯*

*ਉਦਮੁ ਕਰਹੁ ਵਡਭਾਗੀਹੋ*
*ਸਿਮਰਹੁ ਹਰਿ ਹਰਿ ਰਾਇ ॥*
*ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ*
*ਦੂਖੁ ਦਰਦੁ ਭ੍ਰਮੁ ਜਾਇ ॥* *ਅੰਗ – ੪੫੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਮਹਾਰਾਜ ਜੀ ਨੇ ਇਲਾਜ ਦੱਸਿਆ ਹੈ ਦੁਖਾਂ ਦਾ ਤੇ ਦਰਦਾਂ ਦਾ। ਮੇਰੇ ਪਾਸ ਆਉਂਦੇ ਨੇ ਪ੍ਰੇਮੀ ਕਿ ਮੈਂ ਦੁਖੀ ਹਾਂ ਜੀ, ਮੇਰਾ ਸਰੀਰ ਦੁਖਦਾ ਹੈ ਜੀ, ਦਰਦ ਹੁੰਦਾ ਹੈ, ਮੈਨੂੰ ਘਾਟਾ ਪੈਂਦਾ ਹੈ, ਸਾਡੇ ਬਰਕਤ ਨਹੀਂ ਹੈ, ਬੇਅੰਤ ਕਿਸਮ ਦੇ ਸਵਾਲ ਲੈ ਕੇ ਆਉਂਦੇ ਨੇ। ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਨੇ ਸਾਰਿਆਂ ਦਾ ਹਲ ਦਸ ਦਿੱਤਾ ਕਿ ਉਦਮ ਕਰੋ, ਸੁਸਤੀ ਨਾ ਧਾਰੋ ਏਸ ਮਾਮਲੇ ਦੇ ਅੰਦਰ। ਕਿਹੜੀ ਗੱਲ ਹੈ ਜਿਹਦੇ ਵਾਸਤੇ ਉਦਮ ਕਰਨਾ ਹੈ, ਤੁਸੀਂ ਵਾਹਿਗੁਰੂ ਨੂੰ ਯਾਦ ਰੱਖਣ ਦਾ ਉੱਦਮ ਕਰੋ, ਕਰਕੇ ਦੇਖ ਲਓ ਕੋਈ ਬੰਦਾ, ਜਿਹਦਾ ਜੀਅ ਕਰਦਾ ਹੈ, ਪਰਤਿਆ ਲਓ ਕੋਈ ਐਸੇ ਬਚਨ ਨਹੀਂ ਹਨ ਇਹ ਕਿ ਜਿਨ੍ਹਾਂ ਦੇ ਪਿੱਛੇ ਸਾਨੂੰ ਜਾ ਕੇ ਸ਼ਰਮਿੰਦਗੀ ਮਹਿਸੂਸ ਕਰਨੀ ਪੈਣੀ ਹੈ, ਇਹ ਅਕਾਲ ਪੁਰਖ ਦੇ ਆਪਣੇ ਬਚਨ ਨੇ। ਉਦਮ ਕਰਦੇ ਹਾਂ ਅਸੀਂ ਸਾਰੇ ਕੰਮਾਂ ਦੇ ਵਾਸਤੇ, ਹਲ ਜੋੜਦੇ ਹਾਂ, ਟਰੈਕਟਰ ਜੋੜਦੇ ਹਾਂ, ਟਿਊਬਵੈਲ ਚਲਾਉਂਦੇ ਹਾਂ ਤੇ ਹੋਰ ਕੰਮ ਕਰਦੇ ਹਾਂ। ਪੜ੍ਹਾਈ ਲਿਖਾਈ, ਨੌਕਰੀਆਂ ਚਾਕਰੀਆਂ, ਸਭ ਦੇ ਵਿਚ ਅਸੀਂ ਉਦਮ ਕਰਦੇ ਹਾਂ। ਉਹਦਾ ਫਲ ਕਿਸੇ ਹੱਦ ਤਕ ਹੋਇਆ ਕਰਦਾ ਹੈ। ਸਿਆਣਾ ਕਿਸਾਨ ਜਾਣਦਾ ਹੈ ਕਿ ਜੇ ਮੈਂ ਐਨੀ ਜੀਰੀ ਲਾਈ ਜਾਂ ਧਾਨ ਲਾਏ, ਜੇ ਮੈਂ ਵੱਧ ਤੋਂ ਵੱਧ ਉਪਜ ਪੈਦਾ ਕਰ ਲਈ ਤਾਂ ਮੇਰੇ ਐਨੇ ਹੋਣਗੇ, ਇਸ ਤੋਂ ਵੱਧ ਨਹੀਂ ਹੋਣਗੇ। ਸਿਆਣਾ ਬੰਦਾ ਦੋ ਚਾਰ ਬੱਲੀਆਂ ਦੇਖ ਕੇ ਹੀ ਸਾਰੇ ਖੇਤ ਦਾ ਅੰਦਾਜ਼ਾ ਲਾ ਦਿੰਦਾ ਹੈ ਕਿ ਐਨਾ ਹੋਏਗਾ, ਉਸ ਤੋਂ ਵੱਧ ਨਹੀਂ ਹੋ ਸਕਦਾ। ਪਰ ਇੱਕ ਖੇਤੀ ਐਸੀ ਹੈ ਜਿਹਦੇ ਫਲਾਂ ਦਾ ਕੋਈ ਹਿਸਾਬ ਨਹੀਂ ਹੈ। ਮਹਾਰਾਜ ਜੀ ਕਹਿੰਦੇ ਨੇ ਕਿ ਸ਼ਰਧਾ ਧਾਰ ਕੇ ਘਰ ਤੋਂ ਚੱਲੇ ਸਤਿਸੰਗ 'ਚ ਆਵੇ, ਇੱਥੇ ਗੁਰੂ ਦੀ ਬਾਣੀ ਸੁਣੇ, ਗੁਰੂ ਦੀ ਬਾਣੀ ਪੜ੍ਹੇ ਤੇ ਫੇਰ ਇਸਨੂੰ ਮੰਨੇ, ਮੰਨ ਕੇ ਹਿਰਦੇ 'ਚ ਜੇ ਧਾਰਨ ਕਰ ਲਵੇ, ਤਾਂ ਫਲ ਕਿੰਨਾ ਹੁੰਦਾ ਹੈ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਅੰਗ – ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲ ਜਾਏਗਾ, ਜੇ ਅਸੀਂ ਰੋਜ਼ ਇੱਕ ਯੱਗ ਕਰੀਏ, ਜਦੋਂ ਤੋਂ ਪੈਦਾ ਹੋਏ, ਸਾਧਨ ਐਸਾ ਹੋਵੇ ਕਿ ਇਸ ਬੱਚੇ ਦੇ ਨਮਿਤ ਹਰ ਰੋਜ਼ ਇੱਕ ਯੱਗ ਕਰਨਾ ਹੈ। ਉਹ ਯੱਗ ਵਿਧੀਪੂਰਵਕ ਹੋਇਆ ਕਰਦੇ ਸੀ, ਜਿਵੇਂ ਅਖੰਡਪਾਠ ਵਿਧੀਪੂਰਵਕ ਹੁੰਦੇ ਨੇ, ਇਸੇ ਤਰ੍ਹਾਂ ਯੱਗਾਂ ਦਾ ਹਜ਼ਾਰਾਂ ਰੁਪਿਆ, ਲੱਖਾਂ ਰੁਪਿਆ ਇੱਕ ਯੱਗ 'ਤੇ ਖਤਮ ਹੋ ਜਾਂਦਾ ਸੀ, ਕਿਉਂਕਿ ਕਿੰਨੀ ਹੀ ਦੱਛਣਾ ਦੇਣੀ ਪੈਂਦੀ ਸੀ, ਸੈਂਕੜੇ ਗਊਆਂ ਦਾਨ ਕਰਦੇ ਸੀ, ਖੁਰਾਂ ਨੂੰ ਸੋਨਾ ਲਾ ਕੇ, ਸਿੰਗਾਂ ਨੂੰ ਸੋਨਾ ਲਾ ਕੇ, ਪੂੰਛ ਦੇ ਉਤੇ ਪਿਛਲੇ ਪਾਸੇ ਸੋਨਾ ਬੰਨ੍ਹ ਕੇ, ਹਜ਼ਾਰਾਂ ਰੁਪਿਆਂ ਦਾ ਸੋਨਾ ਇੱਕ ਪਸ਼ੂ ਨੂੰ ਲਗ ਜਾਂਦਾ ਸੀ। ਸੈਂਕੜੇ ਪਸ਼ੂ ਦਾਨ ਕੀਤੇ ਜਾਂਦੇ ਸੀ ਯੱਗ ਦੇ ਉੱਤੇ। ਇਹ ਤਾਂ ਸੀਗਾ ਗਰੀਬ ਆਦਮੀਆਂ ਦਾ ਯੱਗ। ਜਿਹੜਾ ਵੱਡਿਆਂ-ਵੱਡਿਆਂ ਦੀ ਸੀ, ਉਹਦੇ 'ਚ ਲੱਖਾਂ ਗਊਆਂ ਦਾਨ ਕਰਦੇ ਸੀ, ਉਹ ਇੱਥੇ ਤੱਕ ਵੀ ਸੀ ਜਿਹੜੇ ਰੱਸੇ ਸੀ, ਰੱਸਿਆਂ ਦੀ ਥਾਂ 'ਤੇ ਸੋਨੇ ਦੇ ਸੰਗਲ ਪਾਉਂਦੇ ਸੀ। ਸਮੇਤ ਸੋਨੇ ਦੇ ਸੰਗਲ ਦੇ ਦਾਨ ਕਰ ਦਿੰਦੇ ਸੀ। ਹਜ਼ਾਰਾਂ ਗਊਆਂ ਦਾਨ ਹੋਇਆ ਕਰਦੀਆਂ ਸੀ ਯੱਗਾਂ ਦੇ ਅੰਦਰ। ਮਹਾਰਾਜ ਕਹਿੰਦੇ, ਕਿੰਨਾ ਫਲ ਹੈ, ਜੇ ਕੋਈ ਆਦਮੀ ਵਿਧੀਪੂਰਵਕ ਯੱਗ ਕਰਾ ਲਏ, ਜਿਹੜੇ ਕਰਨ ਵਾਲੇ ਨੇ, ਉਹ ਵੀ ਉੱਚ ਕੋਟੀ ਦੇ ਵਿਦਵਾਨ 'ਤੇ ਕਰਨੀ ਕਮਾਈ ਵਾਲੇ ਪੁਰਸ਼ ਹੋਣ। ਉਹਦਾ ਇੱਕ ਫਲ ਮਿਲਿਆ ਕਰਦਾ ਸੀ, ਉਹ ਵੀ ਜੇ ਯੱਗ ਸੰਪੂਰਨ ਹੋ ਜਾਵੇ, ਪਰ ਸੰਪੂਰਨ ਨਹੀਂ ਸੀ ਹੋਇਆ ਕਰਦੇ। ਅਧੂਰੇ ਹੀ ਰਹਿ ਜਾਇਆ ਕਰਦੇ ਸੀ। ਅਖੰਡਪਾਠ ਸਾਰੇ ਹੀ ਕਰਾਉਂਦੇ ਨੇ ਪਰ ਸੰਪੂਰਨ ਬਹੁਤ ਵਿਰਲਿਆਂ ਦਾ ਹੁੰਦਾ ਹੈ, ਫਲ ਵਿਰਲਿਆਂ ਨੂੰ ਪ੍ਰਾਪਤ ਹੁੰਦਾ ਹੈ, ਕਿਉਂਕਿ ਵਿਧੀ ਹੁੰਦੀ ਹੈ, ਕਿਉਂਕਿ ਵਿਧੀ ਦੇ ਮੁਤਾਬਿਕ ਜਿਥੇ ਗਲਤੀ ਹੋ ਜਾਵੇ ਭੋਰਾ ਕੁ ਉਥੇ ਹੀ ਰਹਿ ਜਾਣਾ ਹੈ। ਪਾਂਡਵਾਂ ਨੇ ਯੱਗ ਕਰਿਆ, ਨਹੀਂ ਸੰਪੂਰਨ ਹੋਇਆ, ਛੇ ਮਹੀਨੇ ਲੱਗੇ ਰਹੇ। ਕ੍ਰਿਸ਼ਨ ਮਹਾਰਾਜ ਪੱਤਲਾਂ ਜੂਠੀਆਂ ਚੁੱਕਦੇ ਰਹੇ, ਆਏ ਅਤਿਥੀਆਂ

ਦੇ ਚਰਨ ਧੋਂਦੇ ਰਹੇ, ਛੇ ਮਹੀਨੇ ਲਗਾਤਾਰ ਚਲਦਾ ਰਿਹਾ, ਯੱਗ ਸੰਪੂਰਨ ਨਾ ਹੋਇਆ। ਨਿਸ਼ਾਨੀ ਇਹ ਰੱਖੀ ਸੀ ਕਿ ਬਾਂਸ ਦੇ ਉੱਤੇ ਸੰਖ ਬੰਨ੍ਹ ਦਿਓ, ਜੇ ਪੂਰੇ ਜ਼ੋਰ ਨਾਲ ਬੋਲ ਪਿਆ ਤਾਂ ਯੱਗ ਸੰਪੂਰਨ ਹੋ ਗਿਆ। ਪਰ ਨਾ ਹੋਇਆ ਤਾਂ ਅਖੀਰ ਬਾਲਮੀਕੀ ਰਿਸ਼ੀ ਨੂੰ ਲਿਆਂਦਾ ਜੋ ਚੰਡਾਲ ਜਾਤੀ ਨਾਲ ਸਬੰਧ ਰਖਦਾ ਸੀ। ਮਰੇ ਹੋਏ ਪਸ਼ੂਆਂ ਦਾ ਮਾਸ ਖਾਣ ਵਾਲਿਆਂ ਨਾਲ ਸਬੰਧ ਰਖਦਾ ਸੀ ਤੇ ਉਹਦੇ ਆਉਂਦੇ ਸਾਰ ਜਦ ਉਹਨੇ ਪ੍ਰਸ਼ਾਦਾ ਛਕ ਕੇ ਚੂਲਾ ਪੜ੍ਹਿਆ, ਚੂਲਾ ਪੜ੍ਹਦੇ ਸਾਰ ਪੂਰੇ ਜ਼ੋਰ ਨਾਲ ਸੰਖ ਗੱਜ ਪਿਆ। ਪਹਿਲਾਂ ਬਥੇਰੇ ਬੁਲਾਏ ਨਹੀਂ ਵੱਜਿਆ। ਸੋ ਵਿਰਲੇ ਦਾ ਹੈ ਕਿ ਯੱਗ ਸੰਪੂਰਨ ਹੋਵੇ। ਇਹ ਵੀ ਕਿੰਨੇ ਮਹੀਨੇ ਲੱਗੇ ਰਹੇ, ਲੱਖਾਂ ਕਰੋੜਾਂ ਰੁਪਏ ਲੱਗ ਗਏ, ਦਾਨ ਦਿੱਤਾ ਅਰਬਾਂ ਰੁਪਏ, ਤਾਂ ਵੀ ਮਸਾਂ ਸੰਪੂਰਨ ਹੋਇਆ। ਮਹਾਰਾਜ ਕਹਿੰਦੇ, ਕਲਜੁਗ ਦੇ ਅੰਦਰ ਐਨੀ ਰਿਆਇਤ ਗੁਰੂ ਨਾਨਕ ਪਾਤਸ਼ਾਹ ਨੇ ਦੇ ਦਿੱਤੀ ਕਿ ਜੇ ਕੋਈ ਘਰ ਤੋਂ ਚੱਲ ਕੇ ਆਵੇ, ਸ਼ਰਧਾ ਦੇ ਨਾਲ, ਜਿੰਨੇ ਕਦਮ ਕੋਈ ਪੁੱਟ ਕੇ ਆਉਂਦਾ ਹੈ, ਓਨੇ ਯੱਗਾਂ ਦਾ ਫਲ ਉਹਨੂੰ ਮਿਲ ਜਾਇਆ ਕਰਦਾ ਹੈ। ਇੱਥੇ ਆ ਕੇ ਜਦੋਂ ਸ਼ਰਧਾ ਦੇ ਨਾਲ ਬਚਨ ਸੁਣਦਾ ਹੈ, ਸੁਣ ਕੇ ਬਾਣੀ ਦੇ ਵਿੱਚ ਬੋਲਦਾ ਹੈ, ਵਿਚਾਰਦਾ ਹੈ, ਮੰਨਦਾ ਹੈ, ਫੇਰ ਉਹਦੇ ਮੁਤਾਬਿਕ ਆਪਣਾ ਜੀਵਨ ਢਾਲਦਾ ਹੈ, ਉਹਨੂੰ ਕਿੰਨਾਂ ਫਲ ਹੋ ਜਾਏਗਾ। ਬਾਣੀ ਨੂੰ ਸਤਿ ਕਰਕੇ ਮੰਨਦਾ ਹੈ, ਪਹਿਲਾਂ ਤਾਂ ਮਹਾਰਾਜ ਜੀ ਨੇ ਦੱਸਿਆ ਹੈ ਕਿ ਬਾਣੀ ਦਾ ਫਲ ਕਿਵੇਂ ਮਿਲਦਾ ਹੁੰਦਾ ਹੈ, ਉਹ ਇਹ ਹੈ ਕਿ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥* *ਅੰਗ – ੬੬੯*

ਆਉਂਦੇ ਸਾਰੇ ਹੀ ਨੇ, ਗਾਉਂਦੇ ਵੀ ਸਾਰੇ ਹੀ ਨੇ, ਹੁਣ ਥਾਉਂ ਕਿਹਦਾ ਪੈਂਦਾ ਹੈ –

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥* *ਅੰਗ – ੬੬੯*

'ਜਿਨ' ਕਹਿ ਦਿੱਤਾ, ਇਹਦਾ ਮਤਲਬ ਹੈ ਕਿ ਸਾਰਿਆਂ ਦਾ ਤਾਂ ਨਹੀਂ ਹੁੰਦਾ, ਸ਼ਰਤ ਲਾ ਦਿਤੀ ਕਿ ਸਿਰਫ ਉਨ੍ਹਾਂ ਦਾ ਹੁੰਦਾ ਹੈ, ਜਿਹੜੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਮੰਨ ਜਾਂਦੇ ਨੇ। ਮੰਨ ਕੇ ਫੇਰ ਜੀਵਨ ਉਸ ਤਰ੍ਹਾਂ ਦਾ ਕਰਦੇ ਨੇ। ਸੋ ਇੱਥੇ ਮਹਾਰਾਜ ਫੁਰਮਾਨ ਕਰਦੇ ਨੇ ਕਿ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ – ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ, ਜਿਹੜੇ ਵਿਧੀਪੂਰਵਕ ਸੁਣਦੇ ਨੇ ਤੇ ਗਾਉਂਦੇ ਨੇ। ਜੇ ਪੈਦਾ ਹੋਣ ਵਾਲੇ ਦਿਨ ਤੋਂ ਯੱਗ ਕਰਨੇ ਸ਼ੁਰੂ ਕਰ ਦੇਈਏ, ਸੌ ਸਾਲ ਦੀ ਉਮਰ ਵਾਲਾ ਬੰਦਾ ਹੋਵੇ, ਤਾਂ ਸਾਰੀ ਉਮਰ ਦੇ ਵਿੱਚ ਛੱਤੀ ਹਜ਼ਾਰ ਪੰਜ ਸੌ ਯੱਗ ਹੁੰਦਾ ਹੈ। ਲੱਖ ਵੀ ਨਾ ਹੋਇਆ। ਪੌਣੇ ਤਿੰਨ ਸਾਲਾਂ ਦੇ ਵਿੱਚ ਜਾ ਕੇ ਇੱਕ ਲੱਖ ਬਣ ਜਾਂਦਾ ਹੈ ਤੇ ਇਸੇ ਤਰ੍ਹਾਂ ਦੇ ਨਾਲ ਜੇ ਲਗਾਤਾਰ ਕਰਦਾ ਚਲਿਆ ਜਾਂਦਾ ਹੈ, ਤਾਂ ਬੜੀ ਮੁਸ਼ਕਲ ਦੇ ਨਾਲ ਥੋੜ੍ਹੇ ਜਿਹੇ ਯੱਗ ਹੋਇਆ ਕਰਦੇ ਨੇ। ਇੱਥੇ ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ, ਸੋ ਮਹਾਰਾਜ ਜੀ ਦੀ ਬਾਣੀ ਕਹਿੰਦੀ ਹੈ ਕਿ –

'ਉਦਮੁ ਕਰਹੁ ਵਡਭਾਗੀਹੋ' ਵੱਡੇ ਭਾਗਾਂ ਵਾਲਿਓ ਤੁਸੀਂ ਉਦਮ ਕਰੋ। ਕਿਹੜੀ ਗੱਲ ਵਾਸਤੇ? 'ਸਿਮਰਹੁ ਹਰਿ ਹਰਿ ਰਾਇ' ਗੁਰੂ ਮਹਾਰਾਜ ਨੇ ਇੱਕ ਹੋਰ ਥਾਂ ਬੜਾ ਸੁਖਾਲਾ ਕਰਕੇ ਦੱਸਿਆ ਹੈ ਕਿ –

*ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ – ੩੦੫*

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਫੇਰ ਉਸ ਤੋਂ ਬਾਅਦ ਬੈਠ ਜਾਵੇ ਤੇ ਜਿਹੜਾ ਪੰਜਾਂ ਪਿਆਰਿਆਂ ਨੇ ਨਾਮ ਦਿੱਤਾ ਹੈ, ਉਹਦੀ ਅਰਾਧਨਾ ਸ਼ੁਰੂ ਕਰ ਦੇਵੇ। ਜਪਣਾ ਸ਼ੁਰੂ ਕਰ ਦੇਵੇ ਉਹਨੂੰ। ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਦੋ ਤਿੰਨ ਗੱਲਾਂ ਕਰਨ ਦੇ ਨਾਲ। ਪਾਪ ਨਹੀਂ ਰਹਿੰਦਾ, ਪਾਪ ਤਾਂ ਇੱਕ ਵਾਰੀ ਨਾਮ ਜਪਣ ਨਾਲ ਚਲਿਆ ਜਾਂਦਾ ਹੈ। ਜੇ ਕਿਸੇ ਨੂੰ ਜਪਣ ਦੀ ਜਾਚ ਆ ਜਾਵੇ।

*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥* *ਅੰਗ – ੨੬੪*

ਕਰੋੜਾਂ ਪਾਪਾਂ ਨੂੰ ਨਾਸ਼ ਕਰਨ ਵਾਲਾ ਪ੍ਰਭੂ ਦਾ ਨਾਮ ਹੈ। ਕਹਿੰਦੇ ਉਦਮ ਕਰਕੇ ਵਾਹਿਗੁਰੂ ਨੂੰ ਯਾਦ ਕਰੋ। ਫੇਰ ਇਹਦਾ ਫਲ ਕੀ ਹੋਏਗਾ। ਕਹਿੰਦੇ–***'ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ॥'*** ਜਿਹਨੂੰ ਸਿਮਰਨ ਦੇ ਨਾਲ ਸਾਰੇ ਸੁਖ ਜਿੰਨੇ ਬੰਦਾ ਚਾਹੁੰਦਾ ਹੈ, ਓਨੇ ਹੀ ਮਿਲ ਜਾਂਦੇ ਨੇ। ਦੁੱਖ ਵੀ ਜਾਏਗਾ, ਦਰਦ ਵੀ ਜਾਏਗਾ ਤੇ ਪੰਜ ਭਰਮ ਜਿਹੜੇ ਪਏ ਹੋਏ ਨੇ ਸਾਨੂੰ ਉਨ੍ਹਾਂ ਦਾ ਵੀ ਨਾਸ਼ ਹੋ ਜਾਏਗਾ।

*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥* *ਅੰਗ – ੪੫੬*

ਫੇਰ ਅੱਗੇ ਮਹਾਰਾਜ ਦਸਦੇ ਨੇ ਕਿ ਜਦੋਂ ਤੁਸੀਂ ਭਜਨ ਕਰੋਂ ਨਾ, ਆਲਸ ਨਾ ਆਪਣੇ ਅੰਦਰ ਆਉਣ ਦਿਓ। ਐਉਂ ਨਹੀਂ ਕਿ ਓਧਰ ਨਾਮ ਜਪਦਾ ਹੈ ਤੇ ਓਧਰ ਨੀਂਦ ਦੇ ਝੂਟੇ ਲੈਂਦਾ ਹੈ। ਤੁੰਦਰਾ ਨੀਂਦ ਪੈ ਗਈ। ਪਤਾ ਹੀ ਨਹੀਂ ਲੱਗਿਆ ਕਿ ਮੈਂ ਜਪਿਆ ਹੈ ਨਾਮ ਕਿ ਨਹੀਂ। ਦਿਨ ਚੜ੍ਹ ਗਿਆ ਉਸੇ ਤਰ੍ਹਾਂ ਦੇ ਨਾ।

*ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥*

*ਅੰਗ - ੪੫੯*

ਸੰਤਾਂ ਦੀ ਸੰਗਤ ਮਿਲ ਜਾਵੇ, ਜਮਾਂ ਦਾ ਦਰਵਾਜ਼ਾ ਉਹਦੇ ਵਾਸਤੇ ਬੰਦ ਹੋ ਜਾਂਦਾ ਹੈ। ਜੇ ਭਲਾ ਕਿਤੇ ਚਲਿਆ ਵੀ ਜਾਵੇ ਨਾ ਭੁੱਲ ਭੁਲੇਖੇ, ਫੇਰ ਕੀ ਹੁੰਦਾ ਹੈ। ਫੇਰ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,*
*ਸਾਧੂਆਂ ਦੇ ਸੰਗੀਆਂ ਦੀ।*

*ਸਾਧ ਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥* *ਅੰਗ - ੨੭੧*

ਸੁਰ ਦੇਵ, ਕਹਿੰਦੇ ਨੇ ਦੇਵਤਿਆਂ ਦਾ ਦੇਸ਼। ਉਥੇ ਵੀ ਸੋਭਾ ਹੋਣੀ ਸ਼ੁਰੂ ਹੋ ਜਾਂਦੀ ਹੈ, ਜੋ ਸਤਿਸੰਗ ਕਰਦੇ ਨੇ, ਸਾਧੂਆਂ ਦੀ ਸੰਗਤ ਕਰਦੇ ਨੇ, ਬਚਨ ਕਮਾਉਂਦੇ ਨੇ ਤੇ ਮੰਨਦੇ ਨੇ, ਮੰਨ ਕੇ ਫੇਰ ਪ੍ਰਾਪਤੀ ਕਰਦੇ ਨੇ। ਇੱਕ ਵਾਰੀ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਜੋ ਇਸੇ ਰਾੜਾ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਤਮਾ ਹੋਏ ਨੇ, ਗੁਰੂ ਨਾਨਕ ਦੀ ਗਿਆਰ੍ਹਵੀਂ ਜਾਂ ਬਾਰ੍ਹਵੀਂ ਓਲਾਦ। ਆਪ ਦੇ ਨਾਲ ਬਹੁਤ ਸਿੰਘ ਰਿਹਾ ਕਰਦੇ ਸੀ। ਬਹੁਤ ਸੇਵਾ ਵੀ ਕਰਦੇ ਸੀ, ਬਹੁਤ ਸਾਰੇ ਫੌਜਾਂ ਦੇ ਰੂਪ ਦੇ ਵਿਚ ਤਨਖਾਹਦਾਰ ਵੀ ਸੀਗੇ। ਆਪ ਦੇ ਲੰਗਰ ਦੇ ਵਿੱਚ ਇੱਕ ਭਾਗ ਸਿੰਘ ਨਾਮ ਦਾ ਪ੍ਰੇਮੀ ਸੇਵਾ ਕਰਿਆ ਕਰਦਾ ਸੀ। ਇੱਕ ਸਿੰਘ ਬਾਬਾ ਜੀ ਨੂੰ ਕਹਿਣ ਲੱਗਿਆ, ਬਾਬਾ ਜੀ! ਭਾਗ ਸਿੰਘ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਏ। ਮਹਾਂਪੁਰਸ਼ਾਂ ਦਾ ਫਰਜ਼ ਹੁੰਦਾ ਹੈ ਦੇਖਣਾ ਕਿ ਕਿਤੇ ਐਸਾ ਤਾਂ ਨਹੀਂ ਹੋਇਆ ਕਿ ਜਮਦੂਤ ਲੈ ਗਏ ਹੋਣ ਉਸ ਦੀ ਰੂਹ ਨੂੰ ਗਲਤੀ ਦੇ ਨਾਲ। ਅੰਤਰ ਧਿਆਨ ਹੋ ਕੇ ਸਾਰਾ ਕੁਛ ਦੇਖ ਲਿਆ, ਕਹਿੰਦੇ ਭਾਈ ਗੁਰਮੁਖੋ! ਉਹਦੇ ਸਰੀਰ ਦਾ ਸਸਕਾਰ ਨਾ ਕਰਨਾ। ਸਾਨੂੰ ਪੁੱਛ ਕੇ ਕਰਨਾ, ਸਾਰੇ ਇੱਕ ਦੂਜੇ ਵਲ ਦੇਖਣ ਲੱਗ ਗਏ ਕਿ ਕੋਈ ਇਸ ਗੱਲ ਵਿੱਚ ਭੇਤ ਹੈ, ਮਹਾਂਪੁਰਸ਼ ਜੇ ਗੱਲ ਕਰਦੇ ਨੇ, ਉਹ ਭਾਵੇਂ ਸਪਸ਼ਟ ਰੂਪ ਵਿੱਚ ਕਰਿਆ ਨਹੀਂ ਕਰਦੇ, ਲੇਕਿਨ ਫੇਰ ਵੀ ਸੰਕੇਤ ਦੇ ਜਾਂਦੇ ਨੇ, ਰਮਜ਼ ਦੇ ਜਾਂਦੇ ਨੇ ਕਿ ਕੋਈ ਗੱਲ ਹੈ ਇਹਦੇ ਵਿੱਚ। ਬਚਨ ਮੰਨਣ ਆਏ ਸੀ ਤੇ ਕਹਿਣ ਲੱਗੇ ਮਹਾਂਪੁਰਸ਼ਾਂ ਦਾ ਜੋ ਬਚਨ ਹੈ, ਪੁੱਛ ਕੇ ਹੀ ਸਸਕਾਰ ਕਰਾਂਗੇ। ਇਧਰਲੇ ਪਾਸੇ ਕੀ ਹੋਇਆ ਮਾਤਾ ਨੂੰ ਧਰਮਰਾਜ ਦੀ ਦਰਗਾਹ 'ਚ ਦੂਤ ਲੈ ਗਏ, ਇੱਕ ਜਮਦੂਤ ਹੁੰਦੇ ਨੇ, ਇੱਕ ਦੂਤ ਹੁੰਦੇ ਨੇ। ਇੱਕ ਤਾਂ ਉਹ ਹੁੰਦੇ ਨੇ ਕਿ ਜੋ ਪੁਲਿਸ ਦੇ ਸਿਪਾਹੀਆਂ ਵਾਂਗੂੰ ਕੁੱਟਦੇ ਮਾਰਦੇ ਹੀ ਲਿਜਾਂਦੇ ਨੇ, ਇੱਕ ਉਹ ਹੁੰਦੇ ਨੇ ਜਿਹੜੇ ਗਾਈਡ ਬਣ ਕੇ ਆਉਂਦੇ ਨੇ, ਬੜੇ ਧਿਆਨ ਦੇ ਨਾਲ ਲੈ ਕੇ ਜਾਂਦੇ ਨੇ ਕਿ ਕੋਈ ਇਹਨੂੰ ਰਸਤੇ 'ਚ ਤਕਲੀਫ ਨਾ ਹੋਵੇ। ਜਿਹੜੇ ਹਨ ਦੁਸ਼ਟ ਆਤਮਾਵਾਂ, ਇਨ੍ਹਾਂ ਨੂੰ ਲੈਣ ਵਾਸਤੇ ਜਮਦੂਤ ਆਇਆ ਕਰਦੇ ਨੇ। ਜਿਹੜੇ ਚੰਗੇ ਪੁਰਸ਼ ਨੇ, ਨੇਕ ਜੀਵਨ ਬਤੀਤ ਕਰਦੇ ਨੇ ਉਨ੍ਹਾਂ ਨੂੰ ਜਮਦੂਤ ਨਹੀਂ ਲੈਣ ਆਇਆ ਕਰਦੇ ਕਿਉਂਕਿ ਸਾਰਿਆਂ ਨੂੰ ਇੱਕ ਰੱਸੇ ਨਹੀਂ ਵਲੇਟਦੇ। ਪਰ ਇਹ ਹੈਗਾ ਕਿ ਉਨ੍ਹਾਂ ਦਾ ਰਸਤਾ ਜਿਹੜਾ ਹੈ ਉਹੀ ਹੁੰਦਾ ਹੈ ਜਿਹੜਾ ਦੂਜਿਆਂ ਦਾ ਹੁੰਦਾ ਹੈ, ਰਸਤਾ ਬੜਾ ਖਤਰਨਾਕ ਹੈ।

ਸੋ ਮਾਤਾ ਨੂੰ ਲੈ ਕੇ ਚਲੇ ਗਏ, ਜਦੋਂ ਧਰਮਰਾਜ ਦੇ ਗਏ, ਕਹਿਣ ਲੱਗੇ ਇਹਦਾ ਕਿਰਦਾਰ ਕੱਢੋ ਕਿੰਨਾ ਹੈ, ਜਿਵੇਂ ਵੀਡੀਓ ਫਿਲਮ ਲਗ ਜਾਂਦੀ ਹੈ, ਇਸ ਤਰ੍ਹਾਂ ਉਥੇ ਫਿਲਮ ਲਗ ਜਾਂਦੀ ਹੈ, ਕੰਮਪਿਊਟਰਾਈਜ਼ਡ ਹੈ। ਜਿੰਨੇ ਪਾਪ ਨੇ ਛਾਣ ਕੇ ਇੱਕ ਪਾਸੇ ਧਰ ਦਿੱਤੇ ਜਾਂਦੇ ਨੇ, ਪੁੰਨ ਦੂਜੇ ਪਾਸੇ ਤੇ ਜਦੋਂ ਉਹਦਾ ਨਾਉਂ ਕੱਢਣ ਲੱਗੇ, ਨਾਉਂ ਹੀ ਨਾ ਲੱਭਿਆ। ਚਿਤਰਗੁਪਤ ਕਹਿਣ ਲੱਗੇ, ਮਹਾਰਾਜ! ਇਹਦਾ ਤਾਂ ਨਾਉਂ ਆਪਣੇ ਕੋਲ ਨਹੀਂ ਹੈ। ਉਹ ਕਹਿਣ ਲੱਗੇ ਕਿ ਫੇਰ ਤੁਸੀਂ ਗਲਤੀ ਨਾਲ ਲੈ ਆਏ, ਕਿਉਂਕਿ ਮੇਰੇ ਕੋਲ ਤਾਂ ਉਨ੍ਹਾਂ ਦੇ ਨੇ ਜਾਂ ਪੁੰਨੀਆਂ ਦੇ ਜਾਂ ਪਾਪੀਆਂ ਦੇ। ਪਾਪੀਆਂ ਦਾ ਨਾਉਂ ਤਾਂ ਮੇਰੇ ਕੋਲ ਆਉਣੇ ਹੀ ਆਉਣੇ ਨੇ।

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ - ੩੮*

ਪਰ ਪੁੰਨੀ ਮੇਰੇ ਕੋਲ ਕਿਉਂ ਆਉਂਦੇ ਨੇ, ਕਿਉਂਕਿ ਉਹ ਪੁੰਨ ਬੀਜਦੇ ਨੇ, ਧਰਤੀ 'ਤੇ ਜਾ ਕੇ। ਜੀਵਨ ਦੇ ਅੰਦਰ ਪੁੰਨ ਬੀਜਦੇ ਨੇ। ਪਰ ਇੱਕ ਉਹ ਗਲਤੀ ਕਰਦੇ ਨੇ ਕਿ ਉਹਦਾ ਫਲ ਮੰਗ ਲੈਂਦੇ ਨੇ। ਦੁਨੀਆ 'ਚ ਫਲ ਮੰਗ ਲਓ, ਕਹਾਵਤ ਇਹ ਹੈ ਕਿ ਦੱਸ ਗੁਣਾਂ ਹੈ ਤੇ 70 ਹੈਗਾ ਦਰਗਾਹ ਦੇ ਵਿੱਚ। ਪਰ ਇਹਦੇ ਉੱਤੇ ਮਹਾਂਪੁਰਸ਼ ਵੱਖਰੀ ਸੋਚ ਰਖਦੇ ਨੇ। ਇੱਕ ਮਤ ਨਹੀਂ, ਉਹ ਕਹਿੰਦੇ ਜਿਹੜਾ ਪੁੰਨ ਦਾਨ ਬ੍ਰਹਮਗਿਆਨੀ ਦੇ ਹੱਥੀਂ ਹੋ ਜਾਣਾ ਹੈ, ਉਹਦਾ ਫਲ ਹਜ਼ਾਰਾਂ ਗੁਣਾਂ ਹੋਇਆ ਕਰਦਾ ਹੈ। ਉਹਦੇ 'ਚ ਸੀਮਾ ਨਹੀਂ ਕਿ ਦੱਸ ਗੁਣਾਂ ਇੱਥੇ ਮਿਲਣਾ ਹੈ। ਇੱਥੇ ਵੀ ਬੇਅੰਤ ਮਿਲ ਜਾਂਦਾ ਹੈ, ਦਰਗਾਹ 'ਚ ਵੀ ਬੇਅੰਤ ਮਿਲ ਜਾਂਦਾ ਹੈ। ਸੋ ਉਹ ਜਦੋਂ ਚਾਹੁੰਦੇ ਨੇ ਕਿ ਮੇਰੇ ਪੁੰਨਾਂ ਦਾ ਫਲ ਮੈਨੂੰ ਸਵਰਗ ਦੇ ਰੂਪ ਵਿੱਚ ਮਿਲੇ ਤਾਂ ਉਨ੍ਹਾਂ ਨੂੰ ਧਰਮਰਾਜ ਦੇ ਜਾਣਾ ਪੈਂਦਾ ਹੈ।

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*

*ਅੰਗ - ੧੪੧੪*

ਦੋ ਕਿਸਮ ਦੇ ਉਤੇ ਬੰਦੇ ਜਾਂਦੇ ਨੇ, ਨਾ ਉਥੇ ਭਗਤ ਜਾਂਦੇ ਨੇ, ਨਾ ਯੋਗ ਭ੍ਰਿਸ਼ਟ ਜਾਂਦੇ ਨੇ। ਉਨ੍ਹਾਂ ਦੇ ਰਸਤੇ ਹੋਰ ਨੇ। ਸੋ ਕਹਿਣ ਲੱਗਿਆ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਮੰਡਲ ਦੀ ਰੂਹ ਮੇਰੇ ਕੋਲ ਕਿਉਂ ਲੈ ਕੇ ਆਏ ਹੋਂ। ਕਹਿੰਦੇ, ਐਉਂ ਕਰੋ, ਜਲਦੀ ਇਹਨੂੰ ਲਿਜਾ

ਕੇ ਸਰੀਰ ਵਿੱਚ ਪਾ ਦਿਓ। ਐਸਾ ਨਾ ਹੋਵੇ, ਸਰੀਰ ਦਾ ਸਸਕਾਰ ਹੋ ਜਾਵੇ। ਉਸੇ ਵੇਲੇ ਬੜੀ ਸੇਵਾ ਕਰੀ, ਦੱਸਿਆ ਕਿ ਜੇ ਤੁਸੀਂ ਮੈਨੂੰ ਗੁਰੂ ਨਾਨਕ ਦਾ ਮੰਡਲ ਦਿਖਾ ਦੇਵੋਂ। ਕਹਿੰਦੇ, ਸਮਾਂ ਨਹੀਂ ਹੈ, ਕਿਉਂਕਿ ਛੇਤੀ ਜਾਣਾ ਹੈ, ਜੇ ਤੁਹਾਡਾ ਸਰੀਰ ਜਲ ਗਿਆ, ਫੇਰ ਤੁਹਾਡੀ ਰੂਹ ਕਾਹਦੇ 'ਚ ਪਵੇਗੀ। ਪਰ ਫੇਰ ਬਾਰ-ਬਾਰ ਕਹਿਣ 'ਤੇ, ਕਹਿਣ ਲੱਗੇ ਕਿ ਚਲੋ ਜਾਂਦੇ-ਜਾਂਦੇ ਉਪਰੋਂ ਹੀ ਲੰਘਾ ਦਿੰਦੇ ਹਾਂ। ਸੋ ਜੀਉਂਦੀ ਹੋ ਗਈ, ਜੀਉਂਦੀ ਹੋ ਗਈ ਤਾਂ ਬੜੀਆਂ ਖੁਸ਼ੀਆਂ ਹੋ ਗਈਆਂ ਕਿ ਬਾਬਾ ਜੀ ਦਾ ਬਚਨ ਸੀ ਕਿ ਸਸਕਾਰ ਨਾ ਕਰਿਓ, ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਹਨੇ ਜੀਉਂਦੀ ਹੋਣਾ ਹੈ। ਬਾਬਾ ਜੀ ਕੋਲ ਚਲੇ ਗਏ, ਜਾ ਕੇ ਸਾਰਾ ਹਾਲ ਦੱਸਿਆ, ਬਾਬਾ ਜੀ ਕਹਿਣ ਲੱਗੇ, ਦੇਖੋ, ਗੁਰੂ ਅਰਜਨ ਪਾਤਸ਼ਾਹ ਨੇ ਸੁਖਮਨੀ ਸਾਹਿਬ ਦੇ ਅੰਦਰ ਲਿਖਿਆ ਹੈ ਨਾ -

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥* *ਅੰਗ - ੨੭੧*

ਦੇਵਤਿਆਂ ਦੇ ਲੋਕਾਂ ਵਿੱਚ ਸੋਭਾ ਹੋਇਆ ਕਰਦੀ ਹੈ, ਇਹ ਇੱਕ ਕਾਨੂੰਨ ਹੈ ਰੂਹਾਨੀ ਕਾਨੂੰਨ, ਜਿਹੜਾ ਸਾਧੂ ਦੀ ਸੰਗਤ 'ਚ ਆ ਗਿਆ, ਸਾਧੂ ਦੇ ਬਚਨ ਦੀ ਕਮਾਈ ਕਰਦਾ ਹੈ, ਨਾਮ ਜਪਦਾ ਹੈ, ਸਰੀਰ ਛੱਡਣ ਤੋਂ ਬਾਅਦ ਜਮਾਂ ਦੇ ਲੋਕ ਵਿੱਚ ਨਹੀਂ ਉਹਨੇ ਜਾਣਾ। ਉਹ ਗੁਰੂ ਨਾਨਕ ਦੇ ਲੋਕ 'ਚ ਜਾਏਗਾ।

*ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥*
*ਦੂਖ ਦਰਦ ਨ ਭਉ ਬਿਆਪੈ*
*ਨਾਮੁ ਸਿਮਰਤ ਸਦ ਸੁਖੀ ॥* *ਅੰਗ - ੪੫੬*

ਇਹ ਨੋਟ ਕਰਨ ਵਾਲੀ ਗੱਲ ਹੈ, ਜਿਹੜਾ ਨਾਮ ਜਪਦਾ ਹੈ, ਇੱਕ ਤਾਂ ਸਦਾ ਸੁਖੀ ਹੈ, ਉਹਦੇ ਜੀਵਨ ਦੇ ਅੰਦਰ ਦੁੱਖ ਦਾ ਨਾਮ ਨਿਸ਼ਾਨ ਨਹੀਂ ਹੈ। ਦੂਸਰਾ ਇਹ ਹੈ ਕਿ ਦੁਖ ਦੇ ਦਰਦ ਤੇ ਭਉ ਨਹੀਂ, ਡਰ ਵੀ ਕਿਸੇ ਦਾ ਨਹੀਂ ਲਗਣਾ ਤੇ ਨਾਮ ਕਿੰਨਾ ਜਪਦਾ ਹੈ -

*ਸਾਸਿ ਸਾਸਿ ਅਰਾਧਿ ਹਰਿ ਹਰਿ*
*ਧਿਆਇ ਸੋ ਪ੍ਰਭੁ ਮਨਿ ਮੁਖੀ ॥* *ਅੰਗ - ੪੫੬*

ਸਾਹ ਤਾਂ ਆਉਂਦੇ ਹੀ ਨੇ, ਖਾਲੀ ਚਲੇ ਜਾਂਦੇ ਨੇ, ਖਾਲੀ ਆਉਂਦੇ ਨੇ, ਜੇ ਭਲਾ ਇਹਦੇ ਨਾਲ ਵਾਹਿਗੁਰੂ ਕਹਿ ਦਿੱਤਾ ਜਾਵੇ ਫੇਰ? ਕਹਿ ਕੇ ਦੇਖ ਲਓ, ਅੰਦਰ ਨੂੰ ਸਾਹ ਜਾਂਦਾ ਹੈ ਵਾਹਿਗੁਰੂ, ਬਾਹਰ ਨੂੰ ਆਉਂਦਾ ਹੈ ਵਾਹਿਗੁਰੂ। ਸਗੋਂ ਇੱਕ ਵਾਰੀ ਨਹੀਂ ਕਹਿ ਹੁੰਦਾ, ਦਸ ਗਿਆਰ੍ਹਾਂ ਵਾਰੀ ਕਹਿ ਹੋ ਜਾਂਦਾ ਹੈ, ਉਹ ਭਾਗਾਂ ਵਾਲੇ ਬੰਦੇ ਨੇ, ਕਹਿੰਦੇ ਜਿਹੜੇ '***ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥***' ਮਨ ਸੁਖੀ ਹੁੰਦੇ ਸਾਰ ਦੁਖਾਂ ਦਾ ਖਾਤਮਾ ਹੋ ਜਾਏਗਾ। ਦੁੱਖ ਕਿਉਂ ਪੈਦਾ ਹੁੰਦੇ ਨੇ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥* *ਅੰਗ - ੧੨੫੬*

ਰੱਬ ਨੂੰ ਭੁੱਲ ਕੇ ਰਸਾਂ ਕਸਾਂ ਵਿੱਚ ਜੀਵਨ ਲਾ ਦਿੰਦੇ ਨੇ, ਮਹਾਰਾਜ ਕਹਿੰਦੇ ਫੇਰ ਰੋਗੀ ਹੋਣਾ ਹੀ ਹੈ ਭਾਈ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ - ੧੩੫*

ਇੱਕ ਬੇਮਰਿਆਦਾ ਖਾਂਦੇ ਨੇ, ਬੇਮਰਿਆਦਾ ਖਾਣ ਵਾਲਿਆਂ ਨੂੰ ਰੋਗ ਹੋ ਜਾਂਦਾ ਹੈ -

*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤ॥*

ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਸਾਸ-ਸਾਸ ਅਰਾਧਦੇ ਨੇ, ਉਨ੍ਹਾਂ ਨੂੰ ਦੁਖ ਦਰਦ ਨਹੀਂ ਰਹਿੰਦਾ, ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

*ਦੂਖ ਦਰਦ ਨ ਭਉ ਬਿਆਪੈ*
*ਨਾਮੁ ਸਿਮਰਤ ਸਦ ਸੁਖੀ ॥*
*ਸਾਸਿ ਸਾਸਿ ਅਰਾਧਿ ਹਰਿ ਹਰਿ*
*ਧਿਆਇ ਸੋ ਪ੍ਰਭੁ ਮਨਿ ਮੁਖੀ ॥*
*ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ*
*ਕਰਿ ਦਇਆ ਸੇਵਾ ਲਾਈਐ ॥*
*ਨਾਨਕੁ ਪਇਅੰਪੈ ਚਰਣ ਜੰਪੈ*
*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥* *ਅੰਗ - ੪੫੬*

ਨਾਮ ਜਪਦਾ ਹੋਇਆ ਨਾ ਤੂੰ ਸੁਸਤੀ ਵਿੱਚ ਆ। ਸੋ ਇੱਥੇ ਮਹਾਰਾਜ ਕਹਿੰਦੇ ਨੇ ਕਿ ਭਾਗਾਂ ਵਾਲਿਓ! ਉਦਮ ਕਰੋ। ਉਦਮ ਕਰਨਾ ਕਾਹਦੇ ਵਾਸਤੇ ਹੈ? ਵਾਹਿਗੁਰੂ ਨੂੰ ਸਿਮਰੋ, ਯਾਦ ਵਿੱਚ ਲਿਆਓ।

ਸੋ ਐਸੇ ਗੁਰਸਿੱਖ -

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ - ੩੦੫*

ਉਹ ਗੁਰੂ ਦੇ ਮਨ ਭਾਅ ਜਾਂਦੇ ਨੇ, ਗੁਰੂ ਉਨ੍ਹਾਂ 'ਤੇ ਦਇਆਲ ਹੋ ਕੇ ਆਪਣਾ ਰੂਪ ਬਣਾ ਲੈਂਦਾ ਹੈ।

ਐਸਾ ਇੱਕ ਗੁਰਸਿੱਖ ਕਸ਼ਮੀਰ ਦੇ ਅੰਦਰ ਗੁਰੂ ਮਹਾਰਾਜ ਨੇ ਪ੍ਰਚਾਰ ਕਰਨ ਵਾਸਤੇ ਭੇਜਿਆ ਹੋਇਆ ਸੀ, ਜਿਸਦਾ ਨਾਮ ਭਾਈ ਮਾਧੋ ਸੀ। ਬੜਾ ਸਤਿਕਾਰ ਸੀ ਓਸਦਾ। ਬੜੀ ਕਰਨੀ ਕਮਾਈ ਵਾਲੇ ਸਨ ਆਪ। ਇੱਕ ਵਾਰੀ ਇੱਕ ਲੜਕਾ ਸਤਿਸੰਗ 'ਚੋਂ ਵਾਪਸ ਜਾਂਦਾ ਹੈ, ਪੁਲਿਸ ਨੇ ਫੜ ਲਿਆ। ਕਹਿਣ ਲੱਗਿਆ, ਤੂੰ ਚੋਰ ਹੈਂ, ਕਿਸੇ ਦੇ ਚੋਰੀ ਹੋ ਗਈ। ਇਹ ਚੋਰ ਦੇ ਮਗਰ

ਲੱਗੇ ਹੋਏ ਸੀ, ਇਹ ਬੱਚਾ ਅੜਿੱਕੇ ਆ ਗਿਆ। ਘਰ ਨੂੰ ਜਾਂਦਾ-ਜਾਂਦਾ ਪੁਲਿਸ ਨੇ ਫੜ ਲਿਆ ਕਿ ਤੂੰ ਤਾਂ ਚੋਰੀ ਕਰਕੇ ਆਇਆ ਹੈਂ, ਦਸ ਮਾਲ ਕਿੱਥੇ ਹੈ। ਉਹ ਕਹਿੰਦਾ, ਮੈਂ ਚੋਰੀ ਨਹੀਂ ਕਰੀ। ਮੈਂ ਤਾਂ ਉਹਦੇ ਸਤਿਸੰਗ 'ਚੋਂ ਆਇਆ ਹਾਂ। ਭਾਈ ਮਾਧੋ ਜੀ ਦੇ ਪਾਸ ਬੱਚੇ ਨੂੰ ਲੈ ਗਏ, ਉਹ ਕਹਿੰਦੇ ਭਾਈ, ਸਾਨੂੰ ਤਾਂ ਚੋਰ ਸਾਧ ਸਭ ਵਾਹਿਗੁਰੂ ਹੀ ਲਗਦੇ ਨੇ, ਅਸੀਂ ਤਾਂ ਪ੍ਰਮੇਸ਼ਰ ਦਾ ਰੂਪ ਦੇਖਦੇ ਹਾਂ। ਸਾਡੀ ਨਿਗ੍ਹਾ 'ਚ ਨਾ ਕੋਈ ਚੋਰ ਹੈ, ਨਾ ਕੋਈ ਸਾਡੀ ਨਿਗ੍ਹਾਂ 'ਚ ਭੁੱਲਿਆ ਹੋਇਆ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥* *ਅੰਗ - ੬੧੦*

ਬ੍ਰਹਮ ਗਿਆਨ ਦੀ ਬਾਤ ਸਮਝ ਵਿੱਚ ਨਾ ਆਈ ਉਨ੍ਹਾਂ ਦੇ। ਲੜਕੇ ਨੇ ਕਿਹਾ ਮਹਾਰਾਜ! ਮੇਰੇ 'ਤੇ ਕ੍ਰਿਪਾ ਕਰੋ, ਕਹਿੰਦੇ ਤੂੰ ਸੱਚਾ ਹੈਂ ਤੇਰੇ 'ਤੇ ਕ੍ਰਿਪਾ ਹੋ ਹੀ ਜਾਣੀ ਹੈ। ਲਿਜਾ ਕੇ ਇੱਕ ਤਾਂ ਸੂਲੀ, ਇੱਕ ਤਾਂ ਲੋਹੇ ਦੀਆਂ ਸੂਲੀਆਂ ਹੁੰਦੀਆਂ ਸੀ, ਇੱਕ ਬਾਂਸ ਦੀਆਂ ਹੁੰਦੀਆਂ ਸੀ, ਬਹੁਤ ਤਿੱਖੀਆਂ। ਉਨ੍ਹਾਂ ਦਿਨਾਂ 'ਚ ਬਾਂਸ ਦੀ ਸੂਲੀ ਸੀ ਉਥੇ, ਗੁਰੂ ਪੰਜਵੇਂ ਪਾਤਸ਼ਾਹ ਵੇਲੇ। ਉਹ ਸੂਲੀ 'ਤੇ ਲਟਕਾ ਦਿੱਤਾ। ਜਦੋਂ ਸੂਲੀ ਨਾਲ ਲੱਗੀ, ਉਸੇ ਵੇਲੇ ਜਿਹੜੀ ਸੂਲੀ ਸੀ ਤੇ ਬਾਂਸ ਸੀ ਉਸ ਨੇ ਦੇਖਦੇ-ਦੇਖਦੇ ਲਗਰਾਂ ਛੱਡ ਦਿਤੀਆਂ, ਹਰਾ ਹੋ ਗਿਆ ਬਾਂਸ, ਨਰਮ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਓਏ ਇਹ ਤਾਂ ਬੱਚਾ ਸੱਚਮੁੱਚ ਹੀ ਕੋਈ ਰੱਬ ਦਾ ਪਿਆਰਾ ਹੈ, ਜਿਹਦੇ ਲਗਦੇ ਸਾਰ ਸੂਲੀ ਹਰੀ ਹੋ ਗਈ ਤੇ ਨਰਮ ਹੋ ਗਈ। ਇਹਦੇ ਵਿੱਚ ਤਾਂ ਕੋਈ ਸਖਤੀ ਨਹੀਂ ਰਹੀ। ਛੱਡ ਦਿੱਤਾ ਤੇ ਭਾਈ ਮਾਧੋ ਦੇ ਪਾਸ ਆ ਕੇ ਉਸਨੇ ਬਹੁਤ ਧੰਨਵਾਦ ਕਰਿਆ ਤੇ ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਭਾਈ ਮਾਧੋ ਆਉਂਦੇ ਨੇ, ਉਸ ਵੇਲੇ ਇੱਕ ਸ਼ਬਦ ਦਾ ਉਚਾਰਨ ਕਰ ਰਹੇ ਸੀ, ਭਾਈ ਗੁਰਦਾਸ। ਬਾਬਾ ਬੁੱਢਾ ਜੀ ਕਹਿ ਰਹੇ ਸੀ ਕਿ ਮਹਾਰਾਜ ਆਪ ਦੇ ਲੰਗਰ 'ਚ ਕਦੇ ਤੋਟਾ ਨਹੀਂ ਸੀ ਆਇਆ। ਪਰ ਇਹ ਪ੍ਰਿਥੀਚੰਦ ਨੇ ਸਾਰੀਆਂ ਰਸਦਾਂ ਬਾਹਰ ਰੋਕ ਲਈਆਂ। ਇਹਦੇ ਏਜੰਟਾਂ ਨੇ ਗੁਰਸਿੱਖਾਂ ਦੀਆਂ ਭੇਟਾਵਾਂ ਜਿਹੜੀਆਂ ਸੀ ਤੁਹਾਡੇ ਤਕ ਆਉਣ ਨਹੀਂ ਦਿੱਤੀਆਂ। ਭੇਟਾ ਤਾਂ ਆਪ ਲੈ ਜਾਂਦਾ ਹੈ, ਨਾਲ ਕਹਿ ਜਾਂਦਾ ਹੈ ਕਿ ਲੰਗਰ ਛੋਟੇ ਭਰਾਤਾ ਵਲ ਚਲ ਰਿਹਾ ਹੈ। ਨਤੀਜਾ ਕੀ ਹੋਇਆ, ਲੰਗਰ ਦਿਨੋ ਦਿਨ ਮਸਤਾਨਾ ਹੋਣ ਲਗ ਗਿਆ ਤੇ ਉਹਦੇ ਵਿੱਚ ਐਸੀ ਆਈ ਕਿ ਛੋਲਿਆਂ ਦੀ ਰੋਟੀ ਰੁੱਖੀ ਮਿਲਣ ਲਗ ਗਈ। ਭਾਈ ਗੁਰਦਾਸ ਜੀ ਨੇ ਆ ਕੇ ਜਦੋਂ ਆਗਰੇ ਤੋਂ ਪ੍ਰਸ਼ਾਦਾ ਛਕਿਆ। ਕਹਿਣ ਲੱਗੇ, ਆਹ ਕੀ ਗੱਲ! ਗੁਰੂ ਦੇ ਘਰ 'ਚ ਤਾਂ ਖੀਰਾਂ ਬਣਦੀਆਂ ਸੀ, ਪ੍ਰਸ਼ਾਦ ਬਣਦੇ ਸੀ। ਹੋਰ ਮਠਿਆਈਆਂ ਬਣਦੀਆਂ ਸੀ, ਆਹ ਪ੍ਰਸ਼ਾਦਾ ਸੁੱਕਾ ਮੈਨੂੰ ਦਿੱਤਾ ਹੈ, ਮੈਂ ਰਿਸ਼ਤੇਦਾਰ ਹਾਂ। ਆਪਣੀ ਹੀ ਭੈਣ ਨੂੰ ਕਹਿਣ ਲੱਗੇ, ਬੀਬੀ ਭਾਨੀ ਨੂੰ ਕਹਿੰਦੇ ਭੈਣ ਇਹ ਕੀ ਗੱਲ ਹੋ ਗਈ। ਕਿਤੇ ਮੇਰਾ ਟੈਸਟ ਤਾਂ ਨਹੀਂ ਤੁਸੀਂ ਲੈ ਰਹੇ। ਐਹੋ ਜਿਹਾ ਪ੍ਰਸ਼ਾਦਾ ਤਾਂ ਲੰਘਦਾ ਹੀ ਨਹੀਂ ਹੈ, ਛੋਲਿਆਂ ਦਾ ਪਿਹਾਇਆ ਹੋਇਆ, ਸੂੜੀ ਵਾਲਾ ਤੇ ਇਹ ਪ੍ਰਸ਼ਾਦੇ ਕਿਉਂ? ਕਹਿੰਦੇ ਤੁਸੀਂ ਮਹਾਰਾਜ ਜੀ ਨੂੰ ਪੁੱਛ ਲਓ ਕਿ ਇਹ ਪ੍ਰਸ਼ਾਦੇ ਕਿਉਂ? ਕਹਿੰਦੇ, ਤੁਸੀਂ ਦੱਸੋ? ਕਹਿੰਦੇ ਦੱਸਣਾ ਕੀ ਹੈ? ਸੰਗਤਾਂ ਦੀਆਂ ਭੇਟਾ ਤਾਂ ਪ੍ਰਿਥੀ ਚੰਦ ਲੈ ਜਾਂਦਾ ਹੈ ਤੇ ਪ੍ਰਸ਼ਾਦਾ ਛਕਣ ਵਾਸਤੇ ਏਧਰ ਭੇਜ ਦਿੰਦਾ ਹੈ ਤੇ ਮਹਾਰਾਜ ਜੀ ਬੜੇ ਭੋਲੇ-ਭਾਲੇ ਨੇ ਤੇ ਹੁਣ ਹੁਕਮ ਕਰ ਦਿੱਤਾ ਕਿ ਛੋਲੇ ਬਣਾਓ, ਕਈ-ਕਈ ਦਿਨ ਲੰਗਰ ਮਸਤਾਨਾ ਵੀ ਹੋ ਜਾਇਆ ਕਰਦਾ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਕੋਲ ਗਏ, ਜਾ ਕੇ ਕਹਿਣ ਲੱਗੇ ਮਹਾਰਾਜ! ਇਹ ਜਿਹੜਾ ਵਿਰੋਧੀ ਬੰਦਾ ਹੈ, ਜਿਹੜਾ ਦੌਰ ਚਲਦਾ ਹੈ, ਆਪਾਂ ਵੀ ਓਸ ਦੌਰ ਚੱਲੀਏ, ਤਾਂ ਠੀਕ ਹੋ ਸਕਦਾ ਹੈ, ਕ੍ਰਿਪਾ ਕਰੋ, ਸਾਨੂੰ ਆਗਿਆ ਦਿਓ, ਅਸੀਂ ਕੋਈ ਉਦਮ ਕਰੀਏ, ਉਦਮ ਕਰਕੇ ਲੰਗਰ ਦੇ ਵਿੱਚ ਕੁਛ ਲੈ ਕੇ ਆਈਏ ਤਾਂ ਮਹਾਰਾਜ ਕਹਿੰਦੇ, ਭਾਈ! ਉਦਮ ਦੀ ਕਿਹੜੀ ਲੋੜ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - ੧੦*

ਸਾਰੇ ਹੀ ਜਿਹੜੇ ਨੇ ਪੱਥਰ ਉਪਾਏ ਹੋਏ, ਇਨ੍ਹਾਂ ਦੇ ਵਿੱਚ ਸੈਲ ਪੱਥਰ ਜਿਹੜਾ ਹੁੰਦਾ ਹੈ, ਉਹਦੇ ਵਿੱਚ ਕੀੜਾ ਹੁੰਦਾ ਹੈ, ਉਹਦੇ ਮੂੰਹ 'ਚ ਰਾਸ਼ਨ ਹੁੰਦਾ ਹੈ। ਪ੍ਰਮੇਸ਼ਰ ਉਥੇ ਪਹੁੰਚਾਉਂਦਾ ਹੈ। ਇੱਕ ਵਾਰੀ ਇੱਥੇ ਪੱਥਰ ਤੋੜਿਆ, ਗੁਰਦਾਸਪੁਰ। ਸੰਤ ਜਾ ਰਹੇ ਸੀ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲੇ। ਕੀੜਾ ਨਿਕਲਿਆ ਤਾਂ ਨੌਕਰ ਦੌੜ ਕੇ ਆਏ ਤਾਂ ਕਹਿੰਦਾ ਮਹਾਰਾਜ! ਤੁਹਾਨੂੰ ਕੁਛ ਦਿਖਾਉਣਾ ਹੈ। ਮਹਾਤਮਾ ਚਲੇ ਗਏ, ਜਾ ਕੇ ਕੀ ਦੇਖਦੇ ਨੇ ਕਿ ਪੱਥਰ ਵਿੱਚੋਂ ਇੱਕ ਕੀੜਾ ਨਿਕਲ ਆਇਆ। ਜਗ੍ਹਾ ਬਣੀ ਹੋਈ ਹੈ ਓਹਦੀ। ਸਾਹ ਲੈਣ ਨੂੰ ਕੋਈ ਥਾਂ ਨਹੀਂ ਹੈ। ਕਹਿੰਦੇ, ਮਹਾਰਾਜ! ਦੇਖੋ, ਇਹਦੇ ਮੂੰਹ ਵਿੱਚ ਕੀ ਹੈ, ਅਸੀਂ ਉਦੋਂ ਦੇ ਹੀ ਹੈਰਾਨ ਹੋਈ ਜਾਂਦੇ ਹਾਂ। ਇੱਕ ਸਿੰਘ ਨੂੰ ਕਿਹਾ ਕਿ ਦੇਖ ਤਾਂ ਕੀ ਹੈ, ਕਹਿੰਦਾ ਮਹਾਰਾਜ! ਇਹ ਤਾਂ ਮਿੱਠੀ, ਚੀਨੀ ਵਰਗੀ ਕੋਈ ਚੀਜ਼ ਹੈ। ਉਸ ਵੇਲੇ ਮਹਾਰਾਜ ਨੇ ਸ਼ਬਦ ਉਚਾਰਿਆ, ***ਕਾਹੇ***

***ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥'*** ਇਹ ਉਚਾਰਦੇ ਹੀ ਸੀ ਕਿ ਭਾਈ ਮਾਧੋਦਾਸ ਆ ਗਏ। ਉਸ ਵੇਲੇ ਮਹਾਰਾਜ ਜੀ ਨੇ ਸ਼ਬਦ ਚਲਦੇ-ਚਲਦੇ ਵਿੱਚ ਬਦਲ ਦਿੱਤਾ।

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ*
*ਸੂਕੇ ਕਾਸਟ ਹਰਿਆ ॥* *ਅੰਗ - ੧੦*

ਜਿਹੜੀ ਸੁੱਕੀ ਲੱਕੜੀ ਹੈ ਉਹ ਹਰੀ ਹੋ ਜਾਂਦੀ ਹੈ, ਗੁਰੂ ਦੀ ਕ੍ਰਿਪਾ ਹੋ ਜਾਵੇ। ਉਸ ਨੇ ਸਾਰੀ ਕਹਾਣੀ ਦੱਸੀ। ਉਸ ਗੁਰਸਿੱਖ ਦਾ ਐਸਾ ਕਿਰਦਾਰ ਸੀ। ਇੱਕ ਵਾਰੀ ਉਹਦੇ ਕੋਲ ਇੱਕ ਗੁਰਸਿੱਖ ਆ ਗਿਆ। ਉਹਨੇ ਕਿਹਾ ਕਿ ਮੈਂ ਗੁਰੂ ਅਰਜਨ ਪਾਤਸ਼ਾਹ ਜੀ ਦੇ ਪਾਸੋਂ ਆਇਆ ਹਾਂ, ਬੜੀ ਸੇਵਾ ਕਰੀ ਕਿ ਮਹਾਰਾਜ ਦੇ ਦਰਸ਼ਨ ਕਰਕੇ ਆਇਆ ਹੈ ਤੇ ਬਚਨ ਸੁਣਾਉਣੇ ਸ਼ੁਰੂ ਕਰ ਦਿੱਤੇ ਉਹਨੇ। ਸੀਗਾ ਪਾਖੰਡੀ, ਠੱਗ ਸੀਗਾ। ਉਹ ਠੱਗਣ ਲਗ ਗਿਆ, ਭੋਲੇ ਭਾਲੇ ਗੁਰਸਿੱਖਾਂ ਨੂੰ। ਉਹ ਸੇਵਾ ਕਰਦਾ ਹੈ, ਪ੍ਰਸ਼ਾਦ ਪਾਣੀ ਛਕਾ ਕੇ, ਅੰਮ੍ਰਿਤ ਵੇਲੇ ਕਹਿਣ ਲੱਗੇ ਕਿ ਪ੍ਰੇਮੀਆਂ! ਰਾਤ ਤਾਂ ਤੂੰ ਕੁਵੇਲੇ ਆਇਆ ਹੈਂ। ਜੋ ਘਰ ਵਿੱਚ ਸੀ ਛਕਾ ਦਿੱਤਾ ਤੇ ਹੁਣ ਮੈਂ ਜਾ ਕੇ ਵਧੀਆ ਥੋੜ੍ਹੀ ਮਠਿਆਈ ਵੀ ਲੈ ਕੇ ਆਵਾਂਗਾ ਤੇ ਬਾਕੀ ਸਬਜ਼ੀ ਵੀ ਲਿਆਵਾਂਗਾ, ਫਲ ਵੀ ਲਿਆਵਾਂਗਾ ਤੇ ਥੋੜ੍ਹੀ ਦੇਰ ਲੱਗੇਗੀ, ਪ੍ਰਸ਼ਾਦਾ ਤਿਆਰ ਕਰਨ ਨੂੰ। ਤੁਸੀਂ ਆ ਜਾਓ, ਪ੍ਰਸ਼ਾਦਾ ਛਕੇ ਬਿਨਾਂ ਨਹੀਂ ਜਾਣਾ। ਭਾਈ ਮਾਧੋ ਜੀ ਚਲੇ ਜਾਂਦੇ ਨੇ ਤੇ ਇਹਨੇ ਪਿਛੋਂ ਕੀ ਕਰਿਆ? ਘਰਵਾਲੀ ਵਲ ਦੇਖਿਆ, ਉਹਨੇ ਗਹਿਣੇ ਪਾਏ ਹੋਏ ਸੀ। ਇਹ ਲਾਲਚ ਦੇ ਵਿੱਚ ਅੰਨਾ ਹੋ ਗਿਆ, ਇਹਨੇ ਜਾ ਕੇ ਓਹਦਾ ਗਲ ਘੁੱਟ ਦਿੱਤਾ। ਗਲ ਘੁੱਟ ਕੇ ਸਾਰੇ ਹੀ ਗਹਿਣੇ ਲਾਹ ਲਏ, ਪੋਟਲੀ ਬੰਨ੍ਹ ਲਈ, ਜਦੋਂ ਨਿਕਲਣ ਲੱਗਿਆ ਉਸ ਵੇਲੇ ਭਾਈ ਮਾਧੋ ਦਾਸ ਆ ਗਏ। ਉਨ੍ਹਾਂ ਨੇ ਇੱਕ ਦਮ ਦੇਖ ਲਿਆ ਕਿ ਇਹ ਸਿੱਖ ਕਾਹਲੀ 'ਚ ਕਿਉਂ ਹੈ, ਕੋਈ ਗੱਲ ਗੜਬੜ ਹੈ। ਅੰਦਰ ਗਏ ਤਾਂ ਦੇਖਿਆ ਕਿ ਘਰਵਾਲੀ ਮਰੀ ਪਈ ਹੈ, ਉਨ੍ਹਾਂ ਨੇ ਚੁੱਕਿਆ ਉਸ ਨੂੰ, ਲਿਟਾ ਦਿੱਤਾ ਤੇ ਲਿਟਾ ਕੇ ਉਤੇ ਚਾਦਰ ਪਾ ਦਿੱਤੀ। ਕਹਿਣ ਲੱਗੇ, ਲੈ ਗੁਰਸਿੱਖਾ! ਦੇਖ ਤੈਨੂੰ ਪਤਾ ਹੈ ਜਾਂ ਮੈਨੂੰ ਪਤਾ ਹੈ, ਕੋਈ ਗੱਲ ਨਹੀਂ ਹੈ, ਪ੍ਰਸ਼ਾਦਾ ਛਕੇ ਬਿਨਾਂ ਤਾਂ ਮੈਂ ਤੈਨੂੰ ਨਹੀਂ ਜਾਣ ਦੇਣਾ। ਆਪ ਪ੍ਰਸ਼ਾਦਾ ਬਣਾਇਆ ਤੇ ਆਪ ਪ੍ਰਸ਼ਾਦਾ ਛਕਾਇਆ। ਗੁਰੂ ਮਹਾਰਾਜ ਹੱਦ ਤੋਂ ਜ਼ਿਆਦਾ ਪ੍ਰਸੰਨ ਸੀ, ਉਹਦੀ ਕਰਨੀ ਦੇ ਉੱਤੇ। ਸੋ ਇਹ ਭਾਈ ਮਾਧੋ ਕਸ਼ਮੀਰ ਵਿੱਚ ਪ੍ਰਚਾਰ ਕਰਦੇ ਸੀ। ਇਨ੍ਹਾਂ ਦੇ ਬਚਨ ਵਿੱਚ ਸੱਤਿਆ ਸੀ, ਬਚਨ 'ਚ ਸੱਤਿਆ ਉਹਦੇ ਹੁੰਦੀ ਹੈ ਜਿਹੜਾ ਆਪ ਕਮਾਈ ਕਰਦਾ ਹੋਵੇ ਫੇਰ ਦੂਸਰਿਆਂ ਨੂੰ ਆਪਣੇ ਅਨੁਭਵ ਦੇ ਵਿਚੋਂ ਗੁਰੂ ਦੇ ਬਚਨ ਵੰਡਦਾ ਹੋਵੇ। ਉਹਦੇ ਬਚਨ 'ਚ ਸੱਤਿਆ ਹੁੰਦੀ ਹੈ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥* *ਅੰਗ - ੨੬੯*

ਭਾਈ ਸੇਵਾ ਰਾਮ ਕਸ਼ਮੀਰ ਵਿੱਚ ਰਹਿੰਦੇ ਸੀ, ਉਨ੍ਹਾਂ ਦੀ ਮਾਈ ਸੀ ਬਿਰਧ। ਉਹਨੂੰ ਗੁਰੂ ਮਹਾਰਾਜ ਦੇ ਬਚਨ ਸੁਣਾਏ ਜਿਸ ਵਕਤ, ਉਹਨੂੰ ਪਿਆਰ ਲਗ ਗਿਆ ਗੁਰੂ ਮਹਾਰਾਜ ਨਾਲ। ਬਹੁਤ ਪਿਆਰ ਲਗ ਗਿਆ ਤੇ ਪਿਆਰ ਦੇ ਵਿਚ ਹਰ ਵਕਤ ਉਡੀਕਦੀ ਰਹਿੰਦੀ ਹੈ ਤੇ ਹਰ ਵਕਤ ਲੋਚਦੀ ਹੈ ਕਿ ਕੋਈ ਐਸਾ ਪ੍ਰੇਮੀ ਮਿਲ ਜਾਵੇ ਕਿ ਜਿਹੜਾ ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਾ ਦੇਵੇ ਤੇ ਮੈਨੂੰ ਦਰਸ਼ਨ ਹੋ ਜਾਣ। ਹਿਰਦੇ 'ਚੋਂ ਐਸੀਆਂ ਬੇਨਤੀਆਂ ਨਿਕਲਦੀਆਂ ਰਹਿੰਦੀਆਂ ਨੇ -

*ਧਾਰਨਾ - ਕੋਈ ਆਣ ਕੇ ਮਿਲਾਵੇ ਪ੍ਰੀਤਮ ਪਿਆਰਾ*
*ਲੋਚਾ ਹੈ ਦੀਦਾਰਿਆਂ ਦੀ।*

*ਅਸੁਨਿ ਪ੍ਰੇਮ ਉਮਾਹੜਾ*
*ਕਿਉ ਮਿਲੀਐ ਹਰਿ ਜਾਇ ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ ॥* *ਅੰਗ - ੧੩੫*

ਮਨ ਦੇ ਅੰਦਰ ਲੋਚਾ ਹੈ ਕਿ ਮੈਂ ਦਰਸ਼ਨ ਗੁਰੂ ਦਾ ਕਰਾਂ। ਹੱਦ ਤੋਂ ਜ਼ਿਆਦਾ ਖਿੱਚ ਪੈਦਾ ਹੋ ਗਈ, ਦਰਸ਼ਨ ਕੀਤੇ ਨਹੀਂ ਹਨ, ਲੇਕਿਨ ਗੁਰੂ ਦੀਆਂ ਸਾਖੀਆਂ ਸੁਣ ਕੇ ਬਚਨ ਸੁਣ ਕੇ ਮਨ ਦੇ ਅੰਦਰ ਪਿਆਰ ਪੈਦਾ ਹੋ ਗਿਆ ਤੇ ਗੁਰੂ ਮਹਾਰਾਜ ਜੀ ਦਾ ਪਤਾ ਲੱਗਿਆ ਕਿ ਉਹ ਤਾਂ ਗਵਾਲੀਅਰ ਨੇ ਅੱਜਕੱਲ੍ਹ। ਸੱਤ ਸੌ ਮੀਲ ਅੰਮ੍ਰਿਤਸਰ ਤੇ ਉਥੋਂ ਫੇਰ ਕਿੰਨੇ ਮੀਲ ਅੱਗੇ ਗਵਾਲੀਅਰ ਪਰ ਅੰਦਰ ਵਿਸ਼ਵਾਸ਼ ਹੈ ਕਿ ਮੇਰੇ ਪਿਆਰ ਦੀ ਖਿੱਚ ਦੇ ਖਿੱਚੇ ਹੋਏ, ਗੁਰੂ ਮਹਾਰਾਜ ਜ਼ਰੂਰ ਆਉਣਗੇ। ਜੇ ਉਹ ਧੰਨੇ ਦਾ ਆ ਕੇ ਪ੍ਰਸ਼ਾਦਾ ਛਕ ਸਕਦੇ ਨੇ ਤਾਂ ਮੇਰਾ ਪ੍ਰਸ਼ਾਦਾ ਵੀ ਛਕਣਗੇ। ਏਸ ਆਸ ਵਿੱਚ ਰਹਿੰਦੀ ਹੈ, ਰੋਜ਼ ਪ੍ਰਸ਼ਾਦਾ ਗੁਰੂ ਮਹਾਰਾਜ ਵਾਸਤੇ ਤਿਆਰ ਕਰਕੇ ਇੱਕ ਥੜ੍ਹਾ ਬਣਾਇਆ ਹੋਇਆ ਹੈ, ਉਹਦੇ ਉੱਤੇ ਪਰੋਸ ਕੇ ਰੱਖ ਦਿੰਦੀ ਹੈ ਕਿ ਉਹ ਆਉਣਗੇ ਤੇ ਪ੍ਰਸ਼ਾਦਾ ਜ਼ਰੂਰ ਛਕਣਗੇ। ਪਿਆਰ ਵਧਦਾ-ਵਧਦਾ ਹੱਦ ਤੋਂ ਜ਼ਿਆਦਾ ਐਸੀ ਨੌਬਤ 'ਤੇ ਪਹੁੰਚ ਗਿਆ, ਜਿੱਥੇ ਜੀਉਣਾ ਔਖਾ ਹੋ ਜਾਇਆ ਕਰਦਾ ਹੈ। ਜਿਸਦੇ ਬਾਰੇ ਗੁਰੂ ਮਹਾਰਾਜ ਜੀ ਨੇ, ਐਸੇ ਪ੍ਰਮਾਣ ਦਿੱਤੇ ਨੇ-

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*

*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥* *ਅੰਗ - ੭੦੮*

ਜਦੋਂ ਪਿਆਰ ਪੈਦਾ ਹੁੰਦਾ ਹੈ ਉਹਦੀਆਂ ਨੌਂ ਨਿਸ਼ਾਨੀਆਂ ਹੋਇਆ ਕਰਦੀਆਂ ਨੇ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,*
*ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਸੋ ਐਸੀ ਹਾਲਤ ਹੋ ਜਾਇਆ ਕਰਦੀ ਹੈ ਕਿ ਨਾ ਖਾਣ ਨੂੰ ਜੀਅ ਕਰਦਾ ਹੈ, ਖਿੱਚ ਬਣੀ ਰਹਿੰਦੀ ਹੈ, ਹਰ ਵਕਤ ਸੁਰਤ ਉਥੇ ਰਹਿੰਦੀ ਹੈ। ਜਦੋਂ ਐਸਾ ਗੁਰੂ ਮਹਾਰਾਜ ਨਾਲ ਪਿਆਰ ਹੋਇਆ। ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹਦੇ ਹਿਰਦੇ 'ਚ ਪਿਆਰ ਹੋਵੇ ਉਹ ਤਾਂ ਭਾਈ ਜੀਉਂਦਾ, ਰੁਮਕਦਾ ਹਿਰਦਾ ਹੋਇਆ ਕਰਦਾ ਹੈ। ਜਿਸ ਹਿਰਦੇ 'ਚ ਪਿਆਰ ਨਹੀਂ ਹੁੰਦਾ, ਉਹ ਮਸਾਣਾਂ ਦੀ ਧਰਤੀ ਜਿਵੇਂ ਜਲੀ ਹੋਈ ਹੁੰਦੀ ਹੈ, ਐਸੇ ਤਰ੍ਹਾਂ ਦੇ ਨਾਲ ਹੋਇਆ ਕਰਦੀ ਹੈ। ਉਹਦੇ ਹਿਰਦੇ ਦੀ ਹਾਲਤ-

*ਧਾਰਨਾ - ਉਹ ਤਨ ਹੈ ਮਸਾਣਾਂ ਵਰਗਾ,*
*ਹਿਰਦਾ ਜਿਹੜਾ ਖਾਲੀ ਪਿਆਰ ਤੋਂ।*
*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨ ॥* *ਅੰਗ - ੧੩੭੯*

ਉਹ ਤਾਂ ਕਿਸੇ ਕੰਮ ਦਾ ਬੰਦਾ ਨਹੀਂ, ਜਿਹੋ ਜਿਹੀ ਲੱਕੜੀ ਹੋਈ, ਓਹੋ ਜਿਹਾ ਬੰਦਾ ਹੋਇਆ, ਜਿਹਦੇ ਹਿਰਦੇ 'ਚ ਕਦੇ ਪਿਆਰ ਦੀ ਰੌ ਨਹੀਂ ਰੁਮਕਦੀ। ਪਿਆਰ ਹੀ ਜੀਵਨ ਹੈ ਆਦਮੀ ਦਾ। ਸੋ ਐਸੀ ਖਿੱਚ ਪੈਂਦੀ ਹੈ ਮਨ ਦੇ ਅੰਦਰ ਕਿ ਮਾਤਾ ਦਾ ਨਾਮ ਹੈ ਭਾਗਭਰੀ, ਭਾਈ ਸੇਵਾ ਰਾਮ ਦੀ ਮਾਤਾ ਹੈ ਉਹ, ਸ੍ਰੀ ਨਗਰ ਰਹਿੰਦੀ ਹੈ। ਹਰ ਵਕਤ ਗੁਰੂ ਮਹਾਰਾਜ ਦੇ ਬਚਨ ਕਰੀ ਜਾਂਦੀ ਹੈ। ਇੱਕੋ ਹੀ ਗੱਲ ਜ਼ੁਬਾਨ 'ਤੇ ਰਹਿੰਦੀ ਹੈ ਤੇ ਨਾਲ ਸਿੱਕਦੀ ਹੈ ਕਿ ਹੇ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਭਾਵੇਂ ਤੁਸੀਂ ਗਵਾਲੀਅਰ ਗਏ ਹੋਏ ਓਂ, ਭਾਵੇਂ ਤੁਸੀਂ ਵਿਦੇਸ਼ 'ਚ ਗਏ ਹੋਏ ਓਂ। ਪਰ ਤੁਸੀਂ ਤਾਂ ਸਮਰੱਥ ਓਂ, ਤੁਹਾਨੂੰ ਆਉਣਾ ਕੀ ਔਖਾ ਹੈ। ਜੇ ਧੰਨੇ ਦਾ ਪ੍ਰਸ਼ਾਦਾ ਛਕ ਲਿਆ ਆ ਕੇ ਪ੍ਰਭੂ ਨੇ, ਨਾਮਦੇਵ ਦਾ ਦੁੱਧ ਪੀ ਲਿਆ ਤਾਂ ਤੁਸੀਂ ਵੀ ਆ ਸਕਦੇ ਓਂ। ਗੁਰੂ ਨਾਨਕ ਪਾਤਸ਼ਾਹ ਜੇ ਜਾ ਸਕਦੇ ਨੇ ਦੂਰ ਦਰਾਜ, ਕਿੱਥੇ ਲੰਕਾ ਦਾ ਰਾਜਾ ਹੈ ਕਿੱਥੇ ਗੁਰੂ ਨਾਨਕ ਨੇ, ਜਦੋਂ ਯਾਦ ਵਧ ਗਈ ਉਸੇ ਵੇਲੇ ਜਾ ਕੇ ਦਰਸ਼ਨ ਦੇ ਦਿੱਤੇ। ਤੁਸੀਂ ਵੀ ਆ ਸਕਦੇ ਓਂ, ਕੋਈ ਔਖਾ ਨਹੀਂ, ਤੁਸੀਂ ਮੈਨੂੰ ਦਰਸ਼ਨ ਦਿਓ। ਹਰ ਰੋਜ਼ ਪ੍ਰਸ਼ਾਦਾ ਤਿਆਰ ਕਰਦੀ ਹੈ ਕਿ ਪਤਾ ਨਹੀਂ ਕਿਹੜੇ ਵੇਲੇ ਗੁਰੂ ਮਹਾਰਾਜ ਆ ਜਾਣ ਤੇ ਆ ਕੇ ਪ੍ਰਸ਼ਾਦਾ ਛਕ ਲੈਣ। ਐਸੇ ਪਿਆਰ ਦੇ ਵਿੱਚ ਜਦੋਂ ਆਪਣੇ ਸਰੀਰ ਵਲ ਦੇਖਦੀ ਹੈ, ਉਮਰ ਵਲ ਦੇਖਦੀ ਹੈ ਤਾਂ ਉਮਰ ਬੜੀ ਪੁੱਗੀ ਹੋਈ ਹੈ, ਨੱਬੇ ਦੇ ਕਰੀਬ ਜਾਣ ਵਾਲੀ ਹੋਈ ਹੋਈ ਹੈ ਤੇ ਉਸ ਵੇਲੇ ਸੰਸਾਰ ਚੱਕਰ ਦੇਖਦੀ ਹੈ ਕਿ ਇਸ ਸੰਸਾਰ 'ਚ ਤਾਂ ਰਹਿਣਾ ਨਹੀਂ। ਹੁਣ ਕਿੰਨੇ ਕੁ ਦਿਨ ਮੇਰੇ ਸਰੀਰ ਦੀ ਹੋਰ ਮਿਆਦ ਹੈ, ਸਿੱਕਦੀ ਨੂੰ ਮੈਨੂੰ, ਸਾਲ ਲੰਘ ਗਏ, ਸਮਾਂ ਲੰਘ ਗਿਆ ਤੇ ਅਜੇ ਤਕ ਦਰਸ਼ਨ ਨਹੀਂ ਹੋਏ। ਉਸ ਵੇਲੇ ਕੁਦਰਤੀ ਐਸਾ ਖਿਆਲ ਅੰਦਰੋਂ ਪੈਦਾ ਹੋ ਜਾਂਦਾ ਹੈ -

*ਧਾਰਨਾ - ਦਿਨ ਥੋੜ੍ਹੇ ਰਹਿ ਗਏ*
*ਭਇਆ ਪੁਰਾਣਾ ਚੋਲਾ ਜੀ।*
*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥* *ਅੰਗ - ੧੪੨੮*

ਵੈਸੇ ਤਾਂ ਪਤਾ ਨਹੀਂ ਹੈ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਏ -

*ਕਾਲੁ ਬਿਆਲੁ ਜਿਉ ਪਰਿਓ ਡੋਲੈ*
*ਮੁਖੁ ਪਸਾਰੇ ਮੀਤ ॥ ੧ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ*
*ਸਮਝਿ ਰਾਖਉ ਚੀਤਿ ॥* *ਅੰਗ - ੬੩੧*

ਕੋਈ ਪਤਾ ਨਹੀਂ ਹੈ ਕਾਲ ਦਾ ਕਿ ਕਿਹੜੇ ਵੇਲੇ ਝਪਟਾ ਪੈ ਜਾਵੇ। ਐਸਾ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,*
*ਚੋਗਾ ਚੁਗਦੇ ਦੇ।*
*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਅੰਗ - ੨੫੪*

ਇਹ ਤਾਂ ਪੱਕਿਆ ਹੋਇਆ ਫਲ ਸੀ, ਹੁਣ ਗਿਰਿਆ, ਝੱਟ ਨੂੰ ਗਿਰਿਆ, ਕੋਈ ਇਤਬਾਰ ਨਹੀਂ ਸੀ ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*
*ਅੰਗ - ੨੩*

*ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਵਾੜੀਆਂ,*
*ਖਿੜੀਆਂ ਨਾ ਸਦਾ ਰਹਿੰਦੀਆਂ।*

*'ਚਲਦਾ............।'*

# ਇਹ ਬਾਣੀ ਜੋ ਜੀਅਹੁ ਜਾਣੈ
# ਤਿਸੁ ਅੰਤਰਿ ਰਵੈ ਹਰਿ ਨਾਮਾ ॥

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਸਾਰੇ ਦੁਖਾਂ ਰੋਗਾਂ ਦਾ ਇਲਾਜ ਹੈ ਵਾਹਿਗੁਰੂ ਮੰਤਰ ਹੈ, ਜਦੋਂ ਇਹਨੂੰ ਅਸੀਂ ਜੁਗਤ ਨਾਲ ਕਰਦੇ ਹਾਂ। ਕੋਈ ਕਹਿ ਲਓ। ਜੋ ਗੁਰੂ ਤੋਂ ਮੰਤਰ ਮਿਲਦਾ ਹੈ। ਪਰ ਉਹਦੇ ਵਿਚ ਜੁਗਤ ਦੀ ਲੋੜ ਹੁੰਦੀ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*

*ਅੰਗ - ੪੯੧*

ਕਹਿੰਦੇ ਤਾਂ ਸਾਰੇ ਹੀ ਨੇ ਪਰ ਜਦੋਂ ਜੁਗਤ ਨਾਲ ਕਹੋ ਫੇਰ ਮੁਕਤੀ ਹੋ ਜਾਂਦੀ ਹੈ। ਜੜ੍ਹ ਭਰਤ ਇਕ ਮਹਾਂਪੁਰਖ ਹੋਏ ਨੇ। ਉਹਨਾਂ ਨੇ ਬੜੇ ਤੱਤ ਬਚਨ ਕਹੇ ਹਨ। ਜੁਗਤੀ ਹੁੰਦੀ ਹੈ। ਪਿਛਲਾ ਉਹਨਾਂ ਨੂੰ ਗਿਆਨ ਸੀ। ਨਾਂ ਭਰਤ ਸੀ। ਪਰ ਉਹ ਐਨੇ ਸਥਿਰ ਹੁੰਦੇ ਕਿ 'ਜੜ੍ਹ' ਅੱਖਰ ਨਾਲ ਲਗ ਗਿਆ।

ਇਕ ਰਾਜਾ ਸੀ ਜਿਸਨੂੰ ਕਿਸੇ ਮਹਾਤਮਾ ਨੇ ਕਿਹਾ ਮਹਾਪੁਰਸ਼ ਸਤਿ ਬਚਨ ਕਹਿੰਦੇ ਹਨ, ਕੋਈ ਤਰਕ ਨਹੀਂ ਹੁੰਦੀ, ਜੀਵਨ ਸਪੱਸ਼ਟ ਹੁੰਦਾ ਹੈ ਤੇ ਇਸ ਨੂੰ ਪਰਖਣ ਵਾਸਤੇ ਸ਼ੇਤਰ ਲਾਏ, ਧਰਮਸ਼ਾਲਾ ਬਣਾਈ, ਸਾਧੂ ਆਉਂਦੇ ਹਨ। ਤਿੰਨ ਸਵਾਲ ਹੁੰਦੇ। ਪਹਿਲਾ ਤਾਂ ਇਹੀ ਹੁੰਦਾ ਕਿ ਇਥੇ ਛੇ ਮਹੀਨੇ ਠਹਿਰੋ। ਸਤਿ ਬਚਨ ਤਾਂ ਬਹੁਤ ਸਾਰੇ ਕਹਿ ਦਿੰਦੇ ਨੇ। ਦੂਸਰਾ ਬਚਨ ਹੁੰਦਾ, ਕਿ ਹੱਠ ਨਹੀਂ ਹੁੰਦਾ ਉਹਨਾਂ 'ਚ। ਸਤਿ ਬਚਨ ਕਹਿ ਦੇਣਾ। ਫੇਰ ਦਰਖਤ ਸੀ, ਨਿੰਮ ਦੀ, ਉਹਨੂੰ ਕਹਿਣਾ ਇਸ ਦਾ ਛਕ ਕੇ ਜਾਣਾ। ਤਰਕ ਆ ਜਾਣੀ ਕਿ ਰਾਜਨ! ਇਹ ਕਦੇ ਹੋਇਆ ਹੈ?

ਇਕ ਸਵਾਲ ਸੀ ਤੋਤੇ ਦਾ ਜਿਹੜਾ ਸਿਖਿਆ ਸਿਖਾਇਆ ਸੀ ਕਿ ਰਾਮ ਦਾ ਨਾਮ ਬੰਦ ਖਲਾਸੀ ਕਰਦਾ ਹੈ। ਸਾਰੇ ਦੁਖਾਂ ਤੋਂ ਛੁਟਕਾਰਾ ਕਰਦਾ ਹੈ। ਮੈਂ ਤਾਂ ਰੋਜ਼ ਕਰਦਾ ਹਾਂ ਰਾਮ-ਰਾਮ, ਮੈਨੂੰ ਤਾਂ ਕੋਈ ਇਸ ਪਿੰਜਰੇ ਤੋਂ ਹੀ ਨਹੀਂ ਛੁਡਾ ਸਕਿਆ। ਕਈ ਮਹਾਤਮਾ ਆਉਂਦੇ, ਚਲੇ ਜਾਂਦੇ।

ਅੱਜ ਜੜ੍ਹ ਭਰਤ ਜੀ ਆਉਂਦੇ ਹਨ। ਪਹਿਲੇ ਸਤਿ ਬਚਨ ਕਿਹਾ। ਦੂਸਰੇ ਬਚਨ 'ਚ ਵੀ ਸਤਿ ਕਿਹਾ। ਜਦੋਂ ਤੀਜਾ ਤੋਤੇ ਦਾ ਸਵਾਲ ਆਇਆ। ਤਾਂ ਆਪ ਜੀ ਨੇ ਜੁਗਤ ਦਸੀ ਕਿ ਪਿਆਰਿਆ! ਤੂੰ ਕਹਿੰਦਾ ਤਾਂ ਹੈ ਪਰ ਤੈਨੂੰ ਪਤਾ ਨਹੀਂ ਕਿ ਕਿਵੇਂ ਛੁਟਕਾਰਾ ਹੋਣੈ। ਉਹਨਾਂ ਨੇ ਉਸ ਨੂੰ ਜੁਗਤ ਦਸ ਦਿਤੀ। ਸਿਆਣਾ ਸੀ। ਪਿੰਜਰੇ 'ਚ ਜਿਵੇਂ ਬੇਹੋਸ਼ ਹੁੰਦੈ, ਉਵੇਂ ਬਹਿ ਗਿਆ। ਘਰਦਿਆਂ ਨੇ ਸੋਚਿਆ ਕਿ ਕਿ ਬਿਮਾਰ ਹੋ ਗਿਆ। ਉਹਨਾਂ ਨੇ ਬਾਹਰ ਕੱਢ ਕੇ ਰੱਖ ਦਿਤਾ ਤੇ ਮੌਕਾ ਦੇਖ ਕੇ ਤੋਤਾ ਉਡ ਗਿਆ। ਜਦੋਂ ਦੇਖਿਆ ਸੰਤਾਂ ਨੇ ਤਾੜੀ ਮਾਰੀ, ਤੋਤੇ ਨੇ ਉਡਾਰੀ ਮਾਰੀ, ਟਾਹਣੀ 'ਤੇ ਬੈਠ ਗਿਆ। ਉਸ ਸਮੇਂ ਮਹਾਂਪੁਰਸ਼ ਕਹਿੰਦੇ ਦੇਖਿਆ, ਰਾਮ ਨਾਮ ਸਤਿ ਹੈ। ਕਹਿਣ ਲੱਗਿਆ, ਮਹਾਰਾਜ! ਕੁੰਜੀ ਸੰਤਾਂ ਹੱਥ ਹੈ। ਕਹਿੰਦਾ ਤਾਂ ਮੈਂ ਪਹਿਲਾਂ ਵੀ ਸੀ, ਪਰ ਤੁਹਾਡੀ ਜੁਗਤੀ ਨੇ ਬੰਦ ਖਲਾਸੀ ਕਰਾ ਦਿਤੀ। ਇਸ ਤਰ੍ਹਾਂ ਦੇ ਨਾਲ ਇਹ ਜਿਹੜੀ -

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ ੨ ॥*

*ਅੰਗ- ੮੯੪*

ਇਹ ਜੁਗਤ ਸਤਿਸੰਗਤ 'ਚੋਂ ਮਿਲ ਜਾਂਦੀ ਹੈ।

ਬਿਆਸ ਜੀ ਰਾਜੇ ਜਨਮੇਜੇ ਨੂੰ ਸਮਝਾਉਂਦੇ ਹਨ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥*

*ਅੰਗ- ੧੩੪੪*

ਮਹਾਂਪੁਰਖਾਂ ਨੇ ਮਤ ਦਿਤੀ ਕਿ ਤੇਰੇ ਨਾਲ ਇਸ ਤਰ੍ਹਾਂ ਹੋਣਾ ਹੈ ਸੁਚੇਤ ਰਹੀਂ। ਪਰ ਹੋਇਆ ਕੀ -

*ਭੋਗਹਿ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।*

ਉਹ ਤਾਂ ਅਟੱਲ ਸਚਾਈ ਹੈ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*

*ਅੰਗ- ੯੩੭*

ਇਸ ਦੇ ਵਿਚ ਸ਼ਰਧਾ ਦੀ ਲੋੜ ਹੈ, ਭਾਵਨਾ ਦੀ ਲੋੜ ਹੈ, ਵਿਸ਼ਵਾਸ਼ ਦੀ ਲੋੜ ਹੈ। ਸ਼ਰਧਾ, ਭਾਵਨਾ, ਵਿਸ਼ਵਾਸ ਬਣਾਉਣ ਵਾਸਤੇ ਦ੍ਰਿਸ਼ਟਾਂਤ ਦਸੇ ਜਾਂਦੇ ਹਨ। ਸਾਖੀ ਪ੍ਰਮਾਣ ਹੈ -

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥*

*ਬਾਲਮੀਕੈ ਹੋਆ ਸਾਧਸੰਗੁ ॥*
*ਧ੍ਰੂ ਕਉ ਮਿਲਿਆ ਹਰਿ ਨਿਸੰਗ ॥ ਅੰਗ- ੧੧੯੨*
*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਅੰਗ- ੬੩੨*

ਸਤਿਪੁਰਸ਼ਾਂ ਨੇ ਜੁਗਤੀ ਦਸ ਦਿਤੀ ਕਿ ਪੁੱਤਰ ਦਾ ਨਾਮ ਨਰਾਇਣ ਰਖ ਦੇਵੀਂ। ਸੱਤਵੇਂ ਪੁੱਤਰ ਨੇ ਜਨਮ ਲੈਣਾ ਸੀ, ਆਪ ਨੇ ਕਿਹਾ ਕਿ ਇਹ 'ਨਰਾਇਣ' ਨਾਮ ਰੱਖ ਦੇਵੀਂ ਤੇ ਤੇਰਾ ਭਲਾ ਹੋ ਜਾਵੇਗਾ। ਇਸ ਤਰ੍ਹਾਂ ਉਹ ਵਿਸ਼ਵਾਸ਼ ਤੇ ਸ਼ਰਧਾ 'ਚ ਆ ਗਿਆ।

*ਗਨਕਾ ਪਾਪਣ ਹੋਇਕੈ ਪਾਪਾ ਦਾ ਗਲਿ ਹਾਰ ਪਰੋਤਾ।*
*ਮਹਾਪੁਰਖ ਅਚਾਨਚਕ ਗਨਿਕਾ ਵਾੜੇ ਆਇ ਖਲੋਤਾ।*
*ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਦਿਤੋਨੁ ਤੋਤਾ।*
*ਭਾਈ ਗੁਰਦਾਸ ਜੀ, ਵਾਰ ੧੦/੨੧*

ਗੁਰਮਤਿ ਨਹੀਂ ਦੁਰਮਤਿ, ਮਾੜੀ ਮੱਤ ਦੇਖ ਕੇ ਵੀ ਮਹਾਂਪੁਰਖ ਦਇਆਲ ਹੋ ਜਾਂਦੇ ਨੇ। ਤੋਤਾ ਦਿਤਾ ਕਿ ਇਸ ਦੀ ਮਦਦ ਦੇ ਨਾਲ ਤੂੰ ਰਾਮ-ਰਾਮ ਜਪੀ ਜਾਈਂ, ਭਲਾ ਹੋ ਜਾਵੇਗਾ। ਵੱਡੇ-ਵੱਡਿਆਂ ਦਾ ਭਲਾ ਹੋ ਜਾਂਦੈ -

*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨*

ਨਾਮ ਨਾਲ ਜੁੜ ਕੇ ਸਾਰੇ ਦੁੱਖ ਪਾਪ ਦੂਰ ਹੋ ਜਾਂਦੇ ਨੇ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- ੧੧੯੫*

ਰਾਜੇ ਜਨਮੇਜੇ ਦਾ ਵਿਸ਼ਵਾਸ਼ ਨਹੀਂ ਸੀ। ਉਸ ਨੇ ਤਰਕ ਕੀਤੀ। ਭਾਵੇਂ ਮਹਾਂਪੁਰਸ਼ਾਂ ਨੇ ਉਸਨੂੰ ਜੋ ਸਮਝਾਇਆ ਸੀ, ਉਹ ਸਾਰਾ ਕੁਛ ਉਸੇ ਤਰ੍ਹਾਂ ਵਰਤ ਗਿਆ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ- ੧੩੩*

ਪਹਿਲਾਂ ਤਾਂ ਘੋੜੇ ਖਰੀਦਣੇ ਬੰਦ ਕਰ ਦਿਤੇ। ਪਰ ਇਕ ਘੋੜੀ ਪਸੰਦ ਆ ਗਈ ਸੇਵਾਦਾਰਾਂ ਨੇ ਕਿਹਾ ਕਿ ਆਪਣੇ ਦਰਬਾਰ ਦੀ ਸੋਭਾ ਬਣੇਗੀ ਕਿ ਚਲੋ ਇਸ 'ਤੇ ਚੜ੍ਹਿਓ ਨਾ।

ਫੇਰ ਇਕ ਦਿਨ ਸੇਵਾਦਾਰਾਂ ਨੇ ਕਿਹਾ ਕਿ ਘੋੜੀ ਖੜ੍ਹੀ-ਖੜ੍ਹੀ ਉਦਾਸ ਹੋ ਗਈ। ਇਸ ਨੂੰ ਥੋੜ੍ਹਾ ਜਿਹਾ ਕਿਤੇ ਘੁਮਾ ਲਿਆਇਓ, ਦੱਖਣ ਦਿਸ਼ਾ 'ਚ ਜਾਣਾ ਮਨ੍ਹਾ ਹੈ, ਓਧਰ ਨਾ ਜਾਇਓ।

ਰਾਜੇ ਲੈ ਗਿਆ ਘੋੜੀ। ਦਿਸ਼ਾ ਭਰਮ ਹੋ ਗਿਆ ਤੇ ਦੱਖਣ ਦਿਸ਼ਾ ਵਿਚ ਪਹੁੰਚ ਗਿਆ। ਉਥੋਂ ਇਕ ਅਨਆਰੀਅਨ ਬੀਬੀ ਲੈ ਆਇਆ। ਬਦਨਾਮੀ ਹੋ ਗਈ ਸਾਰੇ ਕਿ ਰਾਜੇ ਕਿਹੋ ਜਿਹਾ ਕੁਕਰਮ ਕਰਿਆ ਕਿ ਪਰਾਈ ਇਸਤ੍ਰੀ ਨੂੰ ਘਰ ਲੈ ਕੇ ਆ ਗਿਆ।

ਇਸ ਨੇ ਇਸ ਬਦਨਾਮੀ ਨੂੰ ਦੂਰ ਕਰਨ ਵਾਸਤੇ, ਇਸ ਤੋਂ ਬਚਣ ਵਾਸਤੇ ਯੱਗ ਕੀਤਾ। ਪੰਡਤ ਕੋਈ ਨਹੀਂ ਆਉਂਦਾ ਯੱਗ ਵਿਚ। ਇਸ ਨੇ ਬੱਚਿਆਂ ਨੂੰ ਬੁਲਾ ਲਿਆ ਜੋ ਬ੍ਰਹਮ ਵਿਦਿਆ ਪੜ੍ਹਨ ਵਾਲੇ ਸਨ।

ਉਹ ਬੱਚੇ ਭੋਜਨ ਖਾਣ ਵੇਲੇ ਹਸਦੇ ਤਾਂ ਆਪਣੀ ਗੱਲ 'ਤੇ ਨੇ। ਕਿਉਂਕਿ ਜੋ ਰਾਣੀ ਸੀ ਉਹ ਪੰਗਤ ਵਿਚ ਵਰਤਾਉਣ ਲਈ ਹਰ ਵਾਰ ਵਸਤਰ ਬਦਲ-ਬਦਲ ਕੇ ਆਉਂਦੀ ਸੀ। ਤੇ ਇਹ ਬੱਚੇ ਸਨ ਐਨੀ ਸਮਝ ਨਹੀਂ ਸੀ ਕਿ ਕਿਵੇਂ ਸਭਿਅਤਾ ਵਿਚ ਰਹੀਦੈ। ਬੱਚਿਆਂ ਨੇ ਕਿਹਾ ਕਿ ਹਰ ਵਾਰ ਨਵੀਂ ਰਾਣੀ ਆਉਂਦੀ ਹੈ। ਤਾਂ ਇਕ ਬੱਚੇ ਨੇ ਕਿਹਾ ਕਿ ਨਹੀਂ ਇਕੋ ਰਾਣੀ ਹੈ। ਉਸ ਨੇ ਚੌਲ ਨਹੁੰ ਤੇ ਮਾਰਿਆ। ਜਦੋਂ ਉਹ ਫੇਰ ਵਸਤਰ ਬਦਲ ਕੇ ਆਈ ਤਾਂ ਉਹ ਚੌਲ ਉਸ ਦੇ ਲੱਗਿਆ ਹੋਇਆ ਸੀ। ਐਨੇ ਨੂੰ ਹਵਾ ਦਾ ਤੇਜ਼ ਬੁੱਲਾ ਆਇਆ ਤੇ ਰਾਣੀ ਦੀ ਸਾੜੀ ਦਾ ਪੱਲਾ ਹਵਾ 'ਚ ਉੱਡ ਗਿਆ। ਇਹ ਬੱਚੇ ਹਸਦੇ ਤਾਂ ਆਪਸ ਵਿਚ ਆਪਣੀ ਗਲ 'ਤੇ ਸੀ। ਰਾਜੇ ਨੇ ਸੋਚਿਆ ਕਿ ਮੇਰੀ ਰਾਣੀ ਨੂੰ ਦੇਖ ਕੇ ਹਸਦੇ ਹਨ। ਇਸ ਨੂੰ ਗੁੱਸਾ ਆ ਗਿਆ, ਕ੍ਰੋਧ 'ਚ ਅੰਨ੍ਹਾ ਹੋਇਆ-ਹੋਇਆ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- ੩੧੩*

ਇਸ ਤਰ੍ਹਾਂ ਚੁੱਕ-ਚੁੱਕ ਕੇ ਬੱਚਿਆਂ ਨੂੰ ਕੜਾਹਿਆਂ ਦੇ ਵਿਚ ਸੁੱਟਣਾ ਸ਼ੁਰੂ ਕਰ ਦਿਤਾ। ਅਠਾਰ੍ਹਾਂ ਗੋਤਾਂ ਦੇ, ਅਠਾਰ੍ਹਾਂ ਹੀ ਬੱਚੇ ਦੇਗਾਂ ਦੇ ਵਿਚ ਉਬਾਲੇ ਦੇ ਦਿਤੇ। ਕੜਾਹਿਆਂ ਦੇ ਵਿਚ ਸੁੱਟ ਦਿਤੇ। ਹੁਣ ਦੋਸ਼ ਲਗ ਗਿਆ, ਕੋਹੜ ਹੋ ਗਿਆ। ਫੇਰ ਇਹਨੂੰ ਯਾਦ ਆਉਂਦੈ ਕਿਉਂਕਿ-

*ਸੁਖ ਮਹਿ ਸਿਮਰਨੁ ਸਭ ਕਰੈ ਦੁਖ ਮਹਿ ਕਰੈ ਨ ਕੋਇ।*
*ਸੁਖ ਮਹਿ ਸਿਮਰਨੁ ਜੇ ਕਰੈ ਦੁਖ ਕਾਹੇ ਕੁ ਹੋਇ।*

ਫੇਰ ਮਹਾਂਪੁਰਸ਼ਾਂ ਨੇ, ਬਿਆਸ ਜੀ ਨੇ ਕਿਹਾ ਕਿ ਭਾਗਵਤ ਦੀ ਕਥਾ ਸੁਣ। ਤਰਕ ਨਾ ਕਰੀਂ, ਸ਼ਰਧਾ 'ਚ, ਵਿਸ਼ਵਾਸ਼ 'ਚ, ਭਰੋਸੇ 'ਚ ਰਹੀਂ। ਕੋਹੜ ਦਾ ਰੋਗ ਦੂਰ ਹੁੰਦਾ ਚਲਾ ਗਿਆ। ਪਰ ਆਖੀਰ ਦੇ ਵਿਚ ਭੀਮ ਦੇ ਵਿਚ ਦਸ ਹਜ਼ਾਰ ਹਾਥੀਆਂ ਜਿੰਨਾਂ ਬਲ ਸੀ। ਉਸ ਨੇ ਹਾਥੀ ਚੁੱਕ-ਚੁੱਕ ਕੇ ਯੁੱਧ ਵਿਚੋਂ ਅਸਮਾਨ ਤੱਕ ਚੁੱਕ-ਚੁੱਕ ਕੇ ਮਾਰੇ। ਉਹ ਉਪਰ ਪੁਲਾੜ ਵਿਚ ਚਲੇ ਗਏ। ਇਹਨੇ ਨੱਕ ਮਾਰ ਦਿਤਾ ਕਿ ਨਹੀਂ ਇਹ ਨਹੀਂ ਹੋ ਸਕਦਾ। ਨੱਕ 'ਤੇ ਕੋਹੜ ਰਹਿ ਗਿਆ ਸੀ। ਮਹਾਂਪੁਰਖਾਂ ਨੇ ਮੰਤਰ ਬਲ ਨਾਲ ਸਪੇਸ ਵਿਚ ਹਾਥੀਆਂ ਦੇ ਪਿੰਜਰ ਘੁੰਮਦੇ ਦਿਖਾ ਦਿਤੇ। ਫੇਰ ਇਹ ਰੋਇਆ-

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥ ਅੰਗ- ੯੫੪*

ਇਸ ਸਾਖੀ ਪ੍ਰਮਾਣ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਡੇ ਤਰਕ ਨਹੀਂ ਆਉਣੀ ਚਾਹੀਦੀ, ਜੋ ਗੁਰਬਾਣੀ ਦੇ ਬਚਨ ਹਨ ਇਹ ਸਾਰੇ ਸਤਿ ਹਨ। ਕਿਉਂਕਿ -

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ- ੬੨੮*

ਸਾਰੀਆਂ ਚਿੰਤਾਵਾਂ ਦਾ ਨਾਸ਼ ਕਰਨ ਵਾਲੀ ਹੈ। ਆਪਾਂ ਸੀਸ ਝੁਕਾਉਂਦੇ ਹਾਂ। ਆਪਣੇ ਇਸ਼ਟ ਨੂੰ। ਧੰਨ ਸ੍ਰੀ ਗੁਰੂ ਗੋਬਿੰਦ ਪਾਤਸ਼ਾਹ ਜੀ ਨੂੰ। ਇਕ ਆਪਾ ਸਮਰਪਣ ਹੁੰਦਾ ਹੈ। ਆਪਣੀ ਮਤ ਨੂੰ ਛੱਡਣਾ ਹੁੰਦਾ ਹੈ। ਤਰਕ ਨਹੀਂ ਆਉਣੀ ਚਾਹੀਦੀ। ਸ਼ਰਧਾ ਆਉਣੀ ਚਾਹੀਦੀ ਹੈ।

ਸਾਰਾ ਸ਼ਬਦ ਜਿਸ ਵਿਚ ਜ਼ਿਕਰ ਆਉਂਦਾ ਹੈ ਕਿ ਸੰਸਾਰ ਦੁਖੀ ਹੋ ਰਿਹਾ ਹੈ? ਕਿਉਂ ਦੁਖੀ ਹੁੰਦਾ ਹੈ? -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ- ੧੩੫*

ਸਾਰੇ ਰੋਗ ਆ ਜਾਂਦੇ ਹਨ। ਕਦੋਂ? ਜਦੋਂ ਅਸੀਂ-

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ- ੧੨੫੬*

ਇਹ ਰੋਗ ਕਿਤੋਂ ਬਾਹਰੋਂ ਤਾਂ ਆਏ ਨਹੀਂ, ਇਹ ਅਸੀਂ ਅੰਦਰ ਹੀ ਸਹੇੜ ਲਏ। ਜਦੋਂ ਇਹ ਸਰੀਰ ਮਨ ਦੇ ਪਿਛੇ ਲਗ ਗਿਆ, ਤਾਂ ਫੇਰ ਸਜ਼ਾ ਮਿਲਦੀ ਹੈ। ਇਹ ਸਾਰਾ ਕੰਮ ਮਨ ਦਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਇਸ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਧੰਨ ਬਾਬਾ ਨਾਨਕ ਇਸ ਮਾਤ ਲੋਕ ਵਿਚ ਐਨਾ ਸ਼ਕਤੀਸ਼ਾਲੀ ਮੰਤਰ ਲੈ ਕੇ ਆਏ ਜਿਹੜਾ ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ 'ਵਾਹਿਗੁਰੂ ਮੰਤ੍ਰ'।

ਕੋਈ ਗੁਰੂ ਸ੍ਰੀ ਨਾਨਕ ਦੇਵ ਜੀ ਤੋਂ ਵੱਡਾ ਨਹੀਂ ਹੋ ਸਕਦਾ। ਆਪ ਸਭ ਤੋਂ ਵੱਡੇ ਹਨ। ਕਿਉਂ? ਕਿਉਂਕਿ ਕਿਸੇ ਨਾ ਕਿਸੇ ਦਾ ਕੋਈ ਨਾ ਕੋਈ ਗੁਰੂ ਹੈ ਇਸ ਮਾਤ ਲੋਕ ਦੇ ਵਿਚ। ਗੁਰੂ ਬਾਬਾ ਜੀ ਦੇ ਸਾਮ੍ਹਣੇ ਕੋਈ ਐਸਾ ਨਹੀਂ ਸੀ -

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ- ੯੩੬*

ਜਿਹੜਾ ਉਹਨਾਂ ਦੇ ਸਾਮ੍ਹਣੇ ਉਚੇ ਆਸਣ 'ਤੇ ਟਿਕ ਸਕੇ, ਬੈਠ ਸਕੇ। ਬਾਬਾ ਜੀ ਦਾ ਤਪ ਤੇਜ਼ ਹੀ ਐਨਾ ਸੀ, ਇਸ ਕਰਕੇ ਬਾਬਾ ਜੀ ਆਪ ਹੀ ਆਪਣੇ ਗੁਰੂ ਬਾਰੇ ਦਸਦੇ ਹਨ -

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ- ੫੯੯*

*ਆਦਿ ਅੰਤੁ ਏਕੈ ਅਵਤਾਰਾ।*
*ਸੋਈ ਗੁਰੂ ਸਮਝਹੁ ਹਮਾਰਾ। ਚੌਪਈ ਸਾਹਿਬ*

ਜਦੋਂ ਵੇਈ ਨਦੀ 'ਚ ਇਸ਼ਨਾਨ ਕਰਦੇ ਤੇ ਤਿੰਨ ਦਿਨ ਬਾਹਰ ਨਾ ਆਏ। ਉਹ ਦਰਗਾਹ ਦੇ ਵਿਚ ਗਏ। ਉਥੋਂ ਫੇਰ ਕਿਹਾ ਕਿ ਤੁਸੀਂ ਸ਼ੁਰੂ ਨਹੀਂ ਕੀਤਾ ਉਹ ਕੰਮ ਜਿਸ ਲਈ ਤੁਹਾਨੂੰ ਸੰਸਾਰ ਵਿਚ ਭੇਜਿਆ ਗਿਆ। ਨਿਰੰਕਾਰ ਵਲੋਂ ਡਿਊਟੀ ਲੱਗੀ ਹੈ।

ਕਹਿੰਦੇ, ਇਹਦੇ ਵਾਸਤੇ ਪਰੰਪਰਾ ਚੱਲੀ ਆਉਂਦੀ ਹੈ ਕਿ ਗੁਰੂ ਧਾਰਨ ਕਰਨਾ। ਉਥੇ ਫੇਰ ਪਾਰਬ੍ਰਹਮ ਪ੍ਰਮੇਸ਼ਰ ਨੇ ਕਿਹਾ ਕਿ 'ਮੈਂ ਪਾਰਬ੍ਰਹਮ ਪਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਤੇ ਆਪ ਜੀ ਦਰਗਾਹ ਵਿਚੋਂ ਮੂਲਮੰਤ੍ਰ ਲੈ ਕੇ ਆਏ, ਗੁਰਮੰਤ੍ਰ ਲੈ ਕੇ ਆਏ। ਸਾਰਾ ਉਥੋਂ ਦਾ ਨਕਸ਼ਾ ਦਰਸਾਇਆ ਹੈ ਜੋ ਮੂਲਮੰਤ੍ਰ ਦੇ ਵਿਚ ਹੈ।

ੴ ਨੂੰ ਬਰੈਕਟ ਵਿਚ ਰੱਖ ਕੇ ਏਕਾ ਅੱਗੇ ਲਾ ਦਿਤਾ। 'ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। 'ਜਪੁ' ਮੋਹਰ ਲਾ ਦਿਤੀ ਇਸ ਦੇ ਉਤੇ ਆਪ ਜੀ ਨੇ।

*ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਇਸ ਤਰ੍ਹਾਂ ਦੇ ਨਾਲ ਸਾਡਾ ਕਿਸੇ ਗੁਰੂ ਨਾਲ, ਆਚਾਰੀਆ, ਪੈਗੰਬਰ, ਮਹਾਂਪੁਰਖ ਨਾਲ ਕੋਈ ਵਿਰੋਧ ਨਹੀਂ। ਸਾਡਾ ਤਾਂ ਆਪਣਾ ਨਿਸ਼ਚਾ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ- ੯੮੨*

ਉਹਨਾਂ ਦਾ ਸੰਸਾਰ ਤੇ ਐਨਾ ਸ਼ਕਤੀਸ਼ਾਲੀ ਮੰਤ੍ਰ ਲੈ ਕੇ ਆਉਣਾ। ਕਲਜੁਗ ਦਾ ਸਮਾਂ ਹੈ, ਤੁਸੀਂ ਦੇਖ ਲਓ, ਸਾਰੇ ਕਾਲ ਦੇ ਅਧੀਨ ਹਨ। ਸਮੇਂ ਦੇ ਅਧੀਨ ਹਨ। ਇਹਨਾਂ ਦੇਸ਼ਾਂ ਦੇ ਵਿਚ ਜੇ ਪੁੱਛੋ ਕਿਸੇ ਨੂੰ ਕਿ ਤੂੰ ਕਿਥੋਂ ਆਇਆ ਹੈਂ। ਕਿੰਨਾਂ ਸਫਰ ਹੈ, ਉਹ ਇਹ ਨਹੀਂ ਦਸੇਗਾ ਕਿ ਐਨੇ ਮੀਲ....। ਐਨੇ ਘੰਟੇ, ਐਨੇ ਮਿੰਟ ਦੀ ਡਰਾਈਵ ਸੀ ਇਹ ਦਸਦੇ ਹਨ। ਕਿਉਂਕਿ ਸਮੇਂ ਦੇ ਅਧੀਨ ਹਨ ਸਾਰੇ।

*ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥*
*ਅੰਗ- ੫੨੯*

ਸਮਾਂ ਨਾਮ ਹੈ ਕਾਲ ਦਾ।

*ਇਹ ਠਹਿਰਨ ਜਾਚ ਨ ਜਾਣਦਾ*

*ਲੰਘ ਗਿਆ ਨ ਮੁੜ ਕੇ ਆਂਵਦਾ।*

*ਭਾਈ ਵੀਰ ਸਿੰਘ ਜੀ*

ਹੁਣ ਸਮੇਂ ਦੀ ਲੋੜ ਸੀ। ਹੁਣ ਸਮਾਂ ਘੱਟ ਹੈ, ਪਹਿਲਾਂ ਤਾਂ ਉਮਰਾਂ ਕਿੰਨੀਆਂ ਲੰਬੀਆਂ ਸਨ। ਹੁਣ ਉਮਰਾਂ ਛੋਟੀਆਂ ਹੋ ਗਈਆਂ। ਦਿਲ, ਦਿਮਾਗ ਐਨੇ ਤਾਕਤਵਾਰ ਨਹੀਂ ਰਹੇ -

*ਮਨਹਠਿ ਕਿਨੈ ਨ ਪਾਇਆ..... ॥ ਅੰਗ- ੪੦*

ਇਹਨਾਂ ਦੇ ਜਿਹੜੇ ਪਹਿਲੇ ਸਾਧਨ ਸਨ ਉਹ ਕਸ਼ਟ ਯੋਗ, ਹੱਠ ਯੋਗ ਕਰਨੇ ਬੜੇ ਔਖੇ ਨੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਮਹਾਰਾਜ ਸੁਰਤਿ ਤੇ ਸ਼ਬਦ ਦਾ ਮਾਰਗ ਲੈ ਕੇ ਆਏ। ਸ਼ਕਤੀਸ਼ਾਲੀ ਵਾਹਿਗੁਰੂ ਮੰਤ੍ਰ ਲੈ ਕੇ ਆਏ ਜਿਹਦੀ ਕਮਾਈ ਕਰਕੇ ਸਾਰੇ ਦੁਖ, ਸਾਰੇ ਰੋਗ ਦੂਰ ਹੋ ਜਾਂਦੇ ਹਨ। ਲੋੜ ਹੈ ਕਰਨ ਦੀ -

*ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥*
*ਅੰਗ- ੪੩੩*

ਗੱਲੀ ਬਾਤੀਂ ਤਾਂ ਅਸੀਂ ਕਰੀ ਜਾਨੇ ਹਾਂ-

*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ- ੨੬੯*

ਬਾਹਰੋਂ ਅਸੀਂ ਹੋਰ ਤਰ੍ਹਾਂ ਦੇ ਹਾਂ ਅੰਦਰੋਂ ਹੋਰ। ਇਕੋ ਜਿਹਾ ਹੋਵੇ ਜੀਵਨ। ਜੀਵਨ ਹੀ ਦੂਜੇ ਵਾਸਤੇ ਉਪਦੇਸ਼ ਬਣ ਜਾਂਦਾ ਹੈ। ਕਹਿਣ ਦੀ ਲੋੜ ਨਹੀਂ ਪੈਂਦੀ, ਜੀਵਨ ਨੂੰ ਦੇਖ ਕੇ ਹੀ ਜੀਵਨ ਬਦਲ ਜਾਂਦੇ ਹਨ -

*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ- ੭੪੯*

ਸੋ ਐਸੇ ਸਮੇਂ 'ਤੇ ਜੋ ਲੋੜ ਸੀ ਕਲਜੁਗ ਦੇ ਵਿਚ ਧੰਨ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਜੀ ਨੇ ਮੰਤਰ ਲਿਆਂਦਾ ਜਿਹੜੇ ਨੂੰ ਸਾਰੇ ਹੀ ਜਪ ਸਕਦੇ ਹਨ। ਕੋਈ ਔਖਾ ਨਹੀਂ। ਸਵਾਸ ਦੇ ਉਤੇ ਆ ਜਾਂਦਾ ਹੈ। ਜਿਹੜੇ ਲੰਬੇ ਮੰਤਰ ਸਨ 'ਓਅੰ' ਕਹਿ ਕੇ ਸ਼ੁਰੂ ਹੁੰਦੇ, 'ਨਮਹ' 'ਤੇ ਸਮਾਪਤੀ ਹੁੰਦੀ। ਇਹ ਸਵਾਸ 'ਤੇ ਨਹੀਂ ਆਉਂਦੇ। ਇਹ ਇਕ ਵਾਹਿਗੁਰੂ ਮੰਤਰ ਹੈ ਜਿਹੜਾ ਕਿ ਸਵਾਸ 'ਤੇ ਆ ਜਾਂਦਾ ਹੈ। ਕੋਈ ਔਖਾ ਨਹੀਂ। ਅੰਦਰ ਨੂੰ ਸਵਾਸ ਆਉਂਦੈ, ਬਾਹਰ ਨੂੰ ਆਉਂਦੈ, ਬਰਾਬਰ ਸਮਤੋਲ ਬਣਾ ਕੇ, 'ਵਾਹਿ' ਅੰਦਰ, 'ਗੁਰੂ' ਬਾਹਰ ਆਉਣ 'ਤੇ, ਇਹ ਭਰਿਆ ਹੋਇਆ ਸਵਾਸ ਆਵੇ। ਕਿਉਂਕਿ ਸਵਾਸ ਉਤੇ ਹੀ ਮਨ ਦੌੜਦਾ ਹੈ। ਮਨ ਨੇ ਤਰਕ ਵਿਤਰਕ ਕਰਨੀ ਹੈ, ਬੁੱਧੀ ਨੂੰ ਪ੍ਰੇਰ ਦੇਣਾ ਹੈ। ਬੁੱਧੀ ਨੇ ਚਿੱਤ ਨੂੰ, ਅਹੰਭਾਵ 'ਚ ਆ ਕੇ ਇਨਸਾਨ, ਜਿਵੇਂ ਰਾਜਾ ਜਨਮੇਜਾ ਤਰਕ ਕਰ ਬੈਠਿਆ। ਤਰਕ ਵਿਤਰਕ ਦਾ ਯੁੱਗ ਹੈ, ਮੀਡੀਏ ਦਾ ਯੁੱਗ ਹੈ। ਇਸ ਦੇ ਵਿਚ ਅਸੀਂ ਵੈਰਾਗ ਨਸ਼ਟ ਕਰ ਲੈਂਦੇ ਹਾਂ, ਪਿਆਰ ਖਤਮ ਕਰ ਲੈਂਦੇ ਹਾਂ, ਸ਼ਰਧਾ ਦੇ ਵਿਚ ਭਾਵਨਾ ਦੇ ਵਿਚ ਆਓ। ਕਿਉਂਕਿ ਗੁਰੂ ਦੇ ਉਤੇ ਜਿੰਨੀ ਸਾਡੀ ਸ਼ਰਧਾ ਹੁੰਦੀ ਹੈ, ਭਾਵਨਾ ਹੁੰਦੀ ਹੈ, ਫਲ ਲਗਦਾ ਹੈ।

ਬੱਚੇ ਆਉਂਦੇ ਹਨ, ਉਹ ਸ਼ਰਧਾ 'ਚ ਪਿਆਰ 'ਚ ਬੈਠ ਕੇ, ਜਿਹੜੇ ਉਹਨਾਂ ਦੇ ਮਾਤਾ-ਪਿਤਾ ਹਨ, ਉਹਨਾਂ ਨੂੰ ਸ਼ੁਭ ਸੰਸਕਾਰ ਦੇਣ ਕਿ ਗੁਰੂ ਦੇ ਦਰ 'ਤੇ ਜਾਣਾ ਹੈ। ਭਾਵਨਾ ਲੈ ਕੇ ਜਾਣਾ। ਸ਼ਰਧਾ ਲੈ ਕੇ ਜਾਣਾ। ਸ਼ਰਧਾ ਰੂਪ ਝੋਲੀ ਭਰਨੀ। ਕਿਉਂਕਿ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ ੩੪/੧*

ਜਿਹੋ ਜਿਹੀ ਸਾਡੀ ਭਾਵਨਾ ਹੋਏਗੀ, ਉਹੋ ਜਿਹਾ ਫਲ ਲਗਦਾ ਹੈ। ਇਸ ਕਰਕੇ ਲੋੜ ਹੁੰਦੀ ਹੈ ਕਿ ਅਸੀਂ ਇਥੇ ਆ ਕੇ ਪੂਰੀ ਸ਼ਰਧਾ ਦੇ ਨਾਲ, ਪੂਰੀ ਭਾਵਨਾ ਦੇ ਨਾਲ ਸਤਿਗੁਰੂ ਦੇ ਦਰ 'ਤੇ ਆਵਾਂਗੇ, ਰਹਿਮਤਾਂ ਬਖਸ਼ਿਸ਼ਾਂ ਨਾਲ ਸਾਡੀ ਝੋਲੀ ਸਤਿਗੁਰ ਭਰ ਦੇਣਗੇ। ਕਿਉਂਕਿ ਜਿਵੇਂ ਸ਼ੀਸ਼ਾ ਹੈ, ਜਿਹੋ ਜਿਹਾ ਉਹਦੇ 'ਚ ਮੂੰਹ ਦੇਖੋ, ਉਹੋ ਜਿਹਾ ਨਜ਼ਰ ਆਉਂਦਾ ਹੈ। ਸੋ ਸਤਿਗੁਰ ਦੇ ਉਤੇ ਭਾਵਨਾ ਹੁੰਦੀ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥ ਅੰਗ - ੭੯੭*

ਬਾਣੀ ਨਾਮ ਨਾਲ ਜੋੜ ਦਿੰਦੀ ਹੈ। ਕਿਉਂਕਿ ਕਦੇ ਸਰੀਰ ਨਹੀਂ ਹੋਇਆ। ਜੇ ਕਹੋ ਕਿ ਦੇਹਧਾਰੀ, ਗੁਰੂ ਨੇ ਜੇ ਦੇਹ ਵੀ ਧਾਰਨ ਕੀਤੀ ਤਾਂ ਜੋ ਬਾਣੀ ਆਈ ਉਹ ਗੁਰੂ ਹੈ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ- ੯੮੨*

ਸੋ ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਪੈਂਦੀ। ਤੁਸੀਂ ਸਾਰੇ ਪਿਆਰ ਵਾਲੇ ਸਤਿਸੰਗੀ ਜਨ, ਸਾਧਸੰਗਤ ਜੋ ਗੁਰੂ ਪਿਆਰ ਦੇ ਵਿਚ ਬੈਠ ਕੇ, ਸ਼ਰਧਾ ਰੂਪ ਝੋਲੀ 'ਚ ਬਾਣੀ ਦੇ ਬਚਨ ਪਾਓਗੇ। ਜੀਵਨ 'ਚ ਕਮਾਓਂਗੇ, ਤਾਂ ਤੁਹਾਡੇ ਲੋਕ ਵੀ ਸੁਖੀ ਤੇ ਪ੍ਰਲੋਕ ਵੀ ਸੁਖੀ ਬਣ ਜਾਣਗੇ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-44)*

### ਮਨ-ਜਿੱਤ

ਬਾਬਾ ਮਾਇਆ ਰਚਨਾ ਧੋਹੁ ॥ ਅੰਗ - 15

ਇਹ ਸੁਣ ਕੇ ਮਰਦਾਨੇ ਦਾ ਜੀ ਥਾਂਵੇਂ ਆ ਗਿਆ, ਫੇਰ ਬੈਠ ਗਿਆ। ਹੁਣ ਫੇਰ ਮਨ ਦੀ ਉਧੇੜਬੁਣ ਸ਼ੁਰੂ ਹੋਈ ਕਿ ਚੱਲੀਏ ਯਾ ਰਾਤ ਆਰਾਮ ਕਰ ਲਈਏ? ਸਾਰੇ ਸੁਖ ਨੂੰ ਨਜ਼ਰ ਮਾਰੀ, ਮਨ ਲਲਚਾ ਗਿਆ ਤੇ ਰਹਿਣ ਤੇ ਕਰ ਆਇਆ। ਲੇਟ ਗਏ, ਨੈਣ ਮੁੰਦੇ ਗਏ ਤੇ ਅੰਦਰੋਂ ਇਕ ਸਰੂਰ ਉਠਿਆ, ਕੁਛ ਅੱਧੀ ਘੜੀ ਕਿ ਘੜੀ ਗੁੰਮ ਰਹੇ, ਫੇਰ ਬਾਵਰੇ ਵਾਂਗੂੰ ਉਠੇ, ਗਲਾ ਖੁੱਲ੍ਹਿਆ; ਭਾਵੇਂ ਰਾਤ ਜਾਪਦੀ ਸੀ ਪਰ ਪਿਆਰੀ-ਪਿਆਰੀ ਸਿਰੀ ਰਾਗ ਦੀ ਇਲਾਹੀ ਧੁਨ ਮਰਦਾਨੇ ਦੇ ਗਲੇ ਤੋਂ ਉੱਠੀ ਅਲਾਪ ਹੋਇਆ ਤੇ ਬੇਵਸੇ ਗਾਉਣ ਲਗ ਪਏ -

*ੴ ਸਤਿਗੁਰ ਪ੍ਰਸਾਦਿ*
*ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥*
*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥*
*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥*
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥*
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥*

ਇਹ ਸ਼ਬਦ ਇਸ ਮਿੱਠੀ ਤੇ ਵੈਰਾਗ ਸ਼ੀਲ ਧੁਨ ਵਿਚ ਗਾਵਿਆ ਗਿਆ ਕਿ ਉਸ ਕਮਰੇ ਦੇ ਸਾਰੇ ਸਾਮਾਨ ਆਪਣਾ ਮੋਹਣੀ ਅਸਰ ਖੁਹਾ ਬੈਠੇ। ਮਰਦਾਨੇ ਹੁਰੀਂ ਉੱਠ ਟੁਰੇ ਅਰ ਬਾਹਰ ਨਿਕਲ ਗਏ। ਕਾਹਲੀ ਨਾਲ ਜੁ ਤੁਰੇ, ਅੱਗੇ ਜਾ ਕੇ ਕੰਧ ਨਾਲ ਵੱਜਾ ਮੱਥਾ ਤਾਂ ਹੋਸ਼ ਪਰਤੀ, ਹੈਂ, ਮੈਂ ਕਿੱਥੇ ਹਾਂ, ਹਨੇਰਾ ਛਾਯਾ ਹੋਇਆ ਹੈ, ਕੋਈ ਰਾਹ ਨਹੀਂ।'' ਸੂਰਦਾਸ ਵਾਂਗੂੰ ਕੰਧ ਨਾਲ ਹੱਥ ਰੱਖ ਕੇ ਟੋਹ-ਟੋਹ ਕੇ ਟੁਰ ਰਹੇ ਹਨ, ਚਾਰ ਚੁਫੇਰੇ ਚਾਰੋਂ ਹੀ ਕੰਧਾਂ ਫਿਰ ਆਏ। ਨੁੱਕਰਾਂ ਬੀ ਗਿਣੀਆਂ, ਪਰ ਦਰਵਾਜ਼ਾ ਕਿਤੇ ਨਾ ਹੀ ਲੱਭਾ। ਹੁਣ ਕਰਨ ਤਾਂ ਕੀਹ, ਨਾ ਕਰਨ ਤਾਂ ਕੀਹ। ਹਾਰ ਕੇ ਬਹਿ ਗਏ। ''ਮਰਦਾਨਿਆਂ! ਜਲਾਲ ਵਿਚ ਵਸੀਂ'' ਇਸ ਦਾ ਕੀਹ ਅਰਥ ਸੀ? ਅੱਜ ਮੈਨੂੰ ਕੀਹ ਹੋ ਗਿਆ? ਮੇਰਾ ਜਲਾਲ ਕਿੱਥੇ ਗਿਆ? ਮਾਰ ਲਿਆ ਇਸ ਪੇਟ ਜ਼ਾਲਮ ਨੇ, ਰੋਜ਼ ਇਸ ਖੂਹ ਨੂੰ ਭਰਿਆ, ਪਰ ਇਹ ਖਾਲੀ ਦਾ ਖਾਲੀ। ਚੰਗੇ ਫਾਥੇ, ਖੂਬ ਜ਼ਰਦੇ ਪੁਲਾ ਉਡਾਏ, ਪਲੰਘਿ ਨਿਵਾਰੀਆਂ ਤੇ ਸੁੱਤੇ, ਫਲ ਨਿਕਲਿਆ ਇਹ। ਹੁਣ ਕੋਈ ਡੌਲ ਕੰਧ ਟੱਪਣ ਦੀ ਕਰੋ। ਇਹ ਸੋਚਦਾ ਹੀ ਸੀ ਕਿ ਕੰਧ ਦੇ ਪਾਸ ਇਕ ਜਾਲੇ ਵਿਚੋਂ ਆਵਾਜ਼ ਆਈ, ''ਕੰਧਾਂ ਬਹੁਤ ਉੱਚੀਆਂ ਹਨ, ਚੜ੍ਹ ਨਹੀਂ ਸਕੋਗੇ।''

ਮਰਦਾਨਾ - ਮੈਂ ਕਿਵੇਂ ਨਿਕਲਾਂ?

ਆਵਾਜ਼ - ਮੂਰਖ ਹੈ, ਜੋ ਏਥੋਂ ਨਿਕਲਦਾ ਹੈ, ਕੌਣ ਆ ਕੇ ਏਥੋਂ ਕਦੇ ਨਿਕਲਿਆ ਹੈ?

ਮਰਦਾਨਾ (ਆਪਣੇ ਆਪ ਨਾਲ) - ਮਰ ਜਾਣਿਆਂ! ਗੁਰੂ ਨਾਨਕ ਸਦਾ ਸੱਚਾ ਹੈ, ਵਰਜਦਾ ਸੀ, ਨਾ ਜਾਹ, ਲੈ ਹੁਣ ਸੁਣ ਲੈ, ਇਥੋਂ ਆ ਕੇ ਕਦ ਕੋਈ ਨਿਕਲਿਆ ਹੈ! ਮੇਰੇ ਬਾਲ ਬੱਚੇ, ਮੇਰਾ ਪਿੰਡ ਗਿਰਾਂ, ਉਹ ਜੂਹਾਂ ਤੇ ਉਹ ਵਣ ਸਭ ਛੁੱਟ ਗਏ, ਬੱਸ ਰਹਿ ਗਏ ਏਥੇ। ਮਰਦਾਨਿਆਂ! ਓਇ ਮੇਰੇ ਮਨਾਂ! ਬੱਚੇ! ਹਾਇ ਬੱਚੇ ਚੇਤੇ ਆ ਗਏ ਤੇ ਸਤਿਗੁਰ ਨਹੀਂ ਯਾਦ ਆਯਾ? ਉਹ ਅਚਾਹ ਤਾਂ ਤੇਰੇ ਫਿਕਰ ਵਿਚ ਹੋਊ ਤੇ ਤੈਨੂੰ ਨਿਰਾਸਤਾ ਪੈਣ ਵੇਲੇ ਉਸ ਦਾ ਪਿਆਰ ਚੇਤੇ ਨਹੀਂ ਆਇਆ, ਬੱਚੇ ਚੇਤੇ ਆਏ ਹਨ! ਹੇ ਮਨ! ਤੂੰ ਮੈਨੂੰ ਕਿਤੇ ਪਾਰ ਨਾ ਲੰਘਣ ਦਿਤਾ, ਜਿਥੇ ਸਾਂ ਓਥੇ ਹੀ ਰੱਖਿਆ। ਇੰਨਾ ਸਤਿਸੰਗ ਕੀਤਾ, ਇੰਨਾ ਕੀਰਤਨ ਉਚਾਰਿਆ, ਫੇਰ ਜੇ ਅੰਤਕਾਲ ਦਾ ਝਲਕਾ ਵੱਜਾ ਹੈ ਤਾਂ ਪਹਿਲੀ ਯਾਦ ਪਿਆਰੇ ਸਤਿਗੁਰ ਦੀ ਨਹੀਂ, ਪਹਿਲਾਂ ਓਹੋ ਮੋਹ ਮਮਤਾ ਦੇ ਨਾਤੇ ਯਾਦ ਆਏ ਹਨ। ਹੱਛਾ ਬਈ ਤੂੰ ਬੀ ਟੁਰੀ ਚੱਲ ਤੇ ਅਸੀਂ ਬੀ ਜ਼ੋਰ ਲਾਈ ਚੱਲਣਾ ਹੈ, ਕਿਤੇ ਜਾ ਕੇ ਤਾਂ ਮਗਰੋਂ ਲਵੇਂਗਾ ਹੀ ਨਾ।

### ਤਿਲਕਣ ਬਾਜ਼ੀ

*ਖਰਾ ਸਿਆਣਾ ਬਹੁਤਾ ਭਾਰੁ॥* ਅੰਗ - ੨੪

ਸ੍ਰੀ ਮਰਦਾਨਾ ਜੀ ਹੁਣ ਉੱਚੀ ਬੋਲੇ - ਚੰਗਾ ਬਈ ਸਾਡਾ ਬੀ ਕੋਈ ਸਮਰੱਥ ਦਾਤਾ ਹੋਊ ਤਾਂ ਲੈ ਚੱਲੂ ਏਥੋਂ ਕੱਢ ਕੇ ਸਾਨੂੰ।'' ਇਹ ਕਹਿ ਕੇ ਆਪ ਬਹਿ ਗਏ ਤੇ

ਚਿੱਤ ਧਿਆਨ ਵਿਚ ਜੋੜਨ ਲੱਗ ਪਏ। ਪਰ ਮਗਰੋਂ ਉਥੇ ਇਕ ਰਾਗ ਦੀ ਧੁਨ ਉਠੀ, ਮਰਦਾਨੇ ਦੇ ਰਸੀਏ ਕੰਨ ਉਧਰ ਵਲ ਲਗ ਗਏ। ਧੁਨ ਅਤਿ ਰਸੀਲੀ ਤੇ ਮਾਲਕੌਂਸ ਦੀ ਸੀ। ਪਹਿਲਾਂ ਤਾਂ ਅਲਾਪ ਹੋਇਆ, ਐਸਾ ਉੱਤਮ ਕਿ ਮਰਦਾਨੇ ਜੈਸੇ ਰਸਿਕ ਦੇ ਦਿਲ ਤੇ ਬੀ ਅਸਰ ਪਿਆ ਤੇ ਆਖਣ ਲੱਗਾ, ਬਈ ਵਾਹ ਵਾਹ! ਉਧਰ ਤਾਂ ਆਪ ਚਿੱਤ ਨੂੰ ਧਿਆਨ ਵਿਚ ਡੂੰਘਾ ਕਰਕੇ ਜੋੜਨ ਲੱਗੇ ਸਨ, ਇਧਰ ਕੰਨੀ ਬਲਲ ਸੰਗੀਤ ਰਸ ਦੀ ਪਈ, ਜਿਸ ਨੇ ਮਰਦਾਨੇ ਨੂੰ ਬੇਮਲੂੰਮੇ ਆਪਣੀ ਵਲ ਖਿੱਚਣਾ ਸ਼ੁਰੂ ਕੀਤਾ। 'ਵਾਹ ਵਾਹ' ਦਾ ਮੂੰਹੋਂ ਨਿਕਲਣਾ ਦਸਦਾ ਹੈ ਕਿ ਰਾਗ ਦੇ ਰੂਪ ਵਿਚ ਮਗਨ ਹੋ ਰਹੇ ਹਨ, ਬੇਵਸੇ ਕਦੇ 'ਮਰਹਬਾ' ਕਹਿ ਉਠਦੇ ਹਨ, ਕਦੇ 'ਵਾਹ ਵਾਹ' ਕਹਿ ਉੱਠਦੇ ਹਨ, ਕਦੇ ਜਜ਼ਾਕ ਅੱਲਾ' ਬੀ ਮੂੰਹ ਤੇ ਆ ਜਾਂਦਾ ਹੈ, ਸਿਰ ਸਰੂ ਵਾਂਗ ਝੂਮਦਾ ਹੈ ਤੇ ਸਰੀਰ ਨਾਲ ਹਿਲਦਾ ਹੈ।

ਗਲੇ ਦੇ ਅਲਾਪ ਹੇਠਾਂ ਵੀਣਾਂ ਦੀ ਝੁਨਕਾਰ ਹੈ ਤੇ ਕਦੇ ਟਪਲਾ ਵਜਦਾ ਹੈ ਕਿ ਬਰੀਕ ਸਾਰੰਗੀ ਬੀ ਛਿੜ ਰਹੀ ਹੈ। ਮਸਤ ਅਲੱਮਸਤ ਅਲਾਪ ਜਾਰੀ ਰਿਹਾ। ਫਿਰ ਬਦਲਿਆ, ਹੁਣ ਇਸ ਨੇ ਟੋਡੀ ਦੀ ਸ਼ਕਲ ਇਖਤਿਆਰ ਕੀਤੀ, ਬੱਸ ਹੁਣ ਕੀਹ ਸੀ, ਚਿੱਤ ਇਸ ਅਲਾਪ ਨੂੰ ਅਰਪਣ ਹੋ ਗਿਆ। ਮਨ ਦਾ ਸੁਭਾਵ ਹੈ ਸੂਰਤਾਂ ਨੂੰ ਚੰਬੜਨਾ, ਨਾ ਹੋਣ ਤਾਂ ਘੜ ਲੈਣਾ। ਅਲਾਪ ਸੁਣੀਂਦਾ ਹੈ ਤਾਂ ਛੇਤੀ ਨਾਲ ਗਵੱਯੇ ਤੇ ਵਾਜੇ ਵਲ ਤੱਕੀਦਾ ਹੈ, ਨਾ ਦਿੱਸੇ ਗਵੱਯੇ ਦੀ ਸੂਰਤ ਤਾਂ ਅੱਖਾਂ ਬਣਾ ਕੱਢਦੀਆਂ ਹਨ, ਇਹ ਰੂਪ ਦੀ ਕੈਦ ਮਨ ਦਾ ਸੁਭਾਵ ਹੈ। ਖਿਆਲ 'ਰੂਪ' ਘੜਦਾ ਰਹਿੰਦਾ ਹੈ ਤੇ ਨਾਮ ਧਰਦਾ ਰਹਿੰਦਾ ਹੈ। ਹੁਣ ਮਰਦਾਨੇ ਦਾ ਮਨ ਇਸ ਲਯ ਵਿਚ ਸਾਰਾ ਲੱਗ ਚੁੱਕਾ ਸੀ, ਗਾਉਣ ਵਾਲੇ ਦੀ ਸੂਰਤ ਅੱਖਾਂ ਅੱਗੇ ਫਿਰਦੀ, ਪਰ ਬਨਦੀ ਨਹੀਂ ਸੀ। ਜਿਹੜੀਆਂ ਇਸਤ੍ਰੀਆਂ ਸਵੇਰ ਦੀਆਂ ਵੇਖੀਆਂ ਸਨ, ਉਨ੍ਹਾਂ ਦੀ ਕੋਈ ਸੂਰਤ ਅੱਖਾਂ ਅੱਗੇ ਪੈਂਦੀ ਸੀ, ਪਰ ਬੱਝਦੀ ਨਹੀਂ ਸੀ ਕਿ ਇੰਨੇ ਨੂੰ ਉਸ ਥਾਵੇਂ ਮਰਦਾਨੇ ਦੀ ਕੰਡ ਮਗਰੋਂ ਇਕ ਚਾਨਣਾ ਆਇਆ ਜੋ ਠੀਕ ਉਸ ਦੇ ਸਾਹਮਣੇ ਪਾਸੇ ਪਿਆ, ਜਿੱਥੇ ਇਕ ਮੋਰਾਂ ਦੀ ਸ਼ਕਲ ਉਤੇ ਬਣੀ ਹੋਈ ਚੌਂਕੀ ਉੱਚੀ ਵਾਰ ਪਈ ਸੀ, ਗਿਰਦੇ ਰਾਜ ਹੰਸਾਂ ਦੇ ਬੁੱਤ ਖੜੇ ਸੇ। ਚੌਂਕੀ ਪਰ ਇਕ ਅਤਿ ਸੋਹਣੀ ਕੋਈ ਤੀਸ ਬਰਸ ਦੀ ਰਸਿਕ ਗਾਉਣਹਾਰੀ ਬੈਠੀ ਸੀ, ਨੈਣ ਇਤਨੇ ਵੱਡੇ ਸਨ ਕਿ ਹਰਨਾਂ ਦੇ ਕੀ ਹੁੰਦੇ ਹਨ, ਉਨ੍ਹਾਂ ਵਿਚੋਂ ਇਕ ਬਾਣ ਜਿਹੇ ਵਜਦੇ ਸਨ, ਜਿਹੜੇ ਕੁਛ ਸਹਿਮ ਤੇ ਕੁਛ ਸੁਆਦ ਭਰਦੇ ਸਨ। ਹੁਣ ਤਕ ਆਪ ਦਾ ਖਿਆਲ ਲਯ ਵਿਚ ਲੀਨ ਸੀ, ਹੁਣ ਇਸ ਸੂਰਤ ਪਰ ਗਿਆ! ਆਪ ਦੇ ਸਰੀਰ ਵਿਚੋਂ ਇਕ ਕਾਂਬਾ ਲੰਘਿਆ, ਫੇਰ ਹੱਥ ਪੈਰ ਸੁੰਨ ਹੋਣ ਲੱਗੇ। ਇਸ ਵੇਲੇ ਵੀ ਚੇਤੇ ਨੇ ਇਕ ਲਿਸ਼ਕਾਰਾ ਮਾਰਿਆ, ਯਾਦ ਆਇਆ ਕਦੇ ਨੀਲਗਿਰੀ ਦੇ ਟੋਡੇ ਜਾਂਗਲੀਆਂ ਦਾ ਹਾਲ ਸੁਣਿਆ ਸੀ ਕਿ ਉਹਨਾਂ ਨੇ ਐਸੀ ਤ੍ਰਾਟਕ ਸਿੱਧੀ ਕੀਤੀ ਹੋਈ ਹੈ ਕਿ ਪੰਛੀਆਂ ਦਾ ਸ਼ਿਕਾਰ ਨੈਣਾਂ ਦੀ ਟੱਕ ਬੰਨ੍ਹ ਕੇ ਕਰਦੇ ਹਨ ਕਿ ਉਹ ਚੀਂ-ਚੀਂ ਕਰਦੇ ਆਪ ਉਨ੍ਹਾਂ ਦੀ ਗੋਦ ਵਿਚ ਆ ਵੜਦੇ ਹਨ। ਟੋਡੀ ਰਾਗ ਦੇ ਅਲਾਪ ਦੇ ਸਬੰਧ ਕਰਕੇ ਮਰਦਾਨੇ ਨੂੰ ਟੋਡਿਆਂ ਦਾ ਚੇਤਾ ਆ ਭੀ ਗਿਆ, ਭਰਮ ਉਠਿਆ ਬੀ ਕਿ ਮੇਰੇ ਹੱਥ ਪੈਰ ਜੁ ਝੂਠੇ ਹੁੰਦੇ ਜਾਂਦੇ ਹਨ, ਕਿਤੇ ਮੇਰੇ ਪਰ ਕੋਈ ਵਾਰ ਤਾਂ ਨਹੀਂ ਚੱਲ ਰਿਹਾ? ਮੈਂ ਕਿਸੇ ਦਾ ਸ਼ਿਕਾਰ ਤਾਂ ਨਹੀਂ ਬਣ ਰਿਹਾ? ਪਰ ਫੇਰ ਛਾ ਰਹੀ ਬੇ-ਸੁਧੀ ਵਿਚ ਅੰਦਰਲੇ ਨੇ ਕਿਹਾ, ਰਾਗ ਰੱਬ ਦਾ ਰੂਪ ਹੈ। ਨਾਦ ਆਪ ਪਰਮੇਸ਼ਰ ਹੈ। ਇਹ ਨਾਦ ਦਾ ਰਸ, ਰੱਬ ਦਾ ਰਸ ਹੈ। ਹੁਣ ਮਰਦਾਨੇ ਦੀ ਸੁੱਧ ਵਿਚ ਤ੍ਰਿਖੀ ਬਦਲੀ ਹੋ ਰਹੀ ਸੀ। ਉਸ ਸੂਰਤ ਨੇ ਗਲਾ ਬੰਦ ਕਰ ਲਿਆ ਤੇ ਨੈਣਾਂ ਦੀ ਟਕ ਮਰਦਾਨੇ ਦੇ ਨੈਣਾਂ ਵਿਚ ਐਸੀ ਬੱਧੀ ਕਿ ਮਰਦਾਨਾ ਨੈਣ ਝਮਕਣੇ ਭੁੱਲਗਿਆ। ਇਸ ਸੂਰਤ ਦੇ ਪਿੱਛੇ ਇਕ ਮੋਟਾ ਬਲੌਰ ਆਪਣੇ ਪਰ ਪੈ ਰਹੀ ਰੌਸ਼ਨੀ ਨੂੰ ਪਰਤਾ ਦੇ ਰਿਹਾ ਸੀ, ਜੋ ਪਰਤ ਕੇ ਰੌਸ਼ਨੀ ਮਰਦਾਨੇ ਦੇ ਨੈਣਾਂ ਵਿਚ ਉਸ ਸੂਤ ਨੂੰ ਡੂੰਘਾ ਕਰ ਰਹੀ ਸੀ। ਮਰਦਾਨੇ ਹੁਰੀਂ ਕੋਮਲ ਕਲਾ ਕੌਸਲੀਏ ਇਸ ਅਸਰ ਹੇਠਾਂ ਬੱਝ ਗਏ। ਸੂਰਤ ਆਪਣੇ ਵਸੋਂ ਨਿਕਲ ਕੇ ਦੂਏ ਦੇ ਵੱਸ ਵਿਚ ਚਲੀ ਗਈ, ਤਦੇ ਗੁਰੂ ਬਾਬੇ ਨੇ ਆਖਿਆ ਸੀ, ਜਲਾਲ ਵਿਚ ਵਸੀਂ।'' ਇਹ ਬੀ ਕਿਹਾ ਸਾਨੇ, ''ਮਰਦਾਨਿਆਂ! ਤੂੰ ਰਸੀਆ ਹੈਂ ਕੋਮਲ ਹੁਨਰਾਂ ਦਾ, ਤੇਰੇ ਵਿਚ ਰਾਗ ਦੀ ਸੂਖਮ ਕਲਾ ਵਸਦੀ ਹੈ, ਤੇਰਾ ਮਨ ਸੁਤੇ ਅਕਸ ਲੈਣ ਵਾਲਾ ਹੈ, ਵੇਖੀਂ ਜਲਾਲ ਵਿਚ ਵੱਸੀਂ, ਕਿਤੇ ਰਸੀਆ ਹੋ ਕੇ ਸੱਟ ਨਾ ਖਾ ਬੈਠੀਂ।'' ਪਰ ਚੋਜੀ ਦੇ ਚੋਜ ਹਨ, ਮਰਦਾਨਾ ਸੱਟ ਖਾ ਗਿਆ। ਮਰਦਾਨਾ ਕਿਉਂ ਸੱਟ ਖਾਵੇ ਜਿਸ ਦੇ ਸਿਰ ਤੇ ਸੂਰਾ ਗੁਰੂ ਹੈ? ਪਰ ਚੋਜੀ ਦੇ ਚੋਜਾਂ ਦਾ ਚੋਜੀ ਆਪ ਜਾਣੂ ਹੈ, ਇਸ ਲਈ ਮਰਦਾਨਾ ਬੀ ਸੱਟ ਖਾ ਗਿਆ ਹੈ।

ਪਹਿਲਾਂ ਤਾਂ ਮਰਦਾਨੇ ਤੇ ਰਾਗ ਦਾ ਰਸ ਪਿਆ, ਸ਼ੂਨਤਾ ਛਾ ਵਈ, ਹੱਥ ਪੈਰ ਸੁੰਨ ਹੁੰਦੇ ਗਏ, ਫੇਰ ਨੈਣ ਝਮਕਣਾ ਭੁੱਲ ਗਏ। ਫੇਰ ਮਾਨੋਂ ਪੱਥਰ ਦੀ ਮੂਰਤੀ ਹੋ ਗਏ। ਹੁਣ ਸਾਰਾ ਕੁਛ ਵੱਸੋਂ ਬਾਹਰ ਹੈ, ਬੇਹੋਸ਼ ਬੈਠੇ ਹਨ, ਕੋਈ ਥਹੁ ਥਿੱਤਾ ਨਹੀਂ ਹੈ। ਉਸ ਥਾਂਉਂ ਦਾ ਰੰਗ ਬਦਲਿਆ, ਚਾਨਣਾ ਹੋ ਗਿਆ, ਉਹ ਸੂਰਤ ਹਿੱਲੀ ਤੇ ਮਰਦਾਨੇ ਦੇ ਕੋਲ ਆਈ ਤੇ ਆਖਿਆ, ਤੂੰ ਕੌਣ ਹੈਂ?

ਮਰਦਾਨਾ - ਪਤਾ ਨਹੀਂ।

ਸੂਤ - ਤੂੰ ਗਵੱਯਾ ਹੈਂ?

ਮਰਦਾਨਾ - ਜੀ ਹਾਂ।

ਸੂਰਤ - ਗਾਉਂ।

ਤਦ ਮਰਦਾਨੇ ਨੇ ਬੇਸੁਧੀ ਵਿਚ ਗਾਂਵਿਆਂ।

ਸੂਰਤ - ਤੂੰ ਆਦਮੀ ਹੈਂ?

*(ਬਾਕੀ ਪੰਨਾ 55 'ਤੇ)*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-49)*

**ਸਿਰੀਰਾਗੁ ਮਹਲਾ ੩**
**ਆਪਣਾ ਭਉ ਤਿਨ ਪਾਇਓਨੁ**
**ਜਿਨ ਗੁਰ ਕਾ ਸਬਦੁ ਬੀਚਾਰਿ॥**

ਤਿਨ=ਉਨ੍ਹਾਂ ਪੁਰਖਾਂ ਨੂੰ ਪਰਮੇਸ਼ਰ ਨੇ ਆਪਣਾ ਭਉ=ਭੈ (ਡਰ) ਪਾਇਓਨੁ=ਪਾਉਣਾ ਕੀਤਾ ਹੈ, ਜਿਨ੍ਹਾਂ ਨੇ ਗੁਰੂ ਸਾਹਿਬ ਕਾ=ਦਾ ਸ਼ਬਦ ਬੀਚਾਰਿ=ਵੀਚਾਰਿਆ ਹੈ ਭਾਵ ਉਹ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਦੇ ਹਨ ਤੇ ਸੰਕਲਪ ਵੀ ਮੰਦਾ ਨਹੀਂ ਕਰਦੇ।

**ਸਤਸੰਗਤੀ ਸਦਾ ਮਿਲਿ ਰਹੇ**
**ਸਚੇ ਕੇ ਗੁਣ ਸਾਰਿ॥**

ਐਸੇ ਪੁਰਸ਼ ਸਤਸੰਗਤੀ=ਸਤਿਸੰਗਤ ਵਿਚ ਸਦਾ ਹੀ ਮਿਲੇ ਰਹਿੰਦੇ ਹਨ ਅਤੇ ਉਹ ਹਮੇਸ਼ਾ ਸਚੇ=ਸਚ ਸਰੂਪ ਪ੍ਰਭੂ ਦੇ ਗੁਣਾਂ ਨੂੰ ਸਾਰਿ=ਸੰਭਾਲਦੇ ਹਨ ਭਾਵ ਉਹ ਚੁਗਲੀ, ਈਰਖਾ, ਦਵੈਤ ਨਹੀਂ ਕਰਦੇ ਤੇ ਸੱਚੇ ਦਾ ਸਿਮਰਨ ਕਰਦੇ ਹਨ।

**ਦੁਬਿਧਾ ਮੈਲੁ ਚੁਕਾਈਅਨੁ**
**ਹਰਿ ਰਾਖਿਆ ਉਰ ਧਾਰਿ॥**

ਉਨ੍ਹਾਂ ਗੁਰਮੁਖਾਂ ਨੇ ਅੰਦਰੋਂ ਦੁਬਿਧਾ=ਦੁਚਿਤਪੁਣਾ ਵਾ: ਦਵੈਤ ਭਾਵਨਾ ਚੁਕਾ ਭਾਵ ਖਤਮ ਕਰ ਦਿਤੀ ਹੈ ਅਤੇ ਹਰਿ=ਪਰਮੇਸ਼ਰ ਨੂੰ ਉਨ੍ਹਾਂ ਨੇ ਉਰ=ਹਿਰਦੇ 'ਚ ਧਾਰਿ=ਧਾਰਨ ਕਰਕੇ ਰਖਿਆ ਹੈ।

**ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥੧॥**

ਉਹ ਸੱਚੀ ਬਾਣੀ ਦੁਆਰਾ ਸੱਚੇ ਨੂੰ ਮਨ 'ਚ ਵਸਾਉਂਦੇ ਹਨ ਵਾ: ਉਨ੍ਹਾਂ ਦੀ ਬਾਣੀ ਵੀ ਸੱਚੀ ਹੈ ਤੇ ਮਨ ਵੀ ਸੱਚਾ ਹੈ ਤੇ ਉਹ ਸਚੇ=ਪ੍ਰਭੂ ਦੇ ਨਾਲ ਹੀ ਪਿਆਰ ਕਰਦੇ ਹਨ।

**ਮਨ ਮੇਰੇ ਹਉਮੈ ਮੈਲੁ ਭਰਨਾਲਿ॥**

ਹੇ ਮੇਰੇ ਮਨ! ਹਉਮੈ=ਤਨ ਹੰਗਤਾ ਦੀ ਮੈਲ ਤੇਰੇ ਵਿਚ ਭਰਨਾਲਿ=ਸਮੁੰਦਰ ਦੀ ਨਿਆਈਂ ਭਰੀ ਹੋਈ ਹੈ ਵਾ: ਹੇ ਮੇਰੇ ਮਨ! ਹਉਮੈ ਦੀ ਮੈਲ ਨਾਲ ਭਰ ਕੇ ਸੰਸਾਰ ਰੂਪੀ ਭਰਨਾਲਿ=ਸਮੁੰਦਰ ਦੇ ਮੌਤ ਰੂਪੀ ਕਿਨਾਰੇ 'ਤੇ ਤੂੰ ਬੈਠਾ ਹੈਂ, ਅੰਤ ਡੁੱਬ ਜਾਵੇਂਗਾ ਵਾ: ਹੇ ਮੇਰੇ ਪਿਆਰੇ! ਜੀਵਾਂ ਦੇ ਮਨ ਹਉਮੈ ਰੂਪੀ ਮੈਲ ਦੇ (ਭਰ+ਨਾਲਿ) ਨਾਲਿ ਭਰੇ ਹੋਏ ਹਨ।

**ਹਰਿ ਨਿਰਮਲੁ ਸਦਾ ਸੋਹਣਾ**
**ਸਬਦਿ ਸਵਾਰਣਹਾਰੁ॥੧॥ਰਹਾਉ॥**

ਹਰਿ=ਪ੍ਰਭੂ ਨਿਰਮਲੁ=ਉਜਲਾ ਤੇ ਸਦਾ=ਹਮੇਸ਼ਾ ਸੋਹਣਾ=ਸ਼ੋਭਨੀਕ ਹੈ, ਭਾਵ ਸਤਿ ਚਿਤ ਅਨੰਦ ਸਰੂਪ ਹੈ। ਜੋ ਕ੍ਰਿਪਾ ਕਰਕੇ ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਮਨ ਨੂੰ ਸਵਾਰਣਹਾਰੁ=ਸੰਵਾਰਨ ਵਾਲਾ ਹੈ।

**ਸਚੈ ਸਬਦਿ ਮਨੁ ਮੋਹਿਆ**
**ਪ੍ਰਭਿ ਆਪੇ ਲਏ ਮਿਲਾਇ॥**

ਹੇ ਭਾਈ! ਜਿਨ੍ਹਾਂ ਦਾ ਮਨ ਸੱਚੇ ਸਬਦਿ=ਉਪਦੇਸ਼ ਦੁਆਰਾ ਮੋਹਿਆ=ਮੋਹਿਤ ਹੋ ਗਿਆ ਹੈ, ਉਨ੍ਹਾਂ ਨੂੰ ਪ੍ਰਭੂ ਨੇ ਆਪ ਹੀ ਕ੍ਰਿਪਾ ਕਰਕੇ ਆਪਣੇ ਸਰੂਪ 'ਚ ਮੇਲ ਲਿਆ ਹੈ।

**ਅਨਦਿਨੁ ਨਾਮੇ ਰਤਿਆ**
**ਜੋਤੀ ਜੋਤਿ ਸਮਾਇ॥**

ਜੋ ਨਿਤਾਪ੍ਰਤੀ ਦਿਨ ਰਾਤ ਉਸ ਦੇ ਨਾਮ 'ਚ ਮਹਾਂਪੁਰਖ ਰੰਗੇ ਹੋਏ ਹਨ, ਉਨ੍ਹਾਂ ਦੀ ਪ੍ਰਤੱਖ ਜੋਤ ਨੂੰ ਜੋਤੀ ਸਰੂਪ ਵਾਹਿਗੁਰੂ ਨੇ ਆਪਣੇ 'ਚ ਮੇਲ ਲਿਆ ਹੈ।

**ਜੋਤੀ ਹੂ ਪ੍ਰਭੁ ਜਾਪਦਾ**
**ਬਿਨੁ ਸਤਗੁਰ ਬੂਝ ਨ ਪਾਇ॥**

ਜੋਤੀ=ਖਟ ਜੋਤੀਆਂ (ਸੂਰਜ, ਚੰਦਰਮਾ, ਤਾਰੇ, ਬਿਜਲੀ, ਅੱਗ, ਜੁਗਨੂੰ) ਪ੍ਰਭੂ ਦੀ ਜੋਤ ਕਰਕੇ ਹੂ=ਹੀ ਪ੍ਰਕਾਸ਼ਵਾਨ ਜਾਪਦਾ=ਜਾਣੀਦੀਆਂ ਹਨ ਭਾਵ ਆਪਣੇ ਆਪ ਪ੍ਰਕਾਸ਼ਮਯ ਨਹੀਂ ਹਨ ਪਰ ਉਹ ਜੋਤੀ ਸਰੂਪ ਆਪਣੇ ਆਪ ਤੋਂ ਹੀ ਪ੍ਰਕਾਸ਼ ਹੈ, ਪਰ ਸਤਿਗੁਰਾਂ ਤੋਂ ਬਿਨਾਂ ਉਸ ਪ੍ਰਕਾਸ਼ ਸਰੂਪ ਪ੍ਰਭੂ ਦੀ ਬੂਝ=ਸਮਝ ਨਹੀਂ ਪੈਂਦੀ ਅਥਵਾ ਹੂ=ਨਿਸਚੇ ਕਰਕੇ ਜੋਤੀ=ਗਿਆਤ ਦੁਆਰਾ ਪ੍ਰਭੁ=ਪਰਮੇਸ਼ਰ ਨੂੰ ਜਾਪਦਾ=ਜਾਣੀਦਾ ਹੈ ਵਾ: ਜੋਤੀ ਪ੍ਰਭੂ ਨੂੰ ਗੁਰਾਂ ਦੁਆਰਾ ਜਾਣੀਦਾ ਹੈ, ਪਰੰਤੂ ਸਤਿਗੁਰਾਂ ਤੋਂ ਬਗੈਰ ਬੂਝ=ਸਮਝ ਨਹੀਂ ਪੈਂਦੀ।

**ਜਿਨ ਕਉ ਪੂਰਬਿ ਲਿਖਿਆ**
**ਸਤਗੁਰੁ ਭੇਟਿਆ ਤਿਨ ਆਇ॥੨॥**

ਜਿਨ=ਜਿਨ੍ਹਾਂ ਜੀਵਾਂ ਕਉ=ਦੇ ਮੱਥੇ ਉਪਰ ਪੂਰਬਿ=ਪੂਰਬਲੇ ਨਿਸ਼ਕਾਮ ਕਰਮਾਂ ਦਾ ਸਦਕਾ ਈਸ਼ਵਰ

ਨੇ ਗੁਰੂ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੈ, ਤਿਨ=ਉਨ੍ਹਾਂ ਨੂੰ ਸਤਿਗੁਰੂ ਜੀ ਮਨੁੱਖਾ ਜਨਮ ਵਿਚ ਆਇ=ਆ ਕੇ ਮਿਲੇ ਹਨ।

**ਵਿਣੁ ਨਾਵੈ ਸਭ ਡੁਮਣੀ**
**ਦੂਜੈ ਭਾਇ ਖੁਆਇ॥**

ਬਿਨਾਂ ਪ੍ਰਭੂ ਦੇ ਨਾਮ ਤੋਂ ਸਾਰੀ ਦੁਨੀਆਂ ਡੁਮਣੀ=ਦੁਖੀ ਵਾ: ਦੋ ਮਨਾਂ ਦੇ ਸੁਭਾਅ ਵਾਲੀ (ਦੁਚਿੱਤੀ ਵਾਲੀ) ਹੋ ਰਹੀ ਹੈ ਅਤੇ ਦੂਜੈ ਭਾਇ=ਦਵੈਤ ਭਾਵਨਾ ਕਰਕੇ ਖੁਆਇ=ਖੁਆਰ ਹੋ ਰਹੀ ਹੈ।

**ਤਿਸੁ ਬਿਨੁ ਘੜੀ ਨ ਜੀਵਦੀ**
**ਦੁਖੀ ਰੈਣਿ ਵਿਹਾਇ॥**

ਹੇ ਭਾਈ! ਤਿਸੁ=ਉਸ ਵਾਹਿਗੁਰੂ ਦੀ ਚੇਤਨ ਸੱਤਾ ਤੋਂ ਬਿਨਾਂ ਸਾਡੀ ਜਿੰਦ ਵਾ: ਸ੍ਰਿਸ਼ਟੀ ਇਕ ਘੜੀ ਵੀ ਨਹੀਂ ਜੀਅ ਸਕਦੀ, ਇਸ ਕਰਕੇ ਵਾਹਿਗੁਰੂ ਦੇ ਵਿਛੋੜੇ 'ਚ ਅਵਸਥਾ ਰੂਪੀ ਰੈਣਿ=ਰਾਤ੍ਰੀ ਦੁਖੀ=ਦੁਖਾਂ 'ਚ ਹੀ ਵਿਹਾਇ=ਬਤੀਤ ਰਹੀ ਹੈ।

**ਭਰਮਿ ਭੁਲਾਣਾ ਅੰਧੁਲਾ**
**ਫਿਰਿ ਫਿਰਿ ਆਵੈ ਜਾਇ॥**

ਭਰਮ ਕਰਕੇ ਭੁੱਲਿਆ ਹੋਇਆ ਇਹ ਜੀਵ ਅਗਿਆਨ ਕਰਕੇ ਅੰਧਾ ਹੋ ਰਿਹਾ ਹੈ ਵਾ: ਅੰਧੁਲਾ=ਅਗਿਆਨੀ ਜੀਵ ਭਰਮ ਨੇ ਭੁਲਾ ਲਿਆ ਹੈ, ਇਸ ਕਰਕੇ ਚੌਰਾਸੀ ਦੇ ਗੇੜ 'ਚ ਬਾਰ-ਬਾਰ ਆਉਂਦਾ ਜਾਂਦਾ ਰਹਿੰਦਾ ਹੈ।

**ਨਦਰਿ ਕਰੇ ਪ੍ਰਭੁ ਆਪਣੀ**
**ਆਪੇ ਲਏ ਮਿਲਾਇ॥੩॥**

ਜਿਨ੍ਹਾਂ ਉਤੇ ਪ੍ਰਭੁ=ਵਾਹਿਗੁਰੂ ਆਪਣੀ ਨਦਰਿ=ਕ੍ਰਿਪਾ ਦ੍ਰਿਸ਼ਟੀ ਕਰ ਦੇਵੇ, ਉਨ੍ਹਾਂ ਨੂੰ ਆਪ ਹੀ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ।

**ਸਭੁ ਕਿਛੁ ਸੁਣਦਾ ਵੇਖਦਾ**
**ਕਿਉ ਮੁਕਰਿ ਪਇਆ ਜਾਇ॥**

ਉਹ ਵਾਹਿਗੁਰੂ ਸਾਰਿਆਂ ਦੀਆਂ ਗੁਪਤ ਗੱਲਾਂ ਸੁਣਦਾ ਤੇ ਸਾਰਿਆਂ ਦੇ ਗੁਪਤ ਕੰਮਾਂ ਨੂੰ ਵੀ ਦੇਖਦਾ ਹੈ। ਇਸ ਲਈ ਉਸ ਕੋਲੋਂ ਕਿਉ=ਕਿਵੇਂ ਕਰਕੇ ਮੁਕਰਿ ਪਿਆ ਜਾਇ=ਜਾ ਸਕਦਾ ਹੈ ਕਿ ਮੈਂ ਇਹ ਗਲਤੀ ਨਹੀਂ ਕੀਤੀ।

**ਪਾਪੋ ਪਾਪੁ ਕਮਾਵਦੇ**
**ਪਾਪੇ ਪਚਹਿ ਪਚਾਇ॥**

ਜਿਹੜੇ ਮਨਮੁਖ ਦਿਨ ਰਾਤ ਪਾਪ ਹੀ ਪਾਪ ਕਮਾਉਂਦੇ ਹਨ ਵਾ: ਹਰ ਸਮੇਂ ਮਨ, ਬਾਣੀ ਤੇ ਸਰੀਰ ਕਰਕੇ ਪਾਪ ਹੀ ਕਰਦੇ ਰਹਿੰਦੇ ਹਨ, ਉਹ ਆਪ ਵੀ ਪਾਪਾਂ ਦੀ ਅੱਗ 'ਚ ਪਚਹਿ=ਜਲਦੇ ਹਨ ਤੇ ਆਪਣੇ ਸੰਗੀਆਂ ਨੂੰ ਵੀ ਪਚਾਇ=ਜਲਾਉਂਦੇ ਹਨ।

**ਸੋ ਪ੍ਰਭੁ ਨਦਰਿ ਨ ਆਵਈ**
**ਮਨਮੁਖਿ ਬੂਝ ਨ ਪਾਇ॥**

ਉਨ੍ਹਾਂ ਨੂੰ ਸੋ=ਉਹ ਪ੍ਰਭੁ=ਪਰਮੇਸ਼ਰ ਨਦਰਿ=ਨਜ਼ਰ ਨਹੀਂ ਆਉਂਦਾ ਭਾਵ ਉਸ ਦੇ ਨੇਤਰਾਂ ਵਿਚ ਅਗਿਆਨਤਾ ਦਾ ਜਾਲਾ, ਮੋਤੀਆ ਬਿੰਦ ਚੜ੍ਹਿਆ ਹੋਇਆ ਹੈ, ਇਸ ਕਰਕੇ ਉਸ ਮਨਮੁਖ ਨੂੰ ਪ੍ਰਭੂ ਦੀ ਬੂਝ=ਸਮਝ ਨਹੀਂ ਪੈਂਦੀ।

**ਜਿਸੁ ਵੇਖਾਲੇ ਸੋਈ ਵੇਖੈ**
**ਨਾਨਕ ਗੁਰਮੁਖਿ ਪਾਇ॥੪॥੨੩॥੫੬॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਨੂੰ ਸਤਿਗੁਰੂ ਜੀ ਕ੍ਰਿਪਾ ਕਰਕੇ ਵਾਹਿਗੁਰੂ ਦੇ ਸਰੂਪ ਦਾ ਦਰਸ਼ਨ ਵੇਖਾਲੇ=ਦਿਖਾਉਣ, ਸੋਈ=ਉਹੋ ਹੀ ਵੇਖੈ=ਵੇਖਦਾ ਹੈ, ਪਰੰਤੂ ਇਹ ਦਰਸ਼ਨ ਗੁਰਮੁਖ ਜਨ ਹੀ ਪਾਇ=ਪਾਉਂਦੇ ਹਨ।

**ਸ੍ਰੀ ਰਾਗੁ ਮਹਲਾ ੩**
**ਬਿਨੁ ਗੁਰ ਰੋਗੁ ਨ ਤੁਟਈ**
**ਹਉਮੈ ਪੀੜ ਨ ਜਾਇ॥**

ਹੇ ਭਾਈ! ਇਨ੍ਹਾਂ ਜੀਵਾਂ ਦਾ ਰੋਗ ਸਤਿਗੁਰ ਦੀ ਕਿਰਪਾ ਤੋਂ ਬਿਨੁ=ਬਗੈਰ ਨਹੀਂ ਤੁਟਈ=ਟੁੱਟ ਸਕਦਾ, ਭਾਵ ਜਿਨ੍ਹਾਂ ਮਨੁੱਖਾਂ ਨੂੰ ਜਿਵੇਂ ਹੰਗਤਾ ਦਾ ਰੋਗ, ਆਗਿਆਨਤਾ ਦਾ ਰੋਗ, ਜੰਮਣ ਮਰਨ ਦਾ ਰੋਗ, ਕੌੜਾ ਬੋਲਣ ਰੂਪੀ ਵਾਕ ਰੋਗ, ਨਿੰਦਿਆਂ ਰੋਗ, ਚਿੰਤਾ ਰੋਗ ਆਦਿ ਸਰੀਰ ਤੇ ਮਨ ਦੇ ਅਨੇਕਾਂ ਰੋਗ ਜੋ ਚਿੰਬੜੇ ਹੋਏ ਹਨ, ਉਹ ਬਿਨਾਂ ਸਤਿਗੁਰਾਂ ਦੀ ਕ੍ਰਿਪਾ ਤੋਂ ਨਹੀਂ ਟੁੱਟਦੇ। ਬਿਨਾਂ ਅਗਿਆਨਤਾ ਦੇ ਰੋਗ ਟੁੱਟਿਆਂ ਹਉਮੈ=ਤਨ ਹੰਗਤਾ ਦੀ ਪੀੜਾ ਨਹੀਂ ਜਾਂਦੀ, ਭਾਵ ਇਹ ਹਉਮੈ ਦੀ ਪੀੜਾ ਬਣੀ ਰਹਿੰਦੀ ਹੈ।

**ਗੁਰ ਪਰਸਾਦੀ ਮਨਿ ਵਸੈ**
**ਨਾਮੇ ਰਹੈ ਸਮਾਇ॥**

ਪਰੰਤੂ ਜਿਨ੍ਹਾਂ ਦੇ ਮਨਾਂ ਅੰਦਰ ਗੁਰਾਂ ਦੀ ਪਰਸਾਦੀ=ਕ੍ਰਿਪਾ ਦੁਆਰਾ ਨਾਮ ਵਸ ਜਾਵੇ, ਉਹ ਹਰ ਵਕਤ ਪ੍ਰਭੂ ਦੇ ਨਾਮ ਵਿਚ ਹੀ ਸਮਾਇ ਰਹਿੰਦੇ ਹਨ ਅਰਥਾਤ ਲੀਨ ਰਹਿੰਦੇ ਹਨ।

**ਗੁਰ ਸਬਦੀ ਹਰਿ ਪਾਈਐ**
**ਬਿਨੁ ਸਬਦੈ ਭਰਮਿ ਭੁਲਾਇ॥੧॥**

ਗੁਰਾਂ ਦੇ ਸਬਦੀ=ਉਪਦੇਸ਼ ਦੀ ਕਮਾਈ ਦੁਆਰਾ ਹੀ ਹਰਿ=ਪ੍ਰਭੂ ਨੂੰ ਪਾਈਐ=ਪਾਈਦਾ ਹੈ, ਪਰ ਬਿਨਾਂ ਗੁਰਾਂ ਦੇ ਸਬਦੈ=ਉਪਦੇਸ਼ ਤੋਂ ਜੀਵ ਭਰਮ ਵਿਚ ਭੁੱਲੇ ਹੋਏ ਹਨ।

**ਮਨ ਰੇ ਨਿਜ ਘਰਿ ਵਾਸਾ ਹੋਇ॥**

ਹੇ ਮਨ! ਤੇਰਾ ਵਾਸਾ ਨਿਜ=ਸ੍ਵੈ ਸਰੂਪ ਰੂਪੀ ਘਰ 'ਚ ਹੋ ਜਾਵੇਗਾ ਵਾ: ਸਾਧਸੰਗਤ, ਅੰਤਹਕਰਣ, ਸੱਚਖੰਡ ਰੂਪੀ ਨਿਜ ਘਰ 'ਚ ਤੇਰਾ ਵਾਸਾ ਹੋ ਜਾਵੇਗਾ।

**ਰਾਮੁ ਨਾਮੁ ਸਾਲਾਹਿ ਤੂ**
**ਫਿਰਿ ਆਵਣ ਜਾਣੁ ਨ ਹੋਇ॥੧॥ਰਹਾਉ॥**

ਇਸ ਲਈ ਤੂੰ ਰਾਮ=ਪਰਮੇਸ਼ਰ ਦੇ ਨਾਮ ਨੂੰ ਸਾਲਾਹਿ=ਸਲਾਹੁਣਾ ਕਰ, ਜਿਸ ਕਰਕੇ ਫੇਰ ਤੇਰਾ ਆਵਣ=ਆਉਣਾ ਤੇ ਜਾਣਾ ਅਰਥਾਤ ਜੰਮਣਾ ਤੇ ਮਰਨਾ ਨਹੀਂ ਹੋਇ=ਹੋਵੇਗਾ ਭਾਵ ਬਾਰ-ਬਾਰ ਜੰਮਣ ਤੇ ਮਰਨ ਤੋਂ ਮੁਕਤ ਹੋ ਜਾਵੇਂਗਾ।

**ਹਰਿ ਇਕੋ ਦਾਤਾ ਵਰਤਦਾ**
**ਦੂਜਾ ਅਵਰੁ ਨ ਕੋਇ॥**

ਹੇ ਭਾਈ! ਸਾਰਿਆਂ 'ਚ ਇੱਕੋ ਪ੍ਰਭੂ ਦਾਤਾ ਰੂਪ ਹੋ ਕੇ ਵਰਤ ਰਿਹਾ ਹੈ ਭਾਵ ਪ੍ਰਭੂ ਸਾਰੇ ਹੀ ਵਿਆਪਕ ਹੈ। ਉਸ ਵਾਹਿਗੁਰੂ ਤੋਂ ਬਿਨਾਂ ਕੋਈ ਹੋਰ ਦੂਜਾ ਦਾਤਾ ਨਹੀਂ ਹੈ, ਬਾਕੀ ਸਭ ਜੀਵ ਮੰਗਤੇ ਹੀ ਹਨ।

**ਸਬਦਿ ਸਾਲਾਹੀ ਮਨਿ ਵਸੈ**
**ਸਹਜੇ ਹੀ ਸੁਖੁ ਹੋਇ॥**

ਹੇ ਭਾਈ! ਜੋ ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਪ੍ਰਭੂ ਨੂੰ ਸਲਾਹੁੰਦੇ ਹਨ, ਉਹ ਪ੍ਰਭੂ ਉਨ੍ਹਾਂ ਗੁਰਮੁਖਾਂ ਦੇ ਮਨਾਂ ਵਿਚ ਵਸ ਜਾਂਦਾ ਹੈ। ਫਿਰ ਉਨ੍ਹਾਂ ਨੂੰ ਸਹਜੇ=ਸੁੱਤੇ ਸਿੱਧ ਹੀ ਆਤਮਿਕ ਸੁੱਖ ਦੀ ਪ੍ਰਾਪਤੀ ਹੋਇ=ਹੁੰਦੀ ਹੈ ਵਾ: ਸਹਜੇ=ਸਰੂਪ ਦੀ ਪ੍ਰਾਪਤੀ ਹੋਣ 'ਤੇ ਆਤਮਿਕ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।

**ਸਭ ਨਦਰੀ ਅੰਦਰਿ ਵੇਖਦਾ**
**ਜੈ ਭਾਵੈ ਤੈ ਦੇਇ॥੨॥**

ਹੇ ਭਾਈ! ਉਹ ਵਾਹਿਗੁਰੂ ਸਾਰਿਆਂ ਨੂੰ ਆਪਣੀ ਨਦਰਿ=ਦ੍ਰਿਸ਼ਟੀ ਅੰਦਰ ਦੇਖ ਰਿਹਾ ਹੈ ਅਤੇ ਜੈ=ਜਿਹੋ ਜਿਹੀ ਕਿਸੇ ਦੀ ਭਾਵੈ=ਭਾਵਨਾ ਹੁੰਦੀ ਹੈ, ਤੈ=ਉਹੋ ਜਿਹਾ ਉਹ ਦਾਨ ਦੇ ਰਿਹਾ ਹੈ ਵਾ: ਜੈ=ਜਿਸ ਨੂੰ ਭਾਵੈ=ਚਾਹੇ, ਤਿਸ ਨੂੰ ਸ਼ਬਦ ਰੂਪੀ ਦਾਨ ਦਿੰਦਾ ਹੈ।

**ਹਉਮੈ ਸਭਾ ਗਣਤ ਹੈ**
**ਗਣਤੈ ਨਉ ਸੁਖੁ ਨਾਹਿ॥**

ਜੋ ਅਗਿਆਨੀ ਪੁਰਸ਼ ਹਉਮੈ=ਹੰਗਤਾ ਸਹਿਤ ਸਭ ਕਰਕ ਜਾਂ ਸਾਧਨ ਕਰਕੇ ਗਣਤ=ਗਿਣਦੇ ਰਹਿੰਦੇ ਹਨ ਅਰਥਾਤ ਗਿਣਤੀ 'ਚ ਲੱਗੇ ਰਹਿੰਦੇ ਹਨ ਕਿ ਮੈਂ ਇੰਨੇ ਪਾਠ, ਇੰਨੇ ਯੱਗ, ਇੰਨੇ ਕਰਮ ਕੀਤੇ ਹਨ, ਇਉਂ ਗਿਣਤੀਆਂ ਗਿਣਨ ਵਿਚ ਆਤਮਿਕ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਬਿਖੁ ਕੀ ਕਾਰ ਕਮਾਵਣੀ**
**ਬਿਖੁ ਹੀ ਮਾਹਿ ਸਮਾਹਿ॥**

ਅਜਿਹੇ ਜੀਵ ਬਿਖੁ=ਮਾਇਆ ਦੀ ਹੀ ਕਾਰ ਕਮਾਉਂਦੇ ਹਨ ਅਤੇ ਉਹ ਮਾਇਆ ਰੂਪੀ ਬਿਖੁ=ਜ਼ਹਿਰ ਵਾ: ਦੁੱਖ ਤੇ ਨਰਕਾਂ ਰੂਪੀ ਜ਼ਹਿਰ ਬਿਖੁ=ਵਿਸ਼ੇ-ਵਿਕਾਰਾਂ ਮਾਹਿ=ਵਿਚਹੀ ਸਮਾਹਿ=ਸਮਾਏ ਰਹਿੰਦੇ ਹਨ।

**ਬਿਨੁ ਨਾਵੈ ਠਉਰੁ ਨ ਪਾਇਨੀ**
**ਜਮ ਪੁਰਿ ਦੂਖ ਸਹਾਹਿ॥੩॥**

ਉਹ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਕੋਈ ਸਰੂਪ ਰੂਪੀ ਠਉਰੁ=ਥਾਂ ਨਹੀਂ ਪਾ ਸਕਦੇ, ਜਮਪੁਰੀ ਦੇ ਵਿਚ ਉਨ੍ਹਾਂ ਨੂੰ ਦੁੱਖ ਸਹਾਹਿ=ਸਹਿਣੇ ਪੈਂਦੇ ਹਨ।

**ਜੀਉ ਪਿੰਡੁ ਸਭੁ ਤਿਸ ਦਾ**
**ਤਿਸੈ ਦਾ ਆਧਾਰੁ॥**

ਇਹ ਜੀਉ=ਸੂਖਮ ਸਰੀਰ, ਪਿੰਡੁ=ਸਥੂਪ ਸਰੀਰ ਸਭ ਤਿਸ ਦਾ=ਉਸ ਪ੍ਰਭੂ ਦਾ ਹੀ ਬਖਸ਼ਿਆ ਹੋਇਆ ਹੈ ਅਤੇ ਉਸੇ ਦਾ ਹੀ ਸਰੀਰ ਅੰਦਰ ਆਧਾਰੁ=ਆਸਰਾ ਹੈ, ਭਾਵ ਉਸ ਦੀ ਚੇਤਨ-ਸੱਤਾ ਨੂੰ ਪਾ ਕੇ ਹੀ ਸਰੀਰ ਜਿਉਂਦਾ ਜਾਗਦਾ ਹੈ।

**ਗੁਰ ਪਰਸਾਦੀ ਬੁਝੀਐ**
**ਤਾ ਪਾਏ ਮੋਖੁ ਦੁਆਰੁ॥**

ਜੇ ਗੁਰਾਂ ਦੀ ਕ੍ਰਿਪਾ ਦੁਆਰਾ ਉਸ ਦੇ ਸਰੂਪ ਨੂੰ ਬੁਝੀਐ=ਸਮਝੀਏ, ਤਾਂ ਮੋਖ=ਮੁਕਤੀ ਦਾ ਗਿਆਨ ਰੂਪ ਦੁਆਰੁ=ਦਰਵਾਜ਼ਾ ਪਾ ਲਈਦਾ ਹੈ ਵਾ: ਦੁਆਰਿਆਂ ਵਾਲੇ ਸਰੀਰ ਦੇ ਅਭਿਮਾਨ ਤੋਂ ਮੁਕਤੀ ਪਾ ਲਈਦੀ ਹੈ।

**ਨਾਨਕ ਨਾਮੁ ਸਲਾਹਿ ਤੂੰ**
**ਅੰਤੁ ਨ ਪਾਰਾਵਾਰੁ॥੪॥੨੪॥੫੭॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਉਸ ਪ੍ਰਭੂ ਦੇ ਨਾਮ ਨੂੰ ਤੂੰ ਸਲਾਹਿ=ਸਲਾਹੁਣਾ ਕਰ, ਜਿਸ ਦੇ ਆਰ ਤੇ ਪਾਰ ਦਾ ਕੋਈ ਅੰਤ ਨਹੀਂ ਹੈ ਭਾਵ ਬੇਅੰਤ ਹੈ।

*'ਚਲਦਾ.....।'*

# ਗੁਰੂ ਹਰਿ ਰਾਇ ਜੀ - ਜੀਵਨ ਤੇ ਕੋਮਲਤਾ
# ਪ੍ਰਕਾਸ਼ - ਦਿਵਸ 7 ਫਰਵਰੀ 2020

*ਪ੍ਰੋ. ਜੋਗਿੰਦਰ ਸਿੰਘ*

ਗੁਰੂ ਹਰਿ ਰਾਇ ਸਾਹਿਬ ਦਾ ਸਮੁੱਚਾ ਜੀਵਨ ਕੋਮਲਤਾ ਦਾ ਜੀਵਨ ਸੀ। ਕੋਮਲ ਜੀਵਨ ਸੁਹਜ ਨਾਲ ਵੀ ਭਰਪੂਰ ਹੁੰਦਾ ਹੈ ਤੇ ਸਹਿਜ ਵਿਚ ਵੀ ਵਿਚਰਦਾ ਹੈ। ਸੁਹਜ, ਸਹਜ ਤੇ ਸਾਹਸ ਗੁਰੂ ਹਰਿ ਰਾਇ ਜੀ ਦੀ ਸ਼ਖਸੀਅਤ ਦੇ ਵਿਸੇਸ਼ ਗੁਣ ਸਨ। ਜਿਸ ਕੋਲ ਸੁਹਜ ਹੋਵੇ, ਸਹਿਜ ਤੇ ਸਾਹਸ ਵੀ ਹੋਵੇ, ਉਹ ਅਨੂਪਮ ਤੇ ਲਾਸਾਨੀ ਸ਼ਖਸੀਅਤ ਦਾ ਸੁਆਮੀ ਹੁੰਦਾ ਹੈ। ਗੁਰੂ ਹਰਿ ਰਾਇ ਸਾਹਿਬ ਦੀ ਸ਼ਖਸੀਅਤ ਅਨੂਪਮ ਤੇ ਲਾਸਾਨੀ ਸੀ। ਅਨੂਪਮ ਤੇ ਲਾਸਾਨੀ ਸ਼ਖਸੀਅਤ ਕਰ ਕੇ ਹੀ ਉਹ ਕੋਮਲ ਵੀ ਸਨ ਤੇ ਨਿਡਰ ਵੀ। ਸਾਖੀ ਹੈ, ਕਿ ਗੁਰੂ ਹਰਿ ਰਾਇ ਸਾਹਿਬ ਆਪਣੇ ਸੁਭਾਅ ਅਨੁਸਾਰ ਨਿਰੰਤਰ ਬਾਗ ਵਿਚ ਸੈਰ ਕਰਿਆ ਕਰਦੇ ਸਨ। ਸੈਰ ਵੇਲੇ ਉਹ ਆਮ ਤੌਰ ਤੇ ਖੁੱਲ੍ਹਾ ਕੁੜਤਾ ਪਾਇਆ ਕਰਦੇ ਸਨ, ਜਿਸ ਨੂੰ ਸੂਫੀਆਂ ਜਾਂ ਫਕੀਰਾਂ ਦੀ ਬੋਲੀ ਵਿਚ ਚੋਗਾ ਵੀ ਆਖਿਆ ਜਾਂਦਾ ਸੀ। ਇਕ ਦਿਨ ਬਾਗ ਵਿਚ ਸੈਰ ਕਰ ਰਹੇ ਸਨ, ਤੇ ਸੈਰ ਕਰਦੇ ਪ੍ਰਭੂ-ਸਿਮਰਨ ਦੀ ਮਸਤੀ ਵਿਚ ਜੁੜੇ ਹੋਏ ਸਨ, ਕਿ ਅਚਾਨਕ ਉਹਨਾਂ ਦੇ ਚੋਗੇ ਨਾਲ ਇਕ ਫੁੱਲ ਆਪਣੇ ਅਸਲੇ ਨਾਲੋਂ ਟੁੱਟ ਕੇ ਫੀਤਾ-ਫੀਤਾ ਹੋ ਗਿਆ। ਗੁਰੂ ਹਰਿ ਰਾਇ ਸਾਹਿਬ ਦਾ ਕੋਮਲ ਹਿਰਦਾ ਫੁੱਲ ਨੂੰ ਅਸਲੇ ਨਾਲੋਂ ਟੁੱਟਾ ਵੇਖ ਕੇ ਕਾਫੀ ਸੋਚ-ਜਨਕ ਸੀ, ਕਿ ਗੁਰੂ ਹਰਿਗੋਬਿੰਦ ਜੀ ਵੀ ਸੈਰ ਕਰਦੇ ਮੌਕੇ ਉਤੇ ਆ ਪਹੁੰਚੇ। ਉਹਨਾਂ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਸੋਚ-ਜਨਕ ਅਵਸਥਾ ਨੂੰ ਵੇਖ ਕੇ ਕੁਝ ਹੈਰਾਨੀ ਵੀ ਪ੍ਰਗਟਾਈ ਤੇ ਫਿਰ ਫੁੱਲ ਨੂੰ ਬਿਖਰਿਆ ਹੋਇਆ ਵੇਖ ਕੇ ਪੁੱਛਣ ਲੱਗੇ, ਕਿ ਇਸ ਫੁੱਲ ਨੂੰ ਆਪਣੇ ਅਸਲੇ ਨਾਲੋਂ ਕਿਸ ਨੇ ਤੋੜਿਆ ਹੈ? ਗੁਰੂ ਹਰਿ ਰਾਇ ਜੀ ਦਾ ਉੱਤਰ ਸੀ ਕਿ ਮੇਰੇ ਚੋਗੇ ਨਾਲ ਲਗ ਕੇ ਇਹ ਫੁੱਲ ਟੁੱਟ ਕੇ ਗਿਰ ਗਿਆ ਹੈ। ਗੁਰੂ ਹਰਿਗੋਬਿੰਦ ਜੀ ਨੇ ਸਹਿਜੇ ਹੀ ਆਖ ਦਿਤਾ, ਕਿ ਜਦੋਂ ਸੰਸਾਰ ਵਿਚ ਵਿਚਰੀਦਾ ਹੈ, ਤਾਂ ਆਪਣੇ ਆਪ ਨੂੰ ਸੰਭਾਲ ਕੇ ਰਖੀਦਾ ਹੈ। ਗੁਰੂ ਹਰਿ ਰਾਇ ਜੀ ਦੀ ਕੋਮਲ ਮੂਰਤਿ ਤਾਂ ਪਹਿਲਾਂ ਹੀ ਚਿੰਤਾ ਜਨਕ ਸੀ ਪਰ ਗੁਰੂ ਹਰਿਗੋਬਿੰਦ ਜੀ ਦੀ ਸਤਿ-ਸਿਖਿਆ ਨੇ ਤਾਂ ਉਹਨਾਂ ਦੇ ਜੀਵਨ ਨੂੰ ਹੀ ਬਦਲ ਦਿਤਾ। ਹੁਣ ਗੁਰੂ ਹਰਿਰਾਇ ਜੀ ਨੇ ਆਪਣੇ ਜੀਵਨ ਨੂੰ ਅਧਿਆਤਮਕ-ਕੀਮਤਾਂ ਦੇ ਰੰਗ ਵਿਚ ਰੰਗਣਾ ਸ਼ੁਰੂ ਕਰ ਦਿਤਾ। ਕੋਮਲਤਾ ਤੇ ਸੁਹਜ ਤਾਂ ਉਹਨਾਂ ਨੂੰ ਪ੍ਰਭੂ ਵਲੋਂ ਇਕ ਤੋਹਫੇ ਵਜੋਂ ਮਿਲ ਗਏ ਸਨ, ਪਰ ਅਧਿਆਤਮਿਕ-ਅਭਿਆਸ ਸਦਕਾ ਸਹਿਜ ਤੇ ਸਾਹਸ ਵੀ ਉਹਨਾਂ ਵਿਚ ਪ੍ਰਬਲ ਰੂਪ ਵਿਚ ਛਾ ਗਿਆ।

ਸੁਹਜ, ਸਹਿਜ ਤੇ ਸਾਹਸ ਵਿਚ ਰੱਤੇ ਗੁਰੂ ਹਰਿ ਰਾਇ ਸਾਹਿਬ ਦਾ ਜਨਮ 30 ਜਨਵਰੀ ਸੰਨ 1630 ਈ. ਨੂੰ ਬਾਬਾ ਗੁਰਦਿੱਤਾ ਜੀ ਦੇ ਗ੍ਰਿਹ, ਕੀਰਤਪੁਰ ਵਿਚ ਹੋਇਆ ਸੀ। ਬਾਬਾ ਗੁਰਦਿੱਤਾ ਜੀ ਗੁਰੂ ਹਰਿ ਗੋਬਿੰਦ-ਪਾਤਸ਼ਾਹ ਦੇ ਸਭ ਤੋਂ ਵੱਡੇ ਸਪੁੱਤਰ ਸਨ। ਬਾਬਾ ਧੀਰਮਲ ਬਾਬਾ ਗੁਰਦਿੱਤਾ ਜੀ ਦਾ ਸਭ ਤੋਂ ਵੱਡਾ ਸਪੁੱਤਰ ਸੀ। ਗੁਰੂ ਹਰਿ ਰਾਇ ਜੀ ਉਮਰ ਦੇ ਲਿਹਾਜ਼ ਨਾਲ ਹਰ ਪੱਖੋਂ ਛੋਟੇ ਸਨ, ਭਾਵੇਂ ਗੁਣ-ਨਿਧੀ ਕਾਰਨ ਉਹਨਾਂ ਦੀ ਮਹਿਮਾਂ ਦਾ ਪ੍ਰਚਾਰ ਹਰ ਪਾਸੇ ਸੀ। ਬਾਬਾ ਗੁਰਦਿੱਤਾ ਜੀ ਵੀ ਧਰਮ-ਪਰਵਿਰਤੀਆਂ ਦੇ ਸੁਆਮੀ ਸਨ, ਪਰ ਗੁਰੂ ਹਰਿ ਗੋਬਿੰਦ ਜੀ ਹਾਲਾਂ ਗੁਰ-ਗੱਦੀ ਤੇ ਬਿਰਾਜਮਾਨ ਹੀ ਸਨ ਕਿ 1638 ਈ. ਵਿਚ ਉਹ ਅਕਾਲ ਚਲਾਣਾ ਕਰ ਗਏ। ਬਾਬਾ ਧੀਰਮਲ ਤਾਂ ਪਹਿਲਾਂ ਹੀ ਗੁਰੂ-ਦੋਖੀਆਂ ਦਾ ਸਹਿਯੋਗੀ ਬਣ ਕੇ, ਅਨੇਕ ਤਰ੍ਹਾਂ ਦੀਆਂ ਗੁਰੂ-ਘਰ ਵਿਰੋਧੀ ਸਾਜਸ਼ਾਂ ਕਰਕੇ ਬਦਨਾਮ ਹੋ ਚੁਕਾ ਸੀ। ਗੁਰੂ ਤੇਗ ਬਹਾਦਰ ਜੀ ਵੈਰਾਗ-ਮਈ ਅਵਸਥਾ ਵਿਚ ਡੁੱਬੇ ਹਮੇਸ਼ਾ ਸਮਾਧੀ-ਸਥਿਤ ਰਹਿੰਦੇ ਸਨ। ਬਾਬਾ ਅਟੱਲ ਜੀ ਤਾਂ ਹਾਲਾਂ ਛੋਟੇ ਹੀ ਸਨ ਕਿ ਉਹ ਕਾਲ ਵਸ ਪੈ ਗਏ। ਬਾਬਾ ਅਣੀ ਰਾਏ ਤੇ ਬਾਬਾ ਸੂਰਜ ਮਲ ਆਤਮਕ-ਕੀਮਤਾਂ ਤੋਂ ਸਖਣੇ, ਨਿਰੋਲ ਦੁਨੀਆਂਦਾਰ ਸਨ। ਇਸ ਲਈ ਗੁਰੂ ਹਰਿ ਗੋਬਿੰਦ ਜੀ ਨੇ ਆਪਣੇ ਸਪੁੱਤਰਾਂ ਪ੍ਰਤੀ ਤਾਂ ਸਪੱਸ਼ਟ ਤੌਰ ਤੇ ਰਾਏ ਬਣਾ ਲਈ ਕਿ ਗੁਰੂ-ਗੱਦੀ ਦੇ ਆਤਮਕ ਤੇ ਇਨਕਲਾਬੀ ਭਾਰ ਨੂੰ ਚੁੱਕਣ ਵਾਸਤੇ ਕੋਈ ਵੀ ਯੋਗ ਨਹੀਂ। ਗੁਰੂ ਹਰਿ ਰਾਇ ਜੀ ਭਾਵੇਂ ਛੋਟੇ ਸਨ, ਪਰ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁੱਤਰ-ਪੋਤਰਿਆਂ ਤੇ ਆਲੇ ਦੁਆਲੇ ਦੇ ਸਿੱਖਾਂ ਤੇ ਸੁਰੱਖਿਆ ਕਰਨ ਦੇ ਯੋਗ ਸਮਝਿਆ। ਮਾਰਚ 1644 ਈ. ਨੂੰ ਗੁਰੂ ਹਰਿਗੋਬਿੰਦ ਜੀ ਜੋਤੀ ਜੋਤਿ ਸਮਾ ਗਏ, ਪਰ ਜੋਤੀ ਜੋਤਿ ਸਮਾਉਣ ਤੋਂ ਕੁਝ ਦਿਨ ਪਹਿਲਾਂ ਉਹਨਾਂ ਦੇ ਭਰੇ ਦਰਬਾਰ ਵਿਚ ਗੁਰਗੱਦੀ ਦਾ ਛੱਤਰ ਆਪਣੇ ਪੋਤਰੇ ਗੁਰੂ ਹਰਿ ਰਾਇ ਜੀ ਦੇ ਸਿਰ ਉਤੇ ਝੁਲਾ ਦਿਤਾ ਤੇ ਸਰਬ ਸਿੱਖ ਸੰਗਤਾਂ ਨੂੰ ਉਹਨਾਂ ਦੀ ਤਾਬਿਆਂ ਵਿਚ

ਰਹਿਣ ਦਾ ਉਪਦੇਸ਼ ਵੀ ਕਰ ਦਿਤਾ।

ਗੁਰੂ ਹਰਿਰਾਇ ਜੀ ਲੱਗਭੱਗ 14 ਸਾਲ ਦੀ ਉਮਰ ਵਿਚ ਗੁਰੂ-ਗੱਦੀ ਉਤੇ ਬਿਰਾਜਮਾਨ ਹੋਏ। ਉਹਨਾਂ ਨੇ ਆਪਣਾ ਬਚਪਨ ਬਹੁਤਾ ਕਰਕੇ ਕੀਰਤਪੁਰ ਦੇ ਖੁਲ੍ਹੇ ਮੈਦਾਨਾਂ ਵਿਚ ਬਿਤਾਇਆ, ਖੁੱਲ੍ਹੀ ਕੁਦਰਤ, ਖੁੱਲ੍ਹੇ ਮੈਦਾਨ ਤੇ ਖੁਲ੍ਹੇ ਪਾਣੀਆਂ ਨਾਲ ਉਹਨਾਂ ਨੂੰ ਖਾਸ ਪਿਆਰ ਸੀ। ਭਾਵੇਂ ਉਹਨਾਂ ਨੇ ਕੋਈ ਕਾਵਿ-ਬਾਣੀ ਨਹੀਂ ਰਚੀ, ਪਰ ਉਹਨਾਂ ਦਾ ਸੁਭਾਅ ਤੇ ਵਿਹਾਰ, ਬੋਲ ਤੇ ਵਿਚਰਣ ਦਾ ਅੰਦਾਜ਼ ਕਿਸੇ ਕਵੀ ਦਿਲ ਨਾਲੋਂ ਘਟ ਨਹੀਂ ਸੀ। ਸ਼ਾਇਦ ਇਹੀ ਕਾਰਨ ਹੈ ਕਿ ਉਹਨਾਂ ਨੇ ਆਪਣੇ ਸਹਿਜ ਤੇ ਸੁਹਜ ਉਤੇ ਪੂਰੇ ਸਾਹਸ ਨਾਲ ਪਹਿਰਾ ਦਿਤਾ। ਜਦੋਂ ਗੁਰੂ-ਗੱਦੀ ਦੀ ਵਾਗ ਡੋਰ ਗੁਰੂ ਹਰਿ ਰਾਇ ਜੀ ਨੂੰ ਸੰਭਾਲੀ ਗਈ ਤਾਂ ਦੋਖੀਆਂ ਨੇ ਸ਼ਾਹੀ ਹਾਕਮਾਂ ਨਾਲ ਮਿਲ ਕੇ ਕਈ ਤਰ੍ਹਾਂ ਦੀਆਂ ਸਾਜਸ਼ਾਂ ਰਚਨੀਆਂ ਸ਼ੁਰੂ ਕੀਤੀਆਂ, ਪਰ ਕੋਮਲ ਤੇ ਅਹਿੰਸਕ ਆਤਮਾ ਦੇ ਮਾਲਕ ਗੁਰੂ ਹਰਿ ਰਾਇ ਜੀ ਨੇ ਕਿਸੇ ਦੀ ਵੀ ਪ੍ਰਵਾਹ ਨਾ ਕੀਤੀ। ਉਹਨਾਂ ਨੇ ਦ੍ਰਿੜ੍ਹ ਨਿਸਚਾ ਧਾਰ ਲਿਆ ਕਿ ਕਿਸੇ ਹਾਲਤ ਵਿਚ ਵੀ ਸਹਜ, ਸੁਹਜ ਤੇ ਸਾਹਸ ਨਹੀਂ ਛੱਡਣਾ। ਸ਼ਾਹੀ ਹਕੂਮਤ ਭਾਵੇਂ ਹਮਲਾਵਰ ਬਣ ਕੇ ਆਏ, ਯਤਨ ਕਰਨਾ ਹੈ ਕਿ ਉਹਨਾਂ ਨਾਲ ਲੜਾਈ ਨਾ ਕੀਤੀ ਜਾਵੇ। ਗੁਰੂ ਹਰਿ ਰਾਇ ਜੀ ਨੇ ਕੌਮੀ-ਸਕਤੀ ਨੂੰ ਬੁਲੰਦ ਕਰਨ ਵਾਸਤੇ ਕਾਫੀ ਹਿੱਸਾ ਪਾਇਆ ਹੈ। 2200 ਘੋੜ ਸਵਾਰ ਗੁਰੂ ਹਰਿਗੋਬਿੰਦ ਜੀ ਜੀ ਨੇ ਗੁਰੂ-ਗੱਦੀ ਵਿਰਸੇ ਵਿਚ ਵੀ ਉਹਨਾਂ ਨੂੰ ਦਿਤੇ ਸਨ। ਪਰ ਉਹਨਾਂ ਨੇ ਆਪਣੇ ਦਰਬਾਰ ਵਿਚ ਫੌਜਾਂ ਰੱਖਣ ਦੇ ਬਾਵਜੂਦ ਵੀ ਵੇਲੇ ਦੀ ਹਕੂਮਤ ਨਾਲ ਇਕ ਵੀ ਲੜਾਈ ਨਹੀਂ ਕੀਤੀ। ਹਾਲਾਂਕਿ ਲੜਾਈ ਕਰਨ ਲਈ ਕਈ ਮੌਕੇ ਉਹਨਾਂ ਦੇ ਸਮੇਂ ਵਿਚ ਬਣੇ ਸਨ। ਉਹਨਾਂ ਦਾ ਸੁਭਾਅ ਗੁਰੂ ਹਰਿਗੋਬਿੰਦ ਜੀ ਵਾਂਗ ਬੀਰ-ਰਸੀ ਨਹੀਂ ਸੀ। ਪਰ ਉਹ ਕਿਸੇ ਲੜਾਈ ਵਿਚੋਂ ਡਰ ਕੇ ਕਿਸੇ ਇਕਾਂਤ ਮੰਡਲ ਦੇ ਵਾਸੀ ਵੀ ਨਹੀਂ ਬਣੇ। ਵਿਸ਼ੇਸ਼ ਤੌਰ ਤੇ ਜਦੋਂ ਸ਼ਾਹਜਹਾਨ ਦੇ ਪੁੱਤਰਾਂ ਵਿਚ ਰਾਜ-ਗੱਦੀ ਦੀ ਪ੍ਰਾਪਤੀ ਵਾਸਤੇ ਝਗੜਾ ਪਿਆ ਤਾਂ ਉਸ ਵੇਲੇ ਗੁਰੂ ਹਰਿ ਰਾਇ ਜੀ ਕਿਸੇ ਇਕ ਧਿਰ ਨਾਲ ਸਬੰਧਤ ਹੋ ਕੇ ਸ਼ਾਹੀ-ਜਸ ਖੱਟ ਸਕਦੇ ਸਨ। ਚੂੰਕਿ ਬੁਨਿਆਦੀ ਤੌਰ ਤੇ ਉਹ ਸ਼ਾਂਤੀ ਤੇ ਏਕਤਾ-ਪਸੰਦ ਸਨ, ਇਸ ਕਰਕੇ ਉਹਨਾਂ ਨੇ ਵਿਰੋਧਤਾ ਤੇ ਲੜਾਈ ਦੀਆਂ ਗੱਲਾਂ ਵਾਸਤੇ ਬਹੁਤੀ ਦਿਲਚਸਪੀ ਨਹੀਂ ਪ੍ਰਗਟਾਈ। ਇਸ ਤਰ੍ਹਾਂ ਉਹਨਾਂ ਦੀ ਮਹਾਨ ਸ਼ਖਸੀਅਤ ਸ਼ਰਧਾਲੂ ਸਿੱਖਾਂ ਵਿਚ ਵੀ ਨਿਮਰਤਾ, ਮਿੱਠਤ ਤੇ ਸਹਿਣਸ਼ੀਲਤਾ ਦੇ ਬੇਅੰਤ ਗੁਣ ਪੈਦਾ ਕਰ ਗਈ।

ਗੁਰੂ ਹਰਿਰਾਇ ਜੀ ਨੇ ਗੁਰੂ-ਗੱਦੀ ਤੇ ਬੈਠਦਿਆਂ ਹੀ ਇਸ ਦੀ ਆਤਮਕ-ਆਭਾ ਦਾ ਭਰਪੂਰ ਅਨੁਭਵ ਕਰ ਲਿਆ ਸੀ। ਜਿਵੇਂ ਪਹਿਲਾਂ ਗੁਰੂ-ਸ਼ਖਸੀਅਤਾਂ ਨੇ ਧਰਮ-ਪ੍ਰਕਾਸ਼ ਦੇ ਕਰਤੱਬ ਨੂੰ ਢਿੱਲਾ ਨਾ ਪੈਣ ਦਿਤਾ, ਇਸੇ ਤਰ੍ਹਾਂ ਗੁਰੂ ਹਰਿ ਰਾਇ ਜੀ ਨੇ ਵੀ ਸਿੱਖ ਧਰਮ ਦੇ ਪ੍ਰਕਾਸ਼ ਨੂੰ ਪਹਿਲਾਂ ਪੰਜਾਬ ਵਿਚ ਤੇ ਫਿਰ ਪੰਜਾਬੋਂ ਬਾਹਰ ਪ੍ਰਚਾਰਨ ਦਾ ਅਥਾਹ ਯਤਨ ਕੀਤਾ। ਉਹਨਾਂ ਨੇ ਸਿੱਖੀ ਦੇ ਪ੍ਰਚਾਰਕਾਂ ਨਾਲ ਵੀ ਆਪਣੇ ਸਬੰਧ ਜੋੜੇ। ਮਾਲਵੇ ਤੇ ਦੁਆਬੇ ਵਿਚ ਸਿੱਖੀ ਦੀਆਂ ਧੁਮਾਂ ਫਿਰ ਪੈਣ ਲਗ ਪਈਆਂ। ਗੁਰੂ ਹਰਿਗੋਬਿੰਦ ਜੀ ਵੇਲੇ ਸ਼ਕਤੀ ਤੇ ਸ਼ਸਤਰਾਂ ਦਾ ਜੋ ਬਲ ਪਰਦਰਸ਼ਨ ਹੋਇਆ ਸੀ, ਉਸ ਨੂੰ ਵੀ ਆਪਣੀ ਸੂਝ ਤੇ ਸਿਆਣਪ ਨਾਲ ਉਹਨਾਂ ਨੇ ਕਾਫੀ ਬਲ ਦਿਤਾ। ਧਰਮ ਪ੍ਰਕਾਸ਼ ਦਾ ਵੱਡਾ ਫਲ ਇਹ ਹੋਇਆ ਕਿ ਧਰਮ-ਸ਼ਕਤੀ ਫਿਰ ਕੇਂਦਰਿਤ ਹੋ ਗਈ। ਥਾਂ-ਥਾਂ ਤੋਂ ਗੁਰੂ-ਗੱਦੀ ਦੀ ਸੇਵਾ, ਸੰਭਾਲ ਤੇ ਲੰਗਰ ਦੀ ਪਰੰਪਰਾ ਨੂੰ ਸਥਿਰ ਰੱਖਣ ਵਾਸਤੇ ਮਾਇਆ-ਭੇਟ ਵੀ ਆਉਣ ਲਗ ਪਈ। 1658 ਈ. ਵਿਚ ਜਦੋਂ ਔਰੰਗਜ਼ੇਬ ਆਪਣੇ ਭਰਾਵਾਂ ਨੂੰ ਮਾਰ-ਭਜਾ ਕੇ ਤਖਤ ਉਤੇ ਬੈਠਾ ਤਾਂ ਉਸ ਨੇ ਸਰਬ ਭਾਰਤ-ਵਾਸੀ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਵਾਸਤੇ ਕਈ ਨੀਤੀਆਂ ਦਾ ਵੀ ਐਲਾਨ ਕੀਤਾ ਤੇ ਹਰ ਧਰਮ ਨੂੰ ਮੁਕਾਉਣ ਤੇ ਧਰਮ ਮੰਦਰਾਂ ਨੂੰ ਢਾਹੁੰਣ ਦੀਆਂ ਵਿਉਂਤਾਂ ਵੀ ਬਣਵਾਈਆਂ। ਗੁਰੂ ਹਰਿ ਰਾਇ ਜੀ ਔਰੰਗਜ਼ੇਬ ਦੀਆਂ ਇਹਨਾਂ ਤੁਅੱਸਬੀ ਨੀਤੀਆਂ ਦਾ ਪੂਰੇ ਜ਼ੋਰ ਨਾਲ ਵਿਰੋਧ ਕੀਤਾ। 'ਦਾਰਾ' ਚੂੰਕਿ ਗੱਦੀ ਦਾ ਅਧਿਕਾਰੀ ਵੀ ਸੀ, ਇਸ ਕਰਕੇ ਉਸ ਦੇ ਵਿਰੋਧ ਨੂੰ ਔਰੰਗਜ਼ੇਬ ਨੇ ਹਕੂਮਤ ਦੇ ਵਿਰੁੱਧ 'ਬਗਾਵਤ' ਕਰਾਰ ਦੇ ਦਿਤਾ। ਦਾਰਾ ਤੇ ਉਸ ਦੇ ਪਰਿਵਾਰ ਨੂੰ ਗ੍ਰਿਫਤਾਰ ਕਰਨ ਦੇ ਸਰਕਾਰੀ ਤੌਰ ਤੇ ਪ੍ਰੋਗਰਾਮ ਬਣਾਏ ਗਏ, ਪਰ ਦਾਰਾ ਪੰਜਾਬ ਤੇ ਗੁਰੂ-ਘਰ ਬਾਬਤ ਜਾਣਦਾ ਸੀ, ਕਿ ਇਥੇ ਹਰ ਕਿਸੇ ਦੇ ਧਰਮ, ਪਤਿ, ਵਿਚਾਰ ਤੇ ਆਜ਼ਾਦੀ ਦੀ ਸੁਰੱਖਿਆ ਸੰਭਾਲ ਕੀਤੀ ਜਾਂਦੀ ਹੈ। ਨਾਲੇ ਉਹ ਆਪਣੀਆਂ ਧਾਰਮਿਕ ਪਰਵਿਰਤੀਆਂ ਕਰ ਕੇ ਗੁਰੂ ਹਰਿ ਰਾਇ ਪਾਤਸ਼ਾਹ ਦੇ ਨੇੜੇ ਵੀ ਸੀ। ਸ਼ਾਇਦ ਇਸੇ ਕਰਕੇ 'ਦਾਰਾ' ਆਗਰਾ ਛੱਡ ਕੇ ਆਪਣੇ ਪਰਿਵਾਰ ਸਮੇਤ ਪੰਜਾਬ ਆ ਗਿਆ। ਤੇ ਇਥੇ ਹੀ ਉਸ ਨੇ ਗੁਰੂ ਹਰਿ ਰਾਇ ਜੀ ਪਾਸੋਂ ਫੌਜੀ ਸੈਨਾ ਦੀ ਸਹਾਇਤਾ ਮੰਗੀ। ਗੁਰੂ ਹਰਿ ਰਾਇ ਜੀ ਨੇ ਆਪਣੇ ਫਰਜ਼ ਤੇ ਧਰਮ ਨੂੰ ਪਾਲਦਿਆਂ ਦਾਰਾ ਨੂੰ ਫੌਜੀ ਸਹਾਇਤਾ ਵੀ ਦਿਤੀ ਤੇ ਬਿਆਸ ਦਰਿਆ ਵੀ ਪਾਰ ਕਰਾਇਆ। ਭਾਵੇਂ ਦਾਰਾ ਜਲਦੀ ਫੜਿਆ ਗਿਆ, ਪਰ ਔਰੰਗਜ਼ੇਬ ਨੂੰ ਮੌਕਾ ਮਿਲ ਗਿਆ ਕਿ ਉਹ

ਗੁਰੂ ਘਰ ਦੇ ਪਾਤਿਸ਼ਾਹ ਗੁਰੂ ਹਰਿ ਰਾਇ ਸਾਹਿਬ ਨੂੰ ਪੁੱਛ ਪੜਤਾਲ ਕਰ ਸਕੇ। ਇਹੀ ਸਮਾਂ ਸੀ, ਕਿ ਗੁਰੂ-ਦੋਖੀਆਂ ਨੇ ਵੀ ਔਰੰਗਜ਼ੇਬ ਦੇ ਰਜ-ਰਜ ਕੇ ਕੰਨ ਭਰੇ। ਕਦੀ ਉਸ ਨੂੰ ਆਖਿਆ ਕਿ ਗੁਰੂ ਘਰ ਹਕੂਮਤ ਵਿਰੋਧੀਆਂ ਨੂੰ ਸਹਿਯੋਗ ਕਰਦਾ ਹੈ, ਆਪਣੇ ਧਰਮ ਗ੍ਰੰਥ ਵਿਚ ਮੁਸਲਮਾਨਾਂ ਦੇ ਮੱਤ ਦਾ ਵਿਰੋਧ ਕਰਦਾ ਹੈ, ਆਪਣੇ ਮੰਦਰ ਵਿਚ ਮੁਸਲਮਾਨਾਂ ਨੂੰ ਕਾਫਰ ਬਣਾਨ ਦੇ ਉਪਦੇਸ਼ ਦਿੰਦਾ ਹੈ। ਔਰੰਗਜ਼ੇਬ ਭਾਵੇਂ ਸਿਆਣਾ ਬਾਦਸ਼ਾਹ ਮੰਨਿਆ ਜਾਂਦਾ ਸੀ, ਪਰ ਗੁਰੂ ਘਰ ਦੇ ਵਿਰੋਧੀਆਂ ਦੀਆਂ ਸ਼ਿਕਾਇਤਾਂ ਸੁਣ-ਸੁਣ ਕੇ ਉਸ ਨੇ ਪੱਕੀ ਧਾਰ ਲਈ, ਕਿ ਗੁਰੂ ਹਰਿ ਰਾਇ ਜੀ ਨੂੰ ਬੁਲਾ ਕੇ ਪੁਛਿਆ ਜਾਵੇ ਕਿ ਉਹਨਾਂ ਨੇ ਬਾਗੀ ਦਾਰਾ ਦੀ ਸਹਾਇਤਾ ਕਿਉਂ ਕੀਤੀ? ਤੇ ਕੁਝ ਡਰਾਇਆ ਧਮਕਾਇਆ ਵੀ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨਾਂ ਵਿਰੁੱਧ ਸ਼ਬਦ ਕਿਉਂ ਰਖੇ ਹੋਏ ਹਨ? ਗੁਰੂ ਘਰ ਮੁਸਲਮਾਨਾਂ ਨੂੰ ਕਾਫਰ ਕਿਉਂ ਬਣਾ ਰਿਹਾ ਹੈ? ਜਦੋਂ ਗੁਰੂ ਹਰਿ ਰਾਏ ਜੀ ਨੂੰ ਦਿੱਲੀ ਪਹੁੰਚਣ ਵਾਸਤੇ ਸ਼ਾਹੀ ਸੱਦਾ ਆਇਆ, ਤਾਂ ਉਨ੍ਹਾਂ ਨੇ ਆਪ ਜਾਣ ਦੀ ਥਾਂ ਸਪੁੱਤਰ ਰਾਮ ਰਾਇ ਨੂੰ ਗੁਰੂ-ਘਰ ਦਾ ਪੱਖ ਸਮਝਾ ਬੁਝਾ ਕੇ ਦਿੱਲੀ ਭੇਜ ਦਿਤਾ। ਰਾਮ ਰਾਇ ਸਿਆਣਾ ਸੀ, ਗੁਰੂ-ਘਰ ਦੀਆਂ ਸ਼ਾਨਦਾਰ ਰਵਾਇਤਾਂ ਤੋਂ ਵੀ ਜਾਣੂ ਸੀ, ਬਾਣੀ ਦੀ ਵੀ ਸੂਝ ਬੂਝ ਰਖਦਾ ਸੀ, ਪਰ ਜਦੋਂ ਉਹ ਔਰੰਗਜ਼ੇਬ ਦੇ ਦਰਬਾਰ ਵਿਚ ਪਹੁੰਚਿਆ, ਤਾਂ ਸ਼ਾਹੀ ਦਰਬਾਰ ਦੀ ਆਉ-ਭਗਤ ਤੇ ਰੋਹਬ ਦਾਬ ਨੇ ਉਸ ਨੂੰ ਕਾਫੀ ਭਰਮਾ ਦਿਤਾ। ਗੁਰੂ-ਪਿਤਾ ਕੋਲੋਂ ਨਿਡਰਤਾ ਦੀ ਜਿਹੜੀ ਸਿਖਿਆ ਲੈ ਕੇ ਆਇਆ ਸੀ, ਉਹ ਡਰ ਤੇ ਹੰਕਾਰ ਵਿਚ ਸਭ ਕੁਝ ਭੁੱਲਗਿਆ। ਔਰੰਗਜ਼ੇਬ ਨੇ ਉਸਨੂੰ 'ਕਰਾਮਾਤ' ਦਿਖਾਉਣ ਵਾਸਤੇ ਆਖਿਆ, ਤਾਂ ਇਕ ਰਵਾਇਤ ਅਨੁਸਾਰ ਉਸ ਨੇ ਹੰਕਾਰ ਵਿਚ ਆ ਕੇ ਕਈ ਕਰਾਮਾਤਾਂ ਵੀ ਦਿਖਾਈਆਂ। ਜਦੋਂ ਔਰੰਗਜ਼ੇਬ ਨੇ, 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥(ਅੰਗ-466) ਬਾਣੀ ਦੀ ਤੁਕ ਦੇ ਅਰਥ ਤੇ ਪ੍ਰਸੰਗ ਬਾਰੇ ਪੁਛਿਆ, ਤਾਂ ਰਾਮ ਰਾਇ ਨੇ ਸ਼ਾਹੀ ਡਰ-ਡਰਾਵੇ ਵਿਚ ਆ ਕੇ ਆਖਿਆ ਕਿ ਇਹ ਬਾਣੀ ਦੀ ਤੁਕ ਇਸ ਤਰ੍ਹਾਂ ਨਹੀਂ ਹੈ ਅਸਲ ਤੁਕ ਇਹ ਹੈ ਕਿ 'ਮਿਟੀ ਬੇਈਮਾਨ ਕੀ ਪੇੜੇ ਪਈ ਕੁਮਿਆਰ' ਔਰੰਗਜ਼ੇਬ ਤਾਂ ਸੰਤੁਸ਼ਟ ਹੋ ਗਿਆ, ਪਰ ਗੁਰੂ ਹਰਿਰਾਇ ਜੀ ਨੇ ਕਰਾਮਾਤਾਂ ਤੇ ਬਾਣੀ-ਅਪਮਾਨ ਦੀ ਵਾਰਤਾ ਜਦੋਂ ਸੁਣੀ ਤਾਂ ਉਹਨਾਂ ਦੇ ਮਨ ਵਿਚ ਰੋਸ ਤੇ ਗੁੱਸਾ ਉਠਿਆ। ਉਹਨਾਂ ਫਿਰ ਸਹਿਜ ਤੇ ਸਾਹਸ ਵਿਚ ਆ ਕੇ ਆਖਿਆ, 'ਕਰਾਮਾਤਾਂ ਦਿਖਾਣ ਵਾਲੇ ਤੇ ਬਾਣੀ ਦਾ ਅਪਮਾਨ ਕਰਨ ਵਾਲੇ ਨੂੰ ਇਹੀ ਸਜ਼ਾ ਹੈ, ਕਿ ਉਸ ਨੂੰ ਮੱਥੇ ਨਾ ਲਗਾਇਆ ਜਾਵੇ, ਉਸ ਨਾਲ ਵਿਹਾਰ ਨਾ ਰਖਿਆ ਜਵੇ, ਉਸ ਦੀ ਖੁਸ਼ੀ-ਗਮੀ ਵਿਚ ਹਿੱਸੇਦਾਰ ਨਾ ਬਣਿਆ ਜਾਵੇ। ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਨੂੰ ਵੀ ਸੁਨੇਹਾ ਘਲ ਦਿਤਾ ਕਿ ਕੀਰਤਪੁਰ ਨਾ ਆਉਣਾ ਅਤੇ ਨਾਲ ਹੀ ਸਿੱਖਾਂ ਨੂੰ ਵੀ ਹਦਾਇਤ ਕਰ ਦਿਤੀ ਕਿ ਰਾਮ ਰਾਇ ਦਾ ਕੋਈ ਵੀ ਦਰਸ਼ਨ ਨਾ ਕਰੇ। ਜਦੋਂ ਰਾਮ ਰਾਇ ਨੇ ਗੁਰੂ-ਨਿਰਣੇ ਦੇ ਵਾਕ ਸੁਣੇ, ਉਹ ਹੈਰਾਨ ਵੀ ਬੜਾ ਹੋਇਆ ਤੇ ਪਰੇਸ਼ਾਨ ਵੀ। ਗੁਰਸਿੱਖਾਂ ਤੋਂ ਡਰਦਾ ਹੋਇਆ ਹੀ ਉਹ ਕੀਰਤਪੁਰ ਵਾਪਿਸ ਆਉਣ ਦੀ ਥਾਂ ਉਹ ਲਾਹੌਰ ਪਹੁੰਚ ਗਿਆ ਤੇ ਗੁਰ-ਗੱਦੀ ਪ੍ਰਾਪਤ ਕਰਨ ਵਾਸਤੇ ਸ਼ਾਹੀ ਸਹਿਯੋਗ ਨਾਲ ਸਾਜਸ਼ ਕਰਨ ਲਗ ਪਿਆ। ਗੁਰੂ ਹਰਿ ਰਾਇ ਵਿਰੁੱਧ ਬੋਲਣਾ ਤਾਂ ਉਸ ਨੇ ਆਪਣਾ ਪੇਸ਼ਾ ਹੀ ਬਣਾ ਲਿਆ।

ਗੁਰੂ ਹਰਿ ਰਾਇ ਜੀ ਭਾਵੇਂ ਕੋਮਲ ਹਿਰਦੇ ਦੇ ਮਾਲਕ ਸਨ, ਪਰ ਉਹਨਾਂ ਨੇ ਨਾ ਰਾਮ ਰਾਇ ਦੀ ਵਿਰੋਧਤਾ ਦੀ ਪਰਵਾਹ ਕੀਤੀ ਅਤੇ ਨਾ ਹੀ ਸ਼ਾਹੀ ਹਕੂਮਤ ਦੀ। ਸਹਜ ਤੇ ਸੁਹਜ ਵਿਚ ਵਿਚਰਦਿਆਂ ਉਹਨਾਂ ਨੇ ਸਾਹਸ ਨੂੰ ਛੱਡਿਆ ਨਹੀਂ। ਰਾਮ ਰਾਇ ਭਾਵੇਂ ਵੱਡਾ ਸਪੁੱਤਰ ਸੀ, ਪਰ ਗੁਰੂ ਜੀ ਨੇ ਜਾਣ ਲਿਆ ਸੀ, ਕਿ ਇਹ ਗੁਰੂ ਗੱਦੀ ਦਾ ਅਧਿਕਾਰ ਪ੍ਰਾਪਤ ਕਰਨ ਦੇ ਯੋਗ ਨਹੀਂ। ਇਸੇ ਕਰਕੇ ਗੁਰੂ-ਗੱਦੀ ਤੋਂ ਉਸ ਨੂੰ ਵੰਚਿਤ ਵੀ ਰਖਿਆ ਗਿਆ। ਗੁਰੂ ਹਰਿ ਕ੍ਰਿਸ਼ਨ ਜੀ ਭਾਵੇਂ ਛੋਟੇ ਸਨ, ਪਰ ਉਹਨਾਂ ਦੀ ਬਿਬੇਕ ਬੁੱਧੀ, ਉਚੀ ਤੇ ਸੁੱਚੀ ਸੁਰਤਿ, ਨਾਮ-ਸਿਮਰਤੀ ਦਾ ਅਖੰਡ ਵਾਸ ਤੇ ਸੁਹਣੀ ਤੇ ਸੁਘੜ ਸ਼ਖਸੀਅਤ ਨੇ ਗੁਰੂ ਹਰਿ ਰਾਇ ਜੀ ਤੋਂ ਗੁਰੂ-ਗੱਦੀ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਕਰ ਲਿਆ। ਗੁਰੂ ਹਰਿ ਰਾਇ ਜੀ ਨੇ ਆਪਣੇ ਜੀਵੰਦਿਆਂ ਹੀ ਅਕਤੂਬਰ 1661 ਈ. ਵਿਚ ਆਪਣੇ ਛੋਟੇ ਸਪੁੱਤਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਦਾ ਛੱਤਰ ਪ੍ਰਦਾਨ ਕਰ ਦਿਤਾ।

ਗੁਰੂ-ਗੱਦੀ ਉਤੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਿਠਾ ਕੇ ਕੁਝ ਦਿਨਾਂ ਬਾਅਦ ਹੀ ਗੁਰੂ ਹਰਿ ਰਾਇ ਜੀ 6 ਅਕਤੂਬਰ 1661 ਈ. ਨੂੰ, 31 ਸਾਲ ਦੀ ਉਮਰ ਬਿਤਾ ਕੇ ਕੀਰਤਪੁਰ ਵਿਚ ਹੀ ਜੋਤੀ ਜੋਤਿ ਸਮਾ ਗਏ। ਲੱਗਭੱਗ 17 ਸਾਲ ਗੁਰੂ ਘਰ ਦੀ ਉਹਨਾਂ ਨੇ ਪੂਰੇ ਸਾਹਸ ਨਾਲ ਸੰਭਾਲ-ਸੁਰੱਖਿਆ ਕੀਤੀ ਤੇ ਥਾਂ-ਥਾਂ ਉਤੇ ਪਹੁੰਚ ਕੇ ਸਿੱਖ ਧਰਮ ਦੀਆਂ ਸ਼ਾਨਦਾਰ ਰਵਾਇਤਾਂ ਦਾ ਬੜੇ ਸਾਹਸ ਤੇ ਸਹਜ ਨਾਲ ਪ੍ਰਚਾਰ ਵੀ ਕੀਤਾ।

ਗੁਰੂ ਹਰਿ ਰਾਇ ਜੀ ਦੀ ਜੀਵਨ-ਕ੍ਰਿਆ ਸੱਚਮੁੱਚ ਹੀ ਕੋਮਲਤਾ ਤੇ ਨਿਡਰਤਾ ਦਾ ਸਾਖਿਆਤ ਦਰਸ਼ਨ ਹੈ।

# ਵੱਡਾ ਘੱਲੂਘਾਰਾ
# (ਸੰਨ 1762)
# (ਵੱਡਾ ਘੱਲੂਘਾਰਾ ਦਿਵਸ 9 ਫਰਵਰੀ 2020)

ਸੰਨ 1761 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਸਿੱਖਾਂ ਨੇ ਲਾਹੌਰ ਉਤੇ ਕਬਜ਼ਾ ਕੀਤਾ ਤੇ ਸਿੱਕਾ ਚਲਾਇਆ। ਉਸ ਸਾਲ ਦੀਵਾਲੀ ਦੇ ਮੌਕੇ ਤੇ, 27 ਅਕਤੂਬਰ ਸੰਨ 1761 ਨੂੰ, ਸਰਬੱਤ ਖਾਲਸੇ ਦਾ ਇਕੱਠ ਸ੍ਰੀ ਅੰਮ੍ਰਿਤਸਰ ਹੋਇਆ। ਗੁਰਮਤਾ ਸੋਧਿਆ ਗਿਆ ਕਿ ਅਹਿਮਦਸ਼ਾਹ ਅਬਦਾਲੀ ਦੇ ਪੱਖੀਆਂ (ਹਮਾਇਤੀਆਂ) ਦੇ ਟਿਕਾਣੇ ਸਰ ਕੀਤੇ ਜਾਣ, ਕਿਉਂਕਿ ਇਹ ਦੇਸ਼ ਨੂੰ ਪਰਦੇਸੀ ਜੂਲੇ ਹੇਠੋਂ ਕੱਢ ਕੇ ਆਜ਼ਾਦ ਕਰਵਾਉਣ ਦੇ ਰਾਹ ਵਿਚ ਰੁਕਾਵਟਾਂ ਪਾ ਰਹੇ ਸਨ।

ਪਰਦੇਸੀ ਰਾਜ ਦਾ ਸਭ ਤੋਂ ਨੇੜੇ ਦਾ ਹਮਾਇਤੀ ਜੰਡਿਆਲੇ ਦਾ ਆਕਲਦਾਸ ਨਿਰੰਜਨੀਆ ਸੀ। ਇਹ ਸਦਾ ਹੀ ਸਿੱਖਾਂ ਦੇ ਵੈਰੀਆਂ ਦੀ ਹਮਾਇਤ ਕਰਦਾ ਰਿਹਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਰਬੱਤ ਖਾਲਸੇ ਦਾ ਇਹ ਫੈਸਲਾ ਆਕਲਦਾਸ ਨੂੰ ਦੱਸਿਆ। ਉਨ੍ਹਾਂ ਦਾ ਖਿਆਲ ਸੀ ਕਿ ਉਹ ਸਿੱਧਾ ਹੋ ਕੇ ਪੰਥ ਦੀ ਸ਼ਰਨ ਆਵੇਗਾ ਤੇ ਸਮਝੌਤਾ ਕਰ ਲਵੇਗਾ। ਪਰ ਉਸ ਨੇ ਤੁਰੰਤ ਅਹਿਮਦਸ਼ਾਹ ਅਬਦਾਲੀ ਨੂੰ ਚਿੱਠੀ ਲਿਖੀ ਤੇ ਸਹਾਇਤਾ ਲਈ ਬੇਨਤੀ ਕੀਤੀ।

ਅਹਿਮਦਸ਼ਾਹ ਅੱਗੇ ਹੀ ਹਿੰਦੁਸਤਾਨ ਤੇ ਚੜ੍ਹਿਆ ਆ ਰਿਹਾ ਸੀ। ਆਕਲ ਦਾਸ ਦੇ ਆਦਮੀ ਉਸ ਨੂੰ ਰੁਹਤਾਸ ਦੇ ਅਸਥਾਨ ਤੇ ਮਿਲੇ। ਉਹ ਮਾਰੋ ਮਾਰ ਕਰਦਾ ਜੰਡਿਆਲੇ ਪੁੱਜਾ। ਆ ਕੇ ਵੇਖਿਆ ਕਿ ਸਿੱਖ ਜੰਡਿਆਲੇ ਦਾ ਘੇਰਾ ਉਠਾ ਕੇ ਸਰਹਿੰਦ ਵਲ ਨੂੰ ਚਲੇ ਗਏ ਸਨ। ਕਾਰਨ ਇਹ ਸੀ ਕਿ ਉਹ ਚਾਹੁੰਦੇ ਸਨ ਕਿ ਆਪਣੇ ਬਾਲ ਬੱਚੇ ਤੇ ਟੱਬਰਾਂ ਕਬੀਲਿਆਂ ਨੂੰ ਹਮਲਾਵਰ ਦੇ ਰਾਹ ਤੋਂ ਲਾਂਭੇ ਕਿਸੇ ਸੁਰੱਖਿਅਤ ਥਾਂ ਤੇ ਪੁਚਾਇਆ ਜਾਵੇ ਤੇ ਫਿਰ ਉਸ ਨਾਲ ਦੋ ਹੱਥ ਕੀਤੇ ਜਾਣ। ਉਨ੍ਹਾਂ ਦਾ ਇਕ ਹੋਰ ਇਰਾਦਾ ਵੀ ਸੀ। ਜੈਨ ਖਾਂ ਸੂਬਾ ਸਰਹਿੰਦ ਨੇ ਪਿੱਛੇ ਜਿਹੇ ਹੀ ਸਰਦਾਰ ਦਿਆਲ ਸਿੰਘ ਬਰਾੜ ਨੂੰ ਕਤਲ ਕਰਾਇਆ ਸੀ। ਸਿੱਖ ਉਸ ਪਾਸੋਂ ਬਦਲਾ ਲੈਣਾ ਚਾਹੁੰਦੇ ਸਨ। ਉਹ ਮਲੇਰਕੋਟਲੇ ਦੇ ਨੇੜੇ ਦੇ ਪਿੰਡਾਂ ਵਿਚ ਵਹੀਰ ਲੈ ਕੇ ਪੁੱਜੇ। ਮਲੇਰਕੋਟਲੇ ਦੇ ਹਾਕਮ ਭੀਖਨ ਖਾਂ ਨੇ ਜ਼ੈਨ ਖਾਂ ਨੂੰ ਮਦਦ ਲਈ ਲਿਖਿਆ ਅਤੇ ਨਾਲ ਹੀ ਅਹਿਮਦਸ਼ਾਹ ਨੂੰ ਵੀ ਖਬਰ ਭੇਜ ਦਿਤੀ।

ਅਹਿਮਦਸ਼ਾਹ ਜੰਡਿਆਲਿਓਂ ਹੋ ਕੇ ਲਾਹੌਰ ਪੁੱਜਾ ਸੀ। ਸਿੱਖਾਂ ਦੇ ਮਲੇਰਕੋਟਲੇ ਪਾਸ ਇਕੱਠੇ ਹੋਣ ਦੀ ਇਤਲਾਹ ਪੁਜਦਿਆਂ ਹੀ ਉਹ 3 ਫਰਵਰੀ, ਸੰਨ 1762 ਨੂੰ ਲਾਹੌਰੋਂ ਲਸ਼ਕਰ ਲੈ ਕੇ ਚੱਲ ਪਿਆ। ਬੜੀ ਤੇਜ਼ੀ ਨਾਲ ਪੰਧ ਮੁਕਾ ਕੇ 5 ਫਰਵਰੀ ਨੂੰ ਉਹ ਮਲੇਰਕੋਟਲੇ ਤੇ ਨੇੜੇ ਦੇ ਪਿੰਡ ਕੁੱਪ ਪਹੁੰਚਿਆ। ਇਥੇ ਤੀਹ ਕੁ ਹਜ਼ਾਰ ਸਿੱਖ ਆਪਣੇ ਟੱਬਰਾਂ ਤੇ ਮਾਲ ਮੱਤੇ ਸਮੇਤ ਉਤਰੇ ਹੋਏ ਸਨ। ਉਸ ਨੇ ਪਹਿਲਾਂ ਹੀ ਜ਼ੈਨ ਖਾਂ ਨੂੰ ਕਹਿ ਭੇਜਿਆ ਸੀ ਕਿ ਤੂੰ ਆਪਣੀ ਸਾਰੀ ਫੌਜ ਲੈ ਕੇ ਸਿੱਖਾਂ ਉਪਰ ਅਗਲੇ ਪਾਸਿਓਂ ਪਉ ਅਤੇ ਮੈਂ ਪਿਛਲੇ ਪਾਸਿਓਂ ਹੱਲਾਂ ਕਰਾਂਗਾ। ਅਹਿਮਦਸ਼ਾਹ ਨੇ ਆਪਣੀ ਫੌਜ ਨੂੰ ਇਹ ਹੁਕਮ ਦਿਤਾ ਸੀ ਕਿ ਹਿੰਦੁਸਤਾਨੀ ਲਿਬਾਸ ਵਿਚ ਜੋ ਵੀ ਬੰਦਾ ਟਕਰੇ ਉਸ ਨੂੰ ਪਾਰ ਬੁਲਾਇਆ ਜਾਵੇ। ਜ਼ੈਨ ਖਾਂ ਦੀ ਦੇਸੀ ਫੌਜ ਨੂੰ ਹੁਕਮ ਦਿਤਾ ਗਿਆ ਕਿ ਉਹ ਪਛਾਣ ਨਿਸ਼ਾਨੀ ਵਜੋਂ ਆਪਣੀਆਂ ਪੱਗਾਂ ਵਿਚ ਹਰੇ ਪੱਤੇ ਟੰਗ ਲੈਣ। ਕਈ ਹਜ਼ਾਰ ਸਿੱਖ ਜਿਨ੍ਹਾਂ ਵਿਚ ਬਹੁਤੇ ਬੱਚੇ ਤੇ ਬੀਬੀਆਂ ਸਨ, ਸ਼ਹੀਦ ਕੀਤੇ ਗਏ।

ਸਿੱਖਾਂ ਉਪਰ ਇਹ ਹੱਲਾ ਅਚਨਚੇਤ ਹੋਇਆ ਸੀ ਤੇ ਉਹ ਚਾਣਚੱਕ ਕਾਬੂ ਆ ਗਏ ਸਨ। ਪਰ ਉਹ ਡਰਨ ਵਾਲੇ ਜਾਂ ਨੱਸ ਜਾਣ ਵਾਲੇ ਨਹੀਂ ਸਨ। ਸਾਰਿਆਂ ਨੇ ਰਲ ਕੇ ਫੈਸਲਾ ਕੀਤਾ ਕਿ ਵੈਰੀ ਦਾ ਡਟ ਕੇ ਅਖੀਰ ਸਾਹਾਂ ਤੀਕ ਟਾਕਰਾ ਕੀਤਾ ਜਾਵੇ। ਜਿਹੜੇ ਬੱਚੇ ਤੇ ਬੀਬੀਆਂ ਬਚ ਰਹੇ ਸਨ, ਉਨ੍ਹਾਂ ਨੂੰ ਵਿਚਕਾਰ ਕਰ ਕੇ ਸਿੱਖ ਅਗਾਂਹ ਤੁਰੇ। ਉਹ ਤੁਰਦੇ-ਤੁਰਦੇ ਲੜਦੇ ਜਾਂਦੇ ਸਨ ਅਤੇ ਲੜਾਈ ਕਰਦੇ ਜਾਂਦੇ ਹਨ। ਕਦੇ-ਕਦੇ ਉਹ ਠਹਿਰ ਕੇ ਪਿਛਾਂਹ ਵੈਰੀ ਉਪਰ ਜਾ ਪੈਂਦੇ ਸਨ ਅਤੇ ਚੰਗੇ ਆਹੂ ਲਾਹੁੰਦੇ ਸਨ। ਸ. ਸ਼ਾਮ ਸਿੰਘ ਸ਼ੁਕਰਚੱਕੀਆ ਖਾਲਸਾ ਦਲ ਦੀ ਕਮਾਨ ਕਰ ਰਹੇ ਸਨ ਅਤੇ ਵਹੀਰ ਨੂੰ ਬਚਾ ਕੇ ਲਈ ਜਾ ਰਹੇ ਸਨ। ਅਹਿਮਦ ਸ਼ਾਹ ਤਾਂ ਚਾਹੁੰਦਾ ਸੀ ਕਿ ਸਿੱਖਾਂ ਨਾਲ ਬੱਝਵੀਂ ਜੰਮਵੀਂ ਲੜਾਈ ਕਰਾਂ, ਪਰ ਸਿੱਖਾਂ ਨੇ ਅਜਿਹਾ ਮੌਕਾ ਨਾ ਦਿਤਾ। ਉਹ ਲੜਦੇ-ਲੜਦੇ ਪਹੁੰਚਦੇ, ਉਥੋਂ ਦੇ ਲੋਕ ਉਨ੍ਹਾਂ ਨੂੰ ਪਨਾਹ ਦੇਣੋਂ ਨਾਂਹ ਕਰ ਦਿੰਦੇ। ਸਗੋਂ ਕਈ ਥਾਈਂ ਤਾਂ ਲੋਕ ਵੀ ਅੱਗੋਂ ਹੱਲਾ ਬੋਲ ਦੇਣ ਅਤੇ ਕਈਆਂ ਨੂੰ ਸ਼ਹੀਦ ਕਰ ਦੇਣ। ਸਿੱਖ ਲੜਦੇ ਭਿੜਦੇ ਅਗਾਂਹ ਤੁਰੇ ਗਏ। ਉਨ੍ਹਾਂ ਦਾ ਇਰਾਦਾ ਬਰਨਾਲੇ ਪਹੁੰਚਣ ਦਾ ਸੀ ਕਿਉਂਕਿ ਉਨ੍ਹਾਂ ਨੂੰ ਬਾਬਾ ਆਲਾ ਸਿੰਘ ਪਾਸੋਂ ਸਹਾਇਤਾ ਦੀ ਆਸ

*(ਬਾਕੀ ਪੰਨਾ 44 'ਤੇ)*

# ਭਗਤ ਰਵਿਦਾਸ ਜੀ ਦਾ ਸਮਾਨਤਾ ਦਾ ਪੈਗਾਮ (ਗੁਰੂ ਰਵਿਦਾਸ ਜੀ ਦਾ ਜਨਮ ਦਿਵਸ 9 ਫਰਵਰੀ 2020)

*ਡਾ. ਕੀਰਤ ਸਿੰਘ ਇਨਕਲਾਬੀ*

ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤਵਾਸੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਦਾ ਇਕ ਮਾਣਯੋਗ, ਦਾਰਸ਼ਨਿਕ, ਸਾਹਿਤਕ, ਭਾਸ਼ਾਈ ਅਤੇ ਸਭਿਆਚਾਰਕ ਵਿਰਸਾ ਹੈ ਜਿਸ ਤੋਂ ਉਤਸ਼ਾਹ, ਪ੍ਰੇਰਨਾ ਅਤੇ ਪ੍ਰਭਾਵ ਲੈਣਾ ਜ਼ਰੂਰੀ ਬਣ ਜਾਂਦਾ ਹੈ। ਦਸਾਂ ਪਾਤਸ਼ਾਹੀਆਂ ਦੀ ਜੋਤ, ਜੁਗੋ ਜੁਗ ਅਟੱਲ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਸਤਿਕਾਰਯੋਗ ਭਗਤ ਸਾਹਿਬਾਨ ਦੀ ਬਾਣੀ ਅੰਕਿਤ ਹੈ। ਜਿਸ ਵਿਚ ਭਗਤ ਰਵਿਦਾਸ ਜੀ ਨੂੰ ਸਤਿਕਾਰਤ ਦਰਜਾ ਪ੍ਰਾਪਤ ਹੈ।

ਭਗਤ ਰਵਿਦਾਸ ਜੀ ਦੀ ਬਾਣੀ 'ਚ ਵਾਹਿਗੁਰੂ ਦੀ ਭਗਤੀ ਦਾ ਰਾਹ ਹੈ। ਵਾਹਿਗੁਰੂ ਸਾਹਮਣੇ ਜਾ ਕੇ ਖੜੌਣ ਅਤੇ ਫਿਰ ਲੀਨ ਹੋਣ ਦੀ ਦਿਸ਼ਾ ਪ੍ਰਧਾਨ ਕਰਦੀ ਹੈ। ਉਸ ਬਾਣੀ ਵਿਚ ਕਰਮਾਂ 'ਤੇ ਜ਼ੋਰ ਦਿਤਾ ਗਿਆ ਹੈ। ਫਿਰ ਵਾਹਿਗੁਰੂ ਦੀ ਮਿਹਰ ਚਾਹੀਦੀ ਹੈ, ਪਰਮਾਤਮਾ ਹੀ ਨੀਚਾਂ ਨੂੰ ਉੱਚਾ ਬਣਾ ਦਿੰਦਾ ਹੈ। ਇਸ ਨੂੰ ਉਹ ਕਈ ਵਾਰ ਦ੍ਰਿੜ੍ਹ ਕਰਦੇ ਹਨ -

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥*
*ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ ੧ ॥*
*ਅੰਗ- ੧੧੦੬*

ਪ੍ਰਭੂ ਭਗਤੀ ਦੇ ਬਰਾਬਰ ਹੋਰ ਕੋਈ ਵਸਤੂ ਨਹੀਂ। ਵਾਹਿਗੁਰੂ ਸਰਬ ਸਿਰਜਣਹਾਰ, ਸਰਬ ਪਾਲਣਹਾਰ ਹੈ ਤੇ ਸਰਬ ਵਿਨਾਸ਼ਕਾਰ ਹੈ। ਜਿਸ 'ਤੇ ਉਸ ਦੀਆਂ ਬਖਸ਼ਿਸ਼ਾਂ ਦੀ ਰਹਿਮਤ ਦੀ ਬਾਰਿਸ਼ ਹੋ ਜਾਵੇ ਉਹ ਸਫਲਤਾ ਤੇ ਖੁਸ਼ੀਆਂ ਪ੍ਰਾਪਤ ਕਰੀ ਜਾਂਦਾ ਹੈ। ਸੋ ਵਾਹਿਗੁਰੂ 'ਤੇ ਵਿਸ਼ਵਾਸ਼ ਨਾਲ ਹੀ ਉਸ ਦੀਆਂ ਮਿਹਰਾਂ ਪ੍ਰਾਪਤ ਹੁੰਦੀਆਂ ਹਨ। ਆਪ ਜੀ ਦੀ ਬਾਣੀ ਹੈ। -

*ਹੋਇ ਪੁਨੀਤ ਭਗਵੰਤ ਭਜਨ ਤੇ*
*ਆਪੁ ਤਾਰਿ ਤਾਰੇ ਕੁਲ ਦੋਇ ॥ ੧ ॥ ਅੰਗ- ੮੫੮*
*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ- ੮੫੮*

ਭਗਤ ਰਵਿਦਾਸ ਜੀ ਦਾ ਜਨਮ ਵਾਰਾਨਸੀ (ਬਨਾਰਸ) ਵਿਚ ਹੋਇਆ ਹੈ। ਬਨਾਰਸ ਉਨ੍ਹਾਂ ਦਿਨਾਂ ਵਿਚ ਬ੍ਰਾਹਮਣਵਾਦਾਂ ਦੇ ਪ੍ਰਵਾਹ ਦਾ ਮੁੱਖ ਕੇਂਦਰ ਸੀ। ਗੰਗਾ ਦਰਿਆ ਤੇ ਕੰਢੇ ਵੱਸੇ ਸ਼ਹਿਰ ਵਿਚ ਵੱਖ-ਵੱਖ ਵਿਚਾਰਧਾਰਾਵਾਂ ਦੇ ਪ੍ਰਵਾਹ ਉੱਠੇ ਸਨ। ਭਾਰਤੀ ਸਮਾਜ ਦੀ ਬਣਤਰ ਵਿਚ ਜਾਤ-ਪਾਤ ਤੇ ਵਰਣਵਾਦੀ-ਵਿਚਾਰਧਾਰਾ, ਮਾਰੂ ਤੇ ਹਾਨੀਕਾਰਕ ਸਿੱਧ ਹੋਈ ਹੈ। ਇਸ ਵਿਚਾਰਧਾਰਾ ਦੇ ਬਾਨੀ ਸ੍ਰੀ ਮਨੂੰ ਜੀ ਸਨ। ਉਸ ਦਾ ਵਰਣ ਸਿਧਾਂਤ ਉਸ ਸਮੇਂ ਦੇ ਭਾਰਤੀ ਸਮਾਜ ਲਈ ਸਮਾਜਿਕ ਨਾ-ਬਰਾਬਰੀ ਲਈ ਜ਼ਿੰਮੇਵਾਰ ਸੀ। ਇਸ ਜ਼ਿੱਲ੍ਹਤ ਨੂੰ ਗਲੋਂ ਲਾਹੁੰਣ ਲਈ ਭਾਰਤ ਵਾਸੀਆਂ ਨੂੰ ਇਕ ਲੰਮਾ ਸੰਘਰਸ਼ ਕਰਨਾ ਪਿਆ।

ਭਗਤ ਰਾਮਾਨੁਜ ਜੀ ਨੇ ਸਰਗੁਣ-ਭਗਤੀ ਲਹਿਰ ਦੀ ਪਰੰਪਰਾ ਚਲਾਈ। ਇਸ ਵਿਚਾਰਧਾਰਾ ਦਾ ਭਾਰਤੀਆਂ ਨੇ ਬੜੇ ਚਾਹ ਨਾਲ ਸੁਆਗਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀਕਾਰਾਂ ਨੂੰ ਪ੍ਰੇਮ ਜਾਂ ਭਗਤੀ ਰਾਹੀਂ ਹਿੰਦੂ, ਮੁਸਲਿਮ ਤੇ ਸਿੱਖ ਏਕਤਾ ਨੂੰ ਇਕ ਮੰਚ 'ਤੇ ਲਿਆ ਕੇ ਮਾਨਵਵਾਦ ਅਤੇ ਮਨੁੱਖੀ-ਏਕਤਾ ਵਲ ਪ੍ਰੇਰਿਤ ਕੀਤਾ।

ਭਗਤ ਰਵਿਦਾਸ ਜੀ ਭਗਤੀ ਲਹਿਰ ਦੀ ਨਿਰਗੁਣਧਾਰਾ ਦੇ ਪ੍ਰਮੁੱਖ ਭਗਤਾਂ 'ਚੋਂ ਇਕ ਮੰਨੇ ਜਾਂਦੇ ਹਨ। ਭਗਤ ਰਵਿਦਾਸ ਜੀ ਦੂਰ-ਅੰਦੇਸ਼ੀ ਸਨ। ਉਹ ਅੰਤਰਮੁਖੀ ਹੋ ਕੇ ਆਪਣੇ ਵਲ ਸੰਕੇਤ ਕਰਦੇ ਹਨ -

*ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥ ਅੰਗ - ੪੮੬*
*ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮ ਹਮਾਰਾ॥*
*ਅੰਗ - ੬੫੮*

ਉਹ ਇਸ ਗੱਲ 'ਤੇ ਫ਼ਖ਼ਰ ਮਹਿਸੂਸ ਕਰਦੇ ਹਨ ਕਿ ਮੈਂ ਅਖੌਤੀ ਨੀਵੀਂ ਜਾਤ ਦਾ ਹਾਂ -

*ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥ ੧ ॥*
*ਰਹਾਉ ॥*
*ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥ ੧ ॥*
*ਅੰਗ- ੬੫੯*

ਉਹ ਆਪਣੇ ਆਪ ਨੂੰ ਖਾਲਸ ਚਮਾਰ ਕਹਿਣ ਵਿਚ ਗੌਰਵ ਸਮਝਦੇ ਸਨ। ਉਨ੍ਹਾਂ ਹਮੇਸ਼ਾਂ ਕਿਰਤ ਕਰਨ ਨੂੰ ਵਡਿਆਇਆ ਹੈ। ਕਿਰਤ ਸਦਕਾ ਹੀ, ਕਰਮ ਸਦਕਾ ਹੀ ਭਗਤ ਰਵਿਦਾਸ ਜੀ ਨੂੰ ਵਡਿਆਈ ਤੇ ਉੱਤਮਤਾ ਮਿਲੀ ਹੈ। ਉਨ੍ਹਾਂ ਦੀ ਆਪਣੀ ਸ਼ਖਸ਼ੀਅਤ ਇਸ ਸੱਚਾਈ 'ਤੇ ਨਿਰਭਰ ਕਰਦੀ ਹੈ -

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*
*ਅੰਗ- ੧੧੦੬*

ਉਨ੍ਹਾਂ ਦੀ ਤਾਲੀਮ ਦੀ ਮੁੱਖ ਧੁਰਾ ਇਹ ਹੈ ਕਿ ਮਨੁੱਖਾ ਜੀਵਨ ਆਤਮਾ ਹੈ ਜੋ ਉਸ ਪਰਮ+ਆਤਮਾ

ਪਰਮਾਤਮਾ) ਨੂੰ ਮਿਲਣ ਲਈ ਤੀਬਰ ਹੈ। ਭਗਤੀ ਪ੍ਰਭੂ-ਮਿਲਾਪ ਤੇ ਪ੍ਰਭੂ-ਪ੍ਰੇਮ ਦਾ ਇਕ ਅਹਿਮ ਜ਼ਰੀਆ ਹੈ। ਉਨ੍ਹਾਂ ਦੀ ਬਾਣੀ ਵਿਚ ਪਿਆਰ, ਭਗਤੀ ਦੀ ਤੀਬਰਤਾ ਤੇ ਤੀਖਣਤਾ ਪ੍ਰਗਟ ਹੁੰਦੀ ਹੈ।

'ਪ੍ਰੇਮ ਕੀ ਜੇਵਰੀ ਬਾਧਿਓ ਤੇਰੇ ਜਨ' ਵਾਹਿਗੁਰੂ ਪ੍ਰੇਮ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਬਿੰਬਾਂ, ਰੂਪਕਾਂ ਤੇ ਪ੍ਰਤੀਕਾਂ ਵਿਚ ਕੀਤਾ ਹੈ -

*ਜਉ ਤੁਮ ਗਿਰਿਵਰ ਤਉ ਹਮ ਮੋਰਾ ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ ੧ ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ॥*
*ਜਉ ਤੁਮ ਦੀਵਰਾ ਤਉ ਹਮ ਬਾਤੀ ॥*
*ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥*

*ਅੰਗ - ੬੫੮*

ਭਗਤ ਰਵਿਦਾਸ ਜੀ ਨੇ ਭਾਰਤੀ ਅਧਿਆਤਮਿਕਤਾ ਦ੍ਰਿਸ਼ਟੀ ਤੋਂ ਮਨੁੱਖੀ ਹੋਂਦ ਨੂੰ ਪੰਛੀ ਨਾਲ ਉਪਮਾ ਦਿਤੀ ਹੈ। ਉਨ੍ਹਾਂ ਬੜੇ ਹੀ ਪ੍ਰਭਾਵਸ਼ਾਲੀ ਬਿੰਬਾਂ ਰਾਹੀਂ ਅੰਕਿਤ ਕੀਤਾ ਹੈ -

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥*

*ਅੰਗ- ੬੫੯*

ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਫਸਿਆ ਹੋਇਆ ਹੈ। ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਉਸ ਦੇ ਮੁਕਤੀ-ਮਾਰਗ ਵਿਚ ਰੋੜੇ ਅਟਕਾਉਂਦੇ ਹਨ। ਧਰਤੀ ਦੇ ਸਾਰੇ ਜੀਵ-ਜੰਤੂ ਆਪਣੇ-ਆਪਣੇ ਕਰਮਾਂ ਦਾ ਫਲ ਭੁਗਤਦੇ ਹਨ। ਮਨ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਵਸ ਪੈ ਕੇ ਸਦਾ ਭਟਕਦਾ ਰਹਿੰਦਾ ਹੈ। ਆਵਾਗਵਣ ਦੇ ਚੱਕਰ 'ਚੋਂ ਨਿਕਲਣ ਲਈ ਸ਼ੁਭ ਕਰਮਾਂ ਦੀ ਜ਼ਰੂਰਤ ਹੁੰਦੀ ਹੈ। ਸੋ ਸ਼ੁਭ ਕਰਮਾਂ ਵਿਚ ਲਿਵ ਲਾਉਣ ਲਈ ਪ੍ਰਭੂ-ਭਗਤੀ 'ਤੇ ਬਲ ਦੇਣਾ ਜ਼ਰੂਰੀ ਹੈ।

*ਕਰਿ ਬੰਦਿਗੀ ਛਾਡਿ ਮੈ ਮੇਰਾ ॥*
*ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥ ੨ ॥ ਅੰਗ- ੭੯੪*

ਸ਼ੁਭ ਕਰਮਾਂ ਦੇ ਸਾਥ ਨਾਲ ਭਾਉ-ਭਾਵ ਪੈਦਾ ਹੁੰਦਾ ਹੈ ਜੋ ਭਗਤੀ ਲਈ ਜ਼ਰੂਰੀ ਸ਼ਰਤ ਹੈ। ਮਨੁੱਖ ਉਸ ਇਕੱਠ ਤੋਂ ਵਾਰੇ ਜਾਂਦਾ ਹੈ, ਜਿੱਥੇ ਨਾਮ ਦਾ ਸੰਕਲਪ ਹੋਵੇ। ਨਾਮ ਦੇ ਸੰਕਲਪ ਵਾਲੀ ਸੰਗਤ ਸਦਾ ਲਾਭਕਾਰੀ ਹੁੰਦੀ ਹੈ -

*ਸਾਧਸੰਗਤਿ ਬਿਨਾ ਭਾਉ ਨਹੀ ਊਪਜੈ*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ ਅੰਗ- ੬੯੪*

ਭਗਤ ਰਵਿਦਾਸ ਜੀ ਦੀ ਬਾਣੀ ਮਨੁੱਖੀ ਏਕਤਾ ਤੇ ਸਰਬ ਸਾਂਝੀਵਾਲਤਾ ਦੀ ਸਮਰਥਕ ਹੈ। ਉਨ੍ਹਾਂ ਮਨੁੱਖ ਦੀਆਂ ਬਣਾਈਆਂ ਦੀਵਾਰਾਂ ਵਿਰੁੱਧ ਅਵਾਜ਼ ਉਠਾਈ। ਉਨ੍ਹਾਂ ਮੰਦਰ-ਮਸਜਿਦਾਂ ਨੂੰ ਰੱਬ ਦਾ ਘਰ ਆਖਿਆ। ਉਨ੍ਹਾਂ 'ਮਾਨਵ ਸਭੀ ਸਮਾਨ' ਦੇ ਸਿਧਾਂਤ ਨੂੰ ਉਤਮਤਾ ਪ੍ਰਦਾਨ ਕੀਤੀ।

ਚੰਗੀ, ਸ਼ੁਭ ਕਰਮਾਂ ਵਾਲੀ ਤੇ ਮਾਨਵ ਦੇ ਭਲੇ ਨਾਲ ਭਰਪੂਰ ਉਨ੍ਹਾਂ ਦੀ ਬਾਣੀ ਹਰ ਇਨਸਾਨ ਨੂੰ ਸੱਚੇ ਸੁੱਚੇ ਜੀਵਨ ਦਾ ਸਦੀਵੀ ਸੰਦੇਸ਼ਾ ਦੇ ਰਹੀ ਹੈ।

ਭਗਤ ਰਵਿਦਾਸ ਜੀ ਦਾ ਵਿਅਕਤੀਤਵ ਅਨੁਭਵ ਅਧਿਆਤਮਿਕ ਸੀ। ਜਿਸ ਦਾ ਮੰਤਵ ਸੀ ਇਕ ਈਸ਼ਵਰ ਵਿਚ ਵਿਸ਼ਵਾਸ਼ ਕਰਨਾ, ਮਾਨਵਤਾ ਲਈ ਪ੍ਰੇਮ-ਭਾਵਨਾ ਪੈਦਾ ਕਰਨਾ, ਈਰਖਾ ਨੂੰ ਰੱਦ ਕਰਨਾ, ਜ਼ਾਤ-ਪਾਤ, ਛੂਤ-ਛਾਤ, ਮੂਰਤੀ ਪੂਜਾ ਤੇ ਫੋਕੇ ਕਰਮ-ਕਾਂਡਾਂ ਦਾ ਵਿਰੋਧ ਕਰਨਾ ਹੈ। ਲੋਕ ਚਿੰਤਨ ਨੂੰ ਲੋਕ-ਲਹਿਰ ਵੱਲ ਰੁਚਿਤ ਕਰਨ ਲਈ ਉਨ੍ਹਾਂ ਕਾਵਿ ਮਾਧਿਅਮ ਨੂੰ ਚੁਣਿਆ।

---

*(ਪੰਨਾ 42 ਦੀ ਬਾਕੀ)*

ਸੀ। ਨਾਲ ਹੀ ਇਹ ਵੀ ਖਿਆਲ ਸੀ ਕਿ ਜੇ ਉਸ ਨੇ ਮਦਦ ਨਾ ਵੀ ਕੀਤੀ, ਤਾਂ ਅਗਾਂਹ ਬਠਿੰਡੇ ਰੇਤਲੇ ਜਲ-ਹੀਣ ਇਲਾਕੇ ਵਿਚ ਜਾ ਵੜਾਂਗੇ।

ਪਰ ਉਨ੍ਹਾਂ ਦੇ ਬਰਨਾਲੇ ਪਹੁੰਚਣ ਤੋਂ ਪਹਿਲਾਂ ਹੀ ਅਫ਼ਗਾਨ, ਵਹੀਰ ਦੇ ਬਾਹਰਲੇ ਰਾਖੇ ਦਲ ਨੂੰ ਚੀਰ ਕੇ ਵਹੀਰ ਉਪਰ ਜਾ ਪਏ। ਸ. ਚੜ੍ਹਤ ਸਿੰਘ ਤੇ ਜੱਸਾ ਸਿੰਘ ਨੇ ਬੜੀ ਮਰਦਾਨਗੀ ਨਾਲ ਵੈਰੀ ਦਲ ਦਾ ਟਾਕਰਾ ਕੀਤਾ ਅਤੇ ਲਹੂ ਲੁਹਾਣ ਹੋ ਜਾਣ ਤੇ ਵੀ ਵਹੀਰ ਨੂੰ ਬਚਾਉਣ ਦੇ ਜਤਨ ਕਰਦੇ ਰਹੇ। ਪਰ ਵੈਰੀ ਦਲ ਅਣਗਿਣਤ ਸੀ। ਅਫ਼ਗਾਨਾਂ ਨੇ ਘੱਟੋ ਘੱਟ ਦਸ ਹਜ਼ਾਰ ਸਿੱਖ-ਮਰਦ ਤੀਵੀਆਂ ਤੇ ਬੱਚੇ ਕਤਲ ਕਰ ਦਿਤੇ। ਇਹ ਕਤਲਾਮ 5 ਫਰਵਰੀ ਸੰਨ 1762 ਨੂੰ ਹੋਇਆ। ਇਸ ਨੂੰ ਇਤਿਹਾਸ ਵਿਚ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

*(ਸਰੋਤ - ਸਿਖ ਇਤਿਹਾਸ ਚੋਣਵੀਆਂ ਸਾਖੀਆਂ)*

ਨੋਟ - ਵੱਡਾ ਘੱਲੂਘਾਰਾ ਦੇ ਮਹਾਨ ਸ਼ਹੀਦਾਂ ਨੂੰ ਪ੍ਰਣਾਮ ਕਰਨ ਲਈ ਕੁੱਪ ਰਹੀੜਾ (ਸੰਗਰੂਰ) ਵਿਖੇ ਪੰਜਾਬ ਸਰਕਾਰ ਵਲੋਂ "**ਕੁੱਪ ਰਹੀੜਾ ਸ਼ਹੀਦੀ ਯਾਦਗਾਰ" ਉਸਾਰੀ ਗਈ ਹੈ।**

# ਗੁਰੂ ਨਾਨਕ ਦੇਵ ਜੀ ਦੀ ਅਰਬ ਫੇਰੀ ਦੇ ਬਿਰਤਾਂਤ

*ਸਈਅਦ ਪ੍ਰਿਥੀਪਾਲ ਸਿੰਘ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-52)*

## ਪਿਤਾ ਜੀ ਨਾਲ ਸੰਬਾਦ

ਹੱਜ ਕਰਦੇ 'ਸਯਾਹਤੇ ਬਾਬਾ ਨਾਨਕ ਫੱਕਰ' ਪੁਸਤਕ ਬਾਰੇ ਪਿਤਾ ਜੀ ਨਾਲ ਜ਼ਿਕਰ ਕਰਨਾ ਮੁਨਾਸਬ ਸਮਝਿਆ। ਸਵੇਰ ਸਮੇਂ ਰਾਹੀ ਤੇ ਆਜੜੀ ਆਦਿ, ਦਾਲ ਪਾਣੀ ਲਈ ਜੁਟੇ ਹੋਏ ਸਨ। ਅਜ਼ਾਨ ਦਾ ਵਕਤ ਹੋ ਗਿਆ। ਮੈਂ ਆਪਣੇ ਕਮਰੇ 'ਚੋਂ ਨਿਕਲ ਪਿਤਾ ਜੀ ਦੇ ਕਮਰੇ ਤੇ ਦਸਤਕ ਦਿਤੀ ਤੇ ਪੁਸਤਕ ਦੀ ਗੱਲ ਛੇੜੀ। ਮੈਂ ਤਾਂ ਪੜ੍ਹ ਕੇ ਹੈਰਾਨ ਹਾਂ, ਆਪ ਪੜ੍ਹ ਕੇ ਕੋਈ ਰਾਇ ਕਾਇਮ ਕਰੋ, ਇਸਲਾਮ ਦੀ ਜੜ੍ਹ ਕਮਜ਼ੋਰ ਪ੍ਰਤੀਤ ਹੁੰਦੀ ਹੈ। ਮੈਂ ਐਸਲਾਮਂ ਅਲੈਕਮੁ ਕਰ ਵਾਪਸ ਮੁੜ ਆਯਾ। ਤਿੰਨ ਦਿਨ ਆਸ ਕੀਤੀ। ਫਿਰ ਆਪ ਜਾ ਕੇ ਪੁੱਛਿਆ ਅਤੇ ਕਿਤਾਬ ਦੀ ਮੰਗ ਕੀਤੀ। ਜਵਾਬ, ਇਨਕਾਰ ਸੀ। ਏਨੇ ਨੂੰ ਬੈਤੁਲ ਮੁੱਕਦਸ (ਇਕ ਪਵਿੱਤਰ ਅਸਥਾਨ) ਜਾਂਦਾ ਕਾਫ਼ਲਾ ਨਜ਼ਰ ਆਇਆ।

ਮੈਂ ਬਿਨਾਂ ਦੱਸੇ ਕਾਫ਼ਲੇ ਨਾਲ ਤੁਰ ਪਿਆ ਜੋ ਕਚਾਵੇ ਵਾਲਾ ਸਿੰਧੀ ਖਾਨਦਾਨ ਨਾਲ ਸਬੰਧਤ ਸੀ। ਉਸ ਨੇ ਸੁਨਹਿਰੀ ਅੱਖਰਾਂ ਵਾਲਾ ਅਰਬੀ ਦਾ ਗੁਟਕਾ ਰੱਖਿਆ ਹੋਇਆ ਸੀ, ਜੋ ਅਰਬੀ ਵਿਚ ਜਪੁਜੀ ਸਾਹਿਬ ਸੀ। ਇਸ ਪ੍ਰੇਮੀ ਦੀ ਸਹਾਇਤਾ ਨਾਲ 'ਨਾਨਕ ਸ਼ਾਹ ਕਲੰਦਰ' ਦੇ ਥੜੇ ਦੇ ਦਰਸ਼ਨ ਕੀਤੇ ਜਿਸ ਤੇ ਸਫੈਦ ਚਾਦਰ ਵਿਛੀ ਸੀ। ਤਿੰਨ ਚਾਰ ਆਦਮੀ ਅਰਬੀ ਵਿਚ ਕੀਰਤਨ ਕਰ ਰਹੇ ਸਨ। ਮੈਂ ਉਨ੍ਹਾਂ ਦਾ ਮਜ਼੍ਹਬ ਪੁੱਛਿਆ, "ਫਲਾ ਹਾਜ਼ਾ ਮਜ਼ਹਬਹੂ?" ਉੱਤਰ, ਅੱਲ੍ਹਾ ਇਨਾਹੂ ਨਾਨਕ ਸ਼ਾਹ ਹਿੰਦੁਲ ਪੀਰ।

*ਤੁਹਾਡਾ ਨਬੀ ਕੌਣ ਹੈ? ਉੱਤਰ,*
*ਨਾਨਕ ਨਬੀਯਨ ਵ ਅਨ ਆਮਨਾ ਬੇਹੀਂ*
*ਭਾਵ ਨਾਨਕ ਸਾਡਾ ਨਬੀ ਤੇ ਈਮਾਨ ਹੈ।*
*ਕਲਾਮੇ ਨਬੀਯਨ ਸਲਾਮਤ ਅਯਾਤ ਹੀ।*
*ਕਿਤਾਬੁਨ, ਕਰਾਮਾਤੁਨ, ਉਮਤੁਨ*
*ਕਿਤਾਬ, ਸ਼ਕਤੀ ਤੇ ਸ਼ਿਸ਼*
*(ਪੈਗੰਬਰਾਂ ਦੀਆਂ ਤਿੰਨ ਨਿਸ਼ਾਨੀਆਂ ਹੁੰਦੀਆਂ ਹਨ)*

ਜਿਸ ਨੂੰ ਮੁਖਾਤਬ ਸਾਂ ਉਹ ਚੁਪ ਰਿਹਾ ਤੇ ਇਕ ਬ੍ਰਿਧ ਬਾਬੇ ਨੇ ਛਾਤੀ ਠੋਕ ਕੇ ਕਿਹਾ, "ਅਮਾ ਉਮਤੀ" ਭਾਵ, ਅਸੀਂ ਸਾਰੇ ਉਸਦੀ ਉਮੱਤ ਹਾਂ। ਆਪਣੇ ਬਗਲ ਵਿਚੋਂ ਉਨ੍ਹਾਂ ਮੈਨੂੰ ਛੋਟਾ ਗੁਟਕਾ ਵਿਖਾ ਕੇ ਕਹਿਆ "ਹਾਜ਼ਾ ਕਲਾਮੁਨ" ਇਹੋ ਕਲਾਮੇ ਪਾਕ ਹੈ। "ਹਾਜ਼ਾ ਬੈਤੁਲਾ ਸ਼ਹਾਦਨ ਯੁਮੇ ਹਸ਼ਰ।" ਭਾਵ ਇਹ ਕਾਬਾ ਭੀ ਕਿਆਮਤ ਦੇ ਦਿਨ ਹਾਮੀ ਭਰੇਗਾ। ਮੈਂ ਗੁਰੂ ਨਾਨਕ ਦਾ ਤਵਾਫ ਕੀਤਾ ਸੀ। ਇਨ੍ਹਾਂ ਸਵਾਲਾਂ ਜਵਾਬਾਂ ਨੇ ਸ਼ਰਧਾ ਵਧਾ ਦਿਤੀ। ਹੁਣ ਛੇਤੀ ਮਦੀਨੇ ਪੁੱਜਣ ਦੀ ਆਸ ਕਿ ਪਿਤਾ ਜੀ ਦੀ ਰਾਏ ਲਵਾਂ।

ਮਦੀਨੇ ਪਿਤਾ ਜੀ ਮਿਲੇ। ਮੇਰੀ ਵਿਆਕੁਲਤਾ ਦੇਖ ਕਿਤਾਬ ਵਾਪਸ ਕਰ ਦਿਤੀ ਤੇ ਕਹਿਆ ਇਥੇ ਅਸੀਂ ਕਹਾਣੀਆਂ ਪੜ੍ਹਨ ਲਈ ਨਹੀਂ ਆਏ। ਆਪਣਾ ਮਕਸਦ ਹਾਸਲ ਕਰੋ। ਇਸੇ ਤਰ੍ਹਾਂ ਰਾਤ ਆ ਗਈ। ਕਿਤਾਬ ਪੜ੍ਹ ਕੇ ਅਰਦਾਸ ਕੀਤੀ, ਜੋ ਇਹ ਸਚੀ ਹੈ ਤੇ ਮੇਰੇ ਤੇ ਮਿਹਰ ਕਰਕੇ ਮੈਨੂੰ ਰਸਤਾ ਦਿਉ। ਸੁਫਨਾ ਆਇਆ, ਕਿਆਮਤ ਸਾਹਮਣੇ ਸੀ। ਸਾਰੇ ਜੀਵ ਆਪੋ ਆਪਣੇ ਕਰਮ ਹੱਥਾਂ ਵਿਚ ਲਈ ਖੜੋਤੇ ਸਨ ਭੈਭੀਤ, ਵਾਯੂ ਮੰਡਲ ਵੀ ਭੈਭੀਤ ਕਰਨ ਵਾਲਾ। ਏਨੇ ਨੂੰ ਈਸਾ ਜੀ ਆਏ। ਇਨ੍ਹਾਂ ਦੀ ਉਮੱਤ ਨਾਲ ਸੀ ਅਤੇ ਈਸਾ ਦਾ ਕਲਾਮ ਪੜ੍ਹ ਰਹੀ ਸੀ। ਜੀਵਾਂ ਦੀ ਕਸ਼ਟ ਨਿਵਿਰਤੀ ਨਾ ਹੋਈ ਆਸ ਟੁੱਟ ਗਈ। ਫੇਰ ਵੇਖਿਆ ਉਹ ਸੱਜੇ ਪਾਸੇ ਪਾਲਕੀ ਨੂੰ ਮੱਥਾ ਟੇਕ ਖਲੋ ਗਏ। ਫਿਰ ਮੂਸਾ ਦੇ ਆਉਣ ਦਾ ਨਾਹਰਾ ਲੱਗਾ। ਈਸਾ ਦੀ ਤਰ੍ਹਾਂ ਮੱਥਾ ਟੇਕ ਖਲੋ ਗਏ। ਉਮਤ ਮੂਸਾ ਦੀ ਮਖਲੂਕ ਵਿਚ ਰਲ ਗਈ। ਤੀਜੇ ਪੈਗੰਬਰ ਦਾਊਦ ਆਏ ਸਾਰਿਆਂ ਦਾ ਉਹੀ ਹਸ਼ਰ ਹੋਇਆ। ਆਖਰੀ ਅਵਾਜ਼ ਹਜ਼ਰਤ ਮੁਹੰਮਦ ਸਾਹਿਬ ਦੇ ਆਉਣ ਦੀ ਸੀ। ਸਾਰੇ ਖੁਸ਼ ਹੋਏ। ਕਿਉਂ ਜੋ ਆਪ ਨੇ ਕਿਆਮਤ ਦੇ ਦਿਨ ਸਹਾਇਤਾ ਦਾ ਵਾਹਦਾ ਕੀਤਾ ਸੀ। ਆਪਣੀ ਉਮੱਤ ਨੂੰ ਲੈ ਕੇ ਚੌਥੀ ਥਾਂ ਖਲੋ ਗਏ। ਇਹ ਵੇਖ ਸਾਰਿਆਂ ਦੀ ਘਬਰਾਹਟ ਵੱਧ ਗਈ। ਆਖਿਰ ਵਿਚ ਇਕੱਠ ਵਿਚੋਂ ਆਵਾਜ਼ ਉਠੀ ਮਰਹੱਬਾ, ਸਭਾਨ ਅੱਲ੍ਹਾ, ਬਾਬਾ ਨਾਨਕ ਫ਼ਕੀਰ ਉਲ ਗ਼ਫੂਰ ਆ ਰਹੇ ਹਨ। ਜਿਧਰ ਨਜ਼ਰ ਕਰਦੇ ਠਾਰ ਦਿੰਦੇ। ਆਪਣੇ ਪਿੱਛੇ ਕੇਸਰੀ ਨਿਸ਼ਾਨ ਲੈ ਵਾਹਿਗੁਰੂ! ਵਾਹਿਗੁਰੂ! ਦਾ ਜਾਪ ਕਰ ਰਹੇ ਸਨ। ਉਹ ਨੂਰ ਤੇ ਜਲਾਲ ਦਾ ਮੁਜੱਸਮਾ, ਜਿਸ ਦੀ ਚਮਕ ਸਭ ਰੌਸ਼ਨੀਆਂ ਨੂੰ ਸ਼ਰਮਾ ਦਿੰਦੀ ਸੀ। ਦਸਤਾਰ ਗੋਲ ਸਫੈਦ ਸਜਾਈ ਸੀ, ਗੋਡਿਆਂ ਤੱਕ ਕਲੀਦਾਰ, ਚੋਗਾ, ਹੱਥ ਵਿਚ ਆਸਾ ਤੇ ਹੱਥ ਗੋਡਿਆਂ ਤੋਂ ਹੇਠਾਂ ਪੈਂਦੇ ਸਨ, ਵੇਖਦਿਆਂ ਜਿਸ ਨੂੰ ਮੋਹਿਤ ਹੋ ਜਾਈਐ। ਸਭ ਆਪਣੀ ਤਕਲੀਫ਼ ਭੁੱਲ ਗਏ ਤੇ ਵਾਹਿਗੁਰੂ! ਵਾਹਿਗੁਰੂ! ਜਾਪ ਰਟਣ ਲੱਗੇ। ਆਪ ਪਾਲਕੀ

ਪਾਸ ਆਏ ਤੇ ਸਭ ਇਸ ਖਿਆਲ ਵਿਚ ਸਨ ਕਿ ਖੁਦਾ ਇਸੇ ਪਾਲਕੀ ਵਿਚ ਦਰਸ਼ਨ ਦੇਵੇਗਾ। ਇਹ ਦਿਬਯ ਜੋਤੀ ਉਸ ਪਾਲਕੀ ਵਿਚ ਬੈਠ ਗਈ। ਚਾਰੇ ਪਰਦੇ ਉਠਾਨ ਤੇ ਹਜ਼ੂਰ ਦੇ ਅਦਭੁੱਤ ਜਲਾਲ ਦੇ ਦਰਸ਼ਨ ਹੋਏ। ਸਭ ਨੇ ਸਜਦਾ ਕੀਤਾ ਅਤੇ ਮੈਂ ਵੀ। ਇਤਨੇ ਵਿਚ ਮੇਰੀ ਅੱਖ ਖੁਲ੍ਹ ਗਈ।

ਸਵੇਰੇ ਉਠ ਕੇ ਪਿਤਾ ਜੀ ਪਾਸ ਗਿਆ ਤੇ ਸੁਪਨੇ ਦੀ ਤਾਬੀਰ ਪੁੱਛੀ। ਹੱਸ ਕੇ ਕਹਿਣ ਲੱਗੇ, "ਤੈਨੂੰ ਵਹਿਮਾਂ ਵਿਚ ਪੈਣ ਵਾਸਤੇ ਨਹੀਂ ਸੀ ਲਿਆਂਦਾ, ਹੋਸ਼ ਕਰ! ਬੇਹਤਰ ਸੀ ਮਦੀਨਾ ਯੂਨੀਵਰਸਿਟੀ ਤੋਂ ਡਿਗਰੀ ਲੈ ਲੈਂਦੇ।' ਪਿਤਾ ਜੀ ਨੇ ਕਿਹਾ, ਨਾਨਕ ਬਾਬਾ ਨੇ ਕਲਾਮ ਮੁਕਾਬਲੇ ਤੇ ਆਪਣੀ ਕਲਾਮ ਬਣਾ ਕੇ ਗਲਤੀ ਕੀਤੀ ਹੈ। ਵੈਸੇ ਕਲਾਮ ਜਾਦੂਭਰੀ ਹੈ ਤੇ ਮੇਰੀ ਅਜ਼ਮਾਈ ਹੋਈ ਹੈ।

ਮੈਂ ਇਕ ਵੇਰਾਂ ਪਹਾੜੀ ਇਲਾਕੇ ਖੂਹੀ ਗੇਟ ਦੇ ਲਾਗੇ ਖਾਨਪੁਰ ਮੁਹੰਮਦ ਯੂਸਫ਼ ਜ਼ੈਲਦਾਰ ਦੇ ਠਹਿਰਾਇਆ। ਇਹ ਇਲਾਕਾ ਤਹਿਸੀਲ ਰਾਜੌਰੀ ਜ਼ਿਲ੍ਹਾ ਮੀਰਪੁਰ ਜੰਮੂ ਵਿਚ ਹੈ। ਦੋ ਸਿੱਖ ਤੇ ਇਕ ਬਿਰਧ ਹਿੰਦੂ ਆਏ ਤੇ ਕਿਹਾ ਉਜਾਗਰ ਸਿੰਘ ਦੇ ਲੜਕੀ ਵਿਆਹੀ ਸੀ ਤ੍ਰੈ ਸਾਲ ਹੋ ਗਏ, ਟੋਰਦਾ ਨਹੀਂ। ਸਾਰੇ ਇਲਾਕੇ ਵਿਚ ਬਦਨਾਮ ਹੋ ਗਿਆ। ਕੋਈ ਉਪਾਅ ਕਰੋ, ਮਰ ਹੀ ਜਾਵੇ ਚੰਗਾ ਹੈ। ਮੈਨੂੰ ਖਵਾਬ ਆਇਆ ਕਾਫਰ ਮਰੇਗਾ। ਹੋਰ ਕੀ ਚਾਹੀਦੈ। ਉਨ੍ਹਾਂ ਨੂੰ ਛੁਹਾਰਿਆ ਵਿਚ ਕਲਾਮ ਮੰਤਰ ਕੇ ਖਵਾਣ ਨੂੰ ਕਿਹਾ। ਪਰ ਉਸਦਾ ਉਲਟਾ ਅਸਰ ਹੋਇਆ। ਉਹ ਸੂਰ ਪਰ ਚੜ੍ਹ ਕੇ ਫਿਰਨ ਲੱਗਾ। ਫਿਰ ਮੈਂ ਹਾਜ਼ਰਾਤ ਭਰੀ (ਮਿਸਮਰੇਜ਼ਮ) ਇਕ ਗਿਆਰ੍ਹਾਂ ਸਾਲ ਦੇ ਮੁੰਡੇ ਨੂੰ ਮਹਿਮੂਲ ਬਣਾ ਕੇ ਉੱਤਰ ਪ੍ਰਸ਼ਨ ਕੀਤੇ। ਉਸ ਨੇ ਜਵਾਬ ਦਿਤਾ, ਉਹ ਜਪੁਜੀ ਤੇ ਕੀਰਤਨ ਸੋਹਿਲਾ ਰੋਜ਼ ਪੜ੍ਹਦਾ ਹੈ ਜੋ ਅਗਨਵਤ ਹੈ, ਕਲਾਮ ਉਸ ਦਾ ਪਹਿਰਾ ਦਿੰਦੀ ਹੈ। ਇਸ ਕਰਕੇ ਤੁਹਾਡੀ ਕਲਾਮ ਸੜ ਕੇ ਸਵਾਹ ਹੋ ਜਾਂਦੀ ਹੈ। ਉਸ ਤੱਕ ਪਹੁੰਚਦੀ ਹੀ ਨਹੀਂ ਤੇ ਨਾ ਕੋਈ ਕਲਾਮ ਅਸਰ ਕਰ ਸਕਦੀ ਹੈ। ਪਿਤਾ ਜੀ ਦਾ ਕਹਿਣਾ ਸੀ ਅਰਬ ਵਿਚ ਸਿਵਾਏ ਇਸ ਦੇ ਕਿ "ਨਾਨਕ ਵਲੀਯੂਨ ਹਕਾ ਰਬਲਾਯਜ਼ਾਲ' ਭਾਵ ਨਾਨਕ ਆਪ ਖੁਦਾ ਸੀ ਅਸੀਂ ਉਸ ਦੀ ਹਕੀਕਤ ਨੂੰ ਨਹੀਂ ਸਮਝ ਸਕੇ। ਇਥੇ ਉਜਾਗਰ ਸਿੰਘ ਦੇ ਕਿੱਸੇ ਤੋਂ ਪਤਾ ਲਗਦਾ ਹੈ ਤੇ ਸਪੱਸ਼ਟ ਹੈ ਕਿ ਗੁਰਬਾਣੀ ਸਭ ਤੋਂ ਉੱਤਮ ਹੈ। ਕੁਰਾਨ ਦੀ ਬਾਣੀ ਨਾਲੋਂ ਉੱਤਮ ਹੈ। ਦਰਗਾਹ ਵਿਚ ਵੀ ਸਾਥ ਦੇਵੇਗੀ।

## ਯਜੀਦ ਦੀ ਕੁਰਾਨ ਬਾਰੇ ਬੁੱਤਾਂ ਅਤੇ ਸੰਗ ਅਸਵਦ ਬਾਰੇ ਚਰਚਾ

ਜਦੋਂ ਮੁਹੰਮਦ ਸਾਹਿਬ ਨੇ ਆਖਰੀ ਨਬੀ ਹੋਣ ਦਾ ਦਾਅਵਾ ਕੀਤਾ, ਆਪ ਦੀ ਪਤਨੀ ਆਇਸ਼ਾ ਨੇ ਮੁਖ਼ਾਲਾਫਿਤ ਕੀਤੀ ਤੇ ਫੁਰਮਾਇਆ, ਐ ਲੋਕੋ ਇਹ ਤਾਂ ਤੁਸੀਂ ਮਨ ਲਵੋ ਕਿ ਮੁਹਮੰਦ ਨਬੀ ਹਨ ਪਰ ਇਹ ਨਾ ਆਖੋ, ਇਨ੍ਹਾਂ ਬਾਅਦ ਹੋਰ ਨਹੀਂ ਹੋਵੇਗਾ।

ਪਿਤਾ ਜੀ ਮੇਰੇ ਖਿਆਲਾਤ ਕੁਫ਼ਰ ਸਮ ਸਮਝਦੇ ਤੇ ਸਾਵਧਾਨ ਕਰਦੇ। ਮੈਂ ਬੇਨਤੀ ਕੀਤੀ, ਮੇਰੀ ਤਸੱਲੀ ਕਰਾਉ, ਕੁਰਾਨ ਕਲਾਮੇ ਇਲਾਹੀ ਹੈ ਯਾ ਨਾਨਕ ਦੀ ਬਾਣੀ।

'ਕੁਰਾਨੀ ਹੁਕਮ ਸਾਬਤ ਸੂਰਤ ਦਾ ਪੂਰਾ ਕਰੋ ਹੱਜ ਨੂੰ ਅਤੇ ਉਮਰੇ ਨੂੰ, ਵਾਸਤੇ ਅੱਲਾ ਦੇ, ਪਾਸ ਜੇਕਰ ਤੁਸੀਂ ਆਉ, ਵਿਚ ਘੇਰੇ ਦੇ ਤੁਸੀਂ, ਤਾਂ ਵਿੱਤ ਅਨੁਸਾਰ ਕੁਰਬਾਨੀ ਦੇਵੋ ਅਤੇ ਨ ਮੁੰਡਵਾਉ ਆਪ ਦੇ ਸਿਰਾਂ ਨੂੰ।' (ਇਸਰਾਰੂਲ ਸਰੀਅਤ)

ਪੰਜਵੇਂ ਬਾਬ ਵਿਚ ਜ਼ਿਕਰ ਕਰਦਾ ਹੈ ਕਿ ਹਜਾਮਤ ਨੂੰ ਖੂਬਸੂਰਤੀ ਦਾ ਜ਼ਰੀਆ ਬਣਾ ਲਿਆ ਹੈ ਪਰ ਕੁਰਾਨ ਉਸ ਨੂੰ ਮਨ੍ਹਾ ਕਰਦਾ ਹੈ। ਜੋ ਹਾਜੀਆ ਲਈ ਜ਼ਰੂਰੀ ਹੈ ਤੇ ਖੁਦਾ ਦਾ ਹੁਕਮ ਹੈ ਕੁਰਬਾਨੀ ਦੇਣ ਵਾਲੇ ਦੇ ਸਿਰ ਤੇ ਉਸਤਰਾ ਨਾਂਹ ਫਿਰਿਆ ਹੋਵੇ ਜੋ ਸਰੀਰ ਦੀ ਸਲਾਮਤੀ ਨਹੀਂ ਰੱਖੇਗਾ। ਉਸ ਦੀ ਕੁਰਬਾਨੀ ਤੇ ਉਮਰਾ ਕਬੂਲ ਨਹੀਂ ਹੋਵੇਗਾ।

ਫਿਰ ਜ਼ਿਕਰ ਬੁੱਤਾਂ ਦਾ, ਤੇ ਬਾਕੀ ਸਾਰੇ ਬੁੱਤ ਤੋੜ ਦਿਤੇ ਪਰ ਸੰਗੇ ਅਸਵਦ ਕਾਬੇ ਦੀ ਦੀਵਾਰ ਵਿਚ ਮੁਹੰਮਦ ਸਾਹਿਬ ਦੇ ਹੱਥੋਂ ਟਿਕਾਇਆ ਜਿਸ ਪੱਥਰ ਦਾ ਚੁੰਮਣਾ ਸਵਾਬ ਸਮਝਿਆ ਜਾਂਦਾ ਹੈ ਪਰ ਬੰਦ ਅੱਖਾਂ ਨਾਲ। ਹਜ਼ਰਤ ਇਬਰਾਹੀਮ ਜੁਮੇ ਦੀ ਤਾਜ਼ੀਮ ਕਰਦੇ ਸਨ ਜੋ ਸ਼ੁੱਕਰ ਦੇਵਤਾ ਦੀ ਤਾਜ਼ੀਮ ਹੈ। ਸੰਗੇ ਅਸਵਦ ਈਰਾਨ ਤੋਂ ਲਿਆਂਦਾ ਗਿਆ ਜਿਸ ਦੇ ਈਰਾਨੀ ਬਾਦਸ਼ਾਹ ਗਵਾਹ ਹਨ ਤੇ ਪਰਸਤਸ਼ ਕਰਦੇ ਸਨ। ਪਿਤਾ ਜੀ ਇਸ ਧਰਤੀ ਤੇ ਪੰਦਰਾਂ ਫੀਸਦੀ ਨਾਨਕ ਸ਼ਾਹ ਨਾਮ ਲੇਵਾ ਹਨ।

ਪਿਤਾ - ਮੈਂ ਨਹੀਂ ਮੰਨਦਾ। ਅਰਬ ਵਿਚ ਨਾਨਕ ਪੈਰੋਕਾਰ ਹਰਗਿਜ਼ ਨਹੀਂ ਹੋ ਸਕਦਾ।

ਮੈਂ ਦਾਸ - ਹੁਕਮ ਹੋਵੇ ਤਾਂ ਐਸੇ ਸੱਜਣ ਨਾਲ ਮੁਲਾਕਾਤ ਕਰਾਵਾਂ।

ਪਿਤਾ - ਜ਼ਰੂਰ।

ਮੈਂ ਫਿਰ, ਮਦੀਨੇ ਨਾਨਕ ਨਾਮ ਲੇਵਾ, ਮਹਿਬੂਬ ਬਿਨ ਜਾਫਰੀ ਸੀ ਅਤੇ ਹਜ਼ਰਤ ਇਮਾਮ ਜਾਅਫਰ ਦੀ ਔਲਾਦ ਵਿਚੋਂ ਸੀ, ਪਿਤਾ ਜੀ ਨਾਲ ਗੱਲਬਾਤ ਕਰਾਈ। ਮਹਿਬੂਬ ਨੇ ਦੱਸਿਆ ਖਿਲਾਫ਼ਤ ਦੇ ਪ੍ਰਭਾਵ ਕਰਕੇ ਅਸੀਂ

ਤਬਲੀਗ਼ ਨਾਨਕੀ ਨਹੀਂ ਕਰ ਸਕਦੇ, ਵਰਨਾ ਸਾਰਾ ਦੇਸ਼ ਨਾਨਕ ਸ਼ਾਹੀ ਹੋ ਜਾਵੇ। ਹੁਣ ਇਕ ਸੌ ਚੌਦਾਂ ਘਰ ਜਟਾ ਜੂਟ ਨਾਨਕ ਬਾਬੇ ਦੇ ਪੁਜਾਰੀ ਹਨ ਤੇ ਇਕ ਖੁਦਾ ਦੇ ਕਾਇਲ ਹਨ।

## ਜੱਦੇ ਪੁੱਜਣਾ

ਮੱਕੇ ਤੋਂ ਵਾਪਸ ਅਲਵਿਦਾ ਕਰਨ ਲਈ ਪਿਤਾ ਜੀ ਇਕ ਮੀਲ ਬਾਹਰ ਆਏ। ਜੱਦੇ ਪੁੱਜਾ ਇਥੇ ਮਾਈ ਹਵਾ ਦੀ ਕਬਰ ਨੇੜੇ ਹਜ਼ੂਰ ਬਾਬਾ ਨਾਨਕ ਦਾ ਅਸਥਾਨ ਹੈ। ਇਥੋਂ ਦੇ ਪੁਜਾਰੀ ਬਹੁਤ ਪ੍ਰੇਮੀ ਤੇ ਖੁਦਾਪ੍ਰਸਤ ਹਨ। ਇਕ ਨੇ ਦੱਸਿਆ ਮੈਂ ਹਰ ਪੂਰਨਮਾਸ਼ੀ ਕਰਾਚੀ ਗੁਰਦੁਆਰਾ ਸਚਖੰਡ ਵਿਖੇ ਜਾਂਦਾ ਹਾਂ। ਇਨ੍ਹਾਂ ਦੀ ਮਜਲਸ ਨੇ ਮੇਰੀ ਜ਼ਿੰਦਗੀ ਤੇ ਬੜਾ ਅਸਰ ਪਾਇਆ ਹੈ। ਇਸ ਪ੍ਰੇਮੀ ਦਾ ਨਾਂ ਵਲੀਦ ਇਬਨੇ ਸ਼ਾਹਲਬ ਸੀ। ਇਸ ਤਰ੍ਹਾਂ ਦੋ ਮਈ ਉਨੀ ਸੌ ਤੀਹ ਨੂੰ ਘਰ, ਮੀਰਪੁਰ ਪੁੱਜਾ। 20 ਫਰਵਰੀ, 1931 ਨੂੰ ਘਰ ਚਿੱਠੀ ਮਿਲੀ ਤੇ ਜੀਵਨ ਸੁਧਾਰਨ ਲਈ ਕਿਸੇ ਦੀ ਸ਼ਰਨ ਲੈਣੀ ਉਚਿਤ ਸਮਝੀ। ਲਾਹੌਰ ਆਇਆ। ਇਥੇ ਦਾਤਾ ਵਾਸ ਦੇ ਨੇੜੇ ਆਰੀਆ ਸਮਾਜ ਮਿਸ਼ਨ ਦਾ ਗੁਰਦਿਤ ਭਵਨ ਸਟੋਰ ਸੀ। ਇਸ ਮੱਤ ਦਾ ਵੀ ਇਕ ਮਹੀਨਾ ਮੁਤਾਲਿਆ ਕਰਨ ਬਾਅਦ 'ਨਿਯੋਗ' (ਸਨਾਤਨ ਧਰਮ ਅਨੁਸਾਰ ਵਿਆਹ ਕਰਨ ਦਾ ਢੰਗ) ਨਾਲੋਂ ਨਫਰਤ ਕਰ ਛੋੜਨਾ ਪਿਆ।

ਮਾਲ ਰੋਡ ਤੇ ਗਿਰਜਿਆਂ ਵਿਚ ਪਾਦਰੀਆਂ ਨਾਲ ਬਚਨ ਬਿਲਾਸ ਹੋਏ। ਉਨ੍ਹਾਂ ਤੋਂ ਪਤਾ ਲਗਿਆ ਮਸੀਹ ਖੁਦਾ ਦਾ ਬੇਟਾ ਹੈ। ਤਸੱਲੀ ਨਾ ਹੋਈ। ਖੋਜ ਨੇ ਦੱਸਿਆ ਯੂਸਫ ਬਖਾਰ ਦਾ ਬੇਟਾ ਹੈ। (ਕਿਤਾਬ ਮਤੀ ਲੂਕਾ ਆਇਤ 13/55 ਲੂਕਾ 3/23 ਯੂਹਨਾ 1/45 ਆਦਿ) ਤਿੰਨ ਮਹੀਨੇ ਲੰਘ ਗਏ ਪਰੇਸ਼ਾਨੀ ਵਿਚ। ਜੁਮੇ ਦੀ ਨਿਮਾਜ਼ ਜਾਮਾ ਮਸਜਿਦ ਵਿਚ ਪੜ੍ਹਨੀ ਨੀਅਤ ਕੀਤੀ। ਨਿਮਾਜ਼ ਪੜ੍ਹਦੇ-ਪੜ੍ਹਦੇ ਖ਼ਿਆਲਾਤਾਘ ਦਾ ਹੜ੍ਹ ਆ ਗਿਆ ਵਿਚੋਂ ਛੱਡ ਦਿਤੀ। ਨਿਮਾਜ਼ ਬਾਅਦ ਬਾਹਰ ਪੌੜੀਆਂ ਤੇ ਆ ਬੈਠਾ।

ਇਸੇ ਵੈਰਾਗਮਈ ਅਵਸਥਾ ਵਿਚ ਸਾਹਮਣੇ ਇਕ ਬਜ਼ੁਰਗ ਸਿੱਖ ਜਾਂਦੇ ਬੜੇ ਪਿਆਰੇ ਲੱਗੇ। ਉਠ ਕੇ ਜਾ ਮਿਲਿਆ ਪੁੱਛਿਆ ਕਿਧਰ ਜਾ ਰਹੇ ਹੋ? ਉੱਤਰ ਜੀ, ਗੁਰਦੁਆਰੇ। ਮੈਂ ਫਿਰ ਪ੍ਰਸ਼ਨ ਕੀਤਾ। ਕੀ ਮੈਂ ਭੀ ਜਾ ਸਕਦਾ ਹਾਂ? ਉੱਤਰ ਇਸ ਦੁਆਰੇ ਤੇ ਹਰ ਕੋਈ ਜਾ ਸਕਦਾ ਹੈ। ਡੇਰਾ ਸਾਹਿਬ ਪੁੱਜਾ। ਉਹ ਤਾਂ ਅੰਦਰ ਚਲੇ ਗਏ। ਪਰ ਸੇਵਾਦਾਰ ਨੇ ਮੇਰੇ ਤੋਂ ਪੁੱਛ ਕੀਤੀ ਕੋਈ ਨਸ਼ੀਲੀ ਚੀਜ਼ ਜਾਂ ਸਿਗਰਟ ਪਾਸ ਤਾਂ ਨਹੀਂ? ਮੇਰਾ ਉੱਤਰ ਸੀ ਕੋਈ ਨਹੀਂ। ਉਸੇ ਗੁਰਮੁਖ ਦੀ ਤਲਾਸ਼ ਸੀ ਪਰ ਨਾ ਮਿਲੇ। ਪੁੱਛ ਕੀਤੀ ਕਿ ਬਾਹਰ ਨਾ ਗਏ ਹੋਣ। ਪਰ ਉਹ ਉਥੇ ਹੀ ਸਨ ਮੇਰੇ ਤੋਂ ਉਹਲੇ।

ਜਥੇਦਾਰ ਅਛਰਾ ਸਿੰਘ ਨਾਲ ਮੁਲਾਕਾਤ ਹੋਈ। ਮੂਰਤੀ ਪੂਜਾ ਤੇ ਪ੍ਰਸ਼ਨ ਉਤਰ ਹੋਏ। ਮੈਂ ਤਸਵੀਰਾਂ ਬਾਰੇ ਪੁੱਛਿਆ, ਉੱਤਰ, ਯਾਦਗਾਰੀ ਹਨ, ਮੂਰਤੀ ਪੂਜਾ ਕਰਕੇ ਨਹੀਂ।

ਪ੍ਰਸ਼ਨ ਮੱਥਾ ਟੇਕਣਾ? ਉੱਤਰ, ਮੈਂ ਈਸ਼ਵਰੀ ਗਿਆਨ ਨੂੰ ਮੰਨਦਾ ਅਤੇ ਧਾਰਨ ਕਰਦਾ ਹਾਂ, ਜੋ ਉਪਦੇਸ਼ ਗੁਰੂ ਗ੍ਰੰਥ ਸਾਹਿਬ ਤੋਂ ਮਿਲਦਾ ਹੈ ਉਸ ਨੂੰ ਨਮਸਕਾਰ। ਅਗਰ ਵਿਚੋਂ ਅੱਖਰ ਕੱਢ ਕਾਗਜ਼ ਰੱਖ ਦਿਉ ਤਾਂ ਸਿੱਖ ਦਾ ਉਸ ਨਾਲ ਕੋਈ ਤੁਅਲਕ ਨਹੀਂ। ਇਸ ਬਾਅਦ ਮੈਂ ਫਿਰ ਬੇਨਤੀ ਕੀਤੀ, ਮੈਨੂੰ ਵੀ ਇਹ ਦਾਤ ਦਿਉ। ਕਹਿਣ ਲੱਗੇ, ਸਈਯਦ ਸਾਹਿਬ, ਇਹ ਰਸਤਾ ਬੜਾ ਔਖਾ ਹੈ! ਤਨ, ਮਨ, ਧਨ, ਕੁਰਬਾਨ ਕਰਨਾ ਪੈਂਦਾ ਹੈ। ਚਲੇ ਜਾਉ, ਇਹ ਕੋਈ ਖੇਡ ਨਹੀਂ, ਬੜੀ ਘਾਲ ਦੀ ਗੱਲ ਹੈ। ਉੱਤਰ ਵਿਚ ਮੈਂ ਕਿਹਾ ਤਿਆਰ ਹਾਂ। ਮੈਂ ਉਨ੍ਹਾਂ ਨੂੰ ਯਕੀਨ ਦਿਵਾਯਾ ਕਿ ਮੈਂ ਕਿਸ ਤਰ੍ਹਾਂ ਲੁੱਛ ਰਿਹਾ ਹਾਂ ਮੈਂ ਉਹ ਕਿਤਾਬ ਵੀ ਵਿਖਾਈ ਜਿਸ ਨੇ ਮੈਨੂੰ ਪ੍ਰਭਾਵਤ ਕੀਤਾ। ਇਸ ਤਰ੍ਹਾਂ ਦਾਸ ਇਸ ਪਾਸੇ ਲੱਗਾ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਸਾਕਾ ਨਨਕਾਣਾ ਸਾਹਿਬ

## (ਸ਼ਹੀਦੀ ਦਿਵਸ 21 ਫਰਵਰੀ 2020)

20 ਫਰਵਰੀ 1921 ਵਿਚ ਸਾਕਾ ਨਨਕਾਣਾ ਸਾਹਿਬ ਹੋਇਆ। ਸ੍ਰੀ ਨਨਕਾਣਾ ਸਾਹਿਬ ਜੋ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸਥਾਨ ਹੈ - ਇਸ 'ਤੇ ਸੰਨ 1921 ਵਿਚ ਮਹੰਤ ਨਰਾਇਣ ਦਾਸ ਦਾ ਕਬਜ਼ਾ ਸੀ ਜਿਸ ਨੂੰ ਅੰਗਰੇਜ਼ ਦੀ ਸ਼ਹਿ ਸੀ। ਉਹ ਬਹੁਤ ਦੁਰਾਚਾਰੀ ਸੀ। ਉਸ ਨੇ ਗੁਰਦੁਆਰੇ ਅੰਦਰ ਗੁੰਡੇ ਪਾਲੇ ਹੋਏ ਸਨ ਜੋ ਸ਼ਰਾਬ ਪੀਂਦੇ ਤੇ ਵਿਭਚਾਰ ਕਰਦੇ ਸਨ।ਸਿੱਖ ਇਸ ਗੁਰਦੁਆਰੇ ਨੂੰ ਪੰਥਕ ਪ੍ਰਬੰਧ ਵਿਚ ਲਿਆਉਣਾ ਚਾਹੁੰਦੇ ਸਨ। ਉਹਨਾਂ ਨੇ ਮਹੰਤ ਨੂੰ ਕਿਹਾ ਕਿ ਉਹ ਪੈਨਸ਼ਨ ਲੈ ਕੇ ਗੁਰਦੁਆਰਾ ਸਿੱਖਾਂ ਦੇ ਹੱਥ ਵਿਚ ਦੇ ਦੇਵੇ ਪਰ ਉਹ ਨਾ ਮੰਨਿਆ ਤੇ ਉਸ ਨੇ ਸਿੱਖਾਂ ਦਾ ਮੁਕਾਬਲਾ ਕਰਨ ਦੀ ਠਾਣ ਲਈ। ਉਸ ਨੇ ਬਹੁਤ ਸਾਰੇ ਹਥਿਆਰ ਇਕੱਠੇ ਕਰ ਲਏ ਤੇ 400 ਗੁੰਡੇ ਤਨਖਾਹ 'ਤੇ ਰੱਖ ਲਏ। ਗੁਰਦੁਆਰੇ 'ਤੇ ਪੰਥ ਦਾ ਕਬਜ਼ਾ ਕਰਾਉਣ ਲਈ ਭਾਈ ਲਛਮਣ ਸਿੰਘ ਜੀ 20 ਫਰਵਰੀ 1921 ਨੂੰ 150 ਸਿੰਘਾਂ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪੁੱਜੇ। ਗੁਰਦੁਆਰੇ ਅੰਦਰ ਜਾਣ ਤੋਂ ਪਹਿਲਾਂ ਉਹਨਾਂ ਸਾਰਿਆਂ ਨੇ ਹਥਿਆਰ ਨਾ ਚੁੱਕਣ ਦਾ ਪ੍ਰਣ ਲਿਆ। ਉਹਨਾਂ ਸਾਰਿਆਂ ਨੇ ਅੰਦਰ ਜਾ ਕੇ ਮੱਥਾ ਟੇਕਿਆ ਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿਤਾ। ਜਥੇ ਦੇ ਕੁਝ ਸਿੰਘਾਂ ਨੇ ਗੁਰਦੁਆਰੇ ਦੇ ਗੇਟ 'ਤੇ ਪਹਿਰਾ ਦੇਣਾ ਸ਼ੁਰੂ ਕਰ ਦਿਤਾ ਤੇ ਬਾਕੀ ਕੀਰਤਨ ਵਿਚ ਜੁੜ ਗਏ। ਹਾਲੇ ਕੀਰਤਨ ਕਰਦੇ ਥੋੜ੍ਹੀ ਦੇਰ ਹੀ ਹੋਈ ਸੀ ਕਿ ਨਾਰਾਇਣ ਦਾਸ ਦੇ ਗੁੰਡਿਆਂ ਨੇ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿਤੀਆਂ। ਜਿਹੜੇ ਸਿੰਘ ਬਾਹਰ ਸਨ ਉਹ ਸ਼ਹੀਦ ਹੋ ਗਏ ਤੇ ਕੁਝ ਅੰਦਰ ਬੈਠੇ ਸਿੰਘ ਫੱਟੜ ਹੋ ਗਏ। ਫਿਰ ਮਹੰਤ ਅਤੇ ਉਸ ਦੇ ਗੁੰਡਿਆਂ ਨੇ ਸਿੰਘਾਂ ਨੂੰ ਤਲਵਾਰਾਂ, ਬਰਛਿਆਂ ਨਾਲ ਮਾਰਨਾ ਸ਼ੁਰੂ ਕਰ ਦਿਤਾ। ਥੋੜ੍ਹੀ ਦੇਰ ਬਾਅਦ ਉਹਨਾਂ ਨੇ ਫੱਟੜ ਤੇ ਸ਼ਹੀਦ ਸਿੰਘਾਂ ਨੂੰ ਇਕੱਠਾ ਕੀਤਾ ਤੇ ਉਹਨਾਂ ਦੇ 4-5 ਢੇਰ ਬਣਾ ਕੇ ਉਹਨਾਂ ਨੂੰ ਤੇਲ ਪਾ ਕੇ ਸਾੜ ਦਿਤਾ ਤੇ ਕੁਝ ਸਿੰਘਾਂ ਨੂੰ ਜੰਡ ਨਾਲ ਬੰਨ੍ਹ ਕੇ ਸਾੜ ਦਿਤਾ। ਜੰਡ ਦੀ ਯਾਦਗਾਰ ਅੱਜ ਭੀ ਮੌਜੂਦ ਹੈ।

ਗੁਰਦੁਆਰੇ ਅੰਦਰ ਜਗ੍ਹਾ-ਜਗ੍ਹਾ ਕੇਸਾਂ, ਕੜੇ ਤੇ ਕੰਘਿਆਂ ਦੇ ਢੇਰ ਲਗ ਗਏ। ਇਸ ਤਰ੍ਹਾਂ ਮਹੰਤ ਨੇ ਸਾਰੇ ਸਿੰਘ ਸ਼ਹੀਦ ਕਰ ਦਿਤੇ ਤੇ ਆਪ ਭੱਜ ਗਿਆ। ਜਦ ਇਸ ਸਾਕੇ ਦੀ ਖਬਰ ਸਿੱਖਾਂ ਨੂੰ ਮਿਲੀ ਤੇ ਗੁਰਦੁਆਰਾ ਖਰਾ ਸੌਦਾ ਤੋਂ 80 ਸਿੰਘਾਂ ਦਾ ਜਥਾ ਸ: ਕਰਤਾਰ ਸਿੰਘ ਝੱਬਰ ਦੀ ਕਮਾਨ ਹੇਠ ਨਨਕਾਣਾ ਸਾਹਿਬ ਵੱਲ ਤੁਰ ਪਿਆ। ਚੱਲਣ ਤੋਂ ਪਹਿਲਾਂ ਉਹਨਾਂ ਨੇ ਅਰਦਾਸਾ ਸੋਧਿਆ ਕਿ ਅਸੀਂ ਨਨਕਾਣਾ ਸਾਹਿਬ 'ਤੇ ਕਬਜ਼ਾ ਕਰਨਾ ਹੈ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਣਾ ਪਵੇ।

ਨਨਕਾਣਾ ਸਾਹਿਬ ਪੁੱਜਣ ਤਕ ਇਸ ਜਥੇ ਵਿਚ 5000 ਸਿੰਘ ਅਤੇ ਸਿੰਘਣੀਆਂ ਹੋਰ ਸ਼ਾਮਲ ਹੋ ਗਏ। ਨਨਕਾਣਾ ਸਾਹਿਬ ਤੋਂ ਦੋ ਮੀਲ ਉਰਾਂ ਹੀ ਝੱਬਰ ਜੀ ਨੇ ਕਿਹਾ ਕਿ ਜੋ ਸਿੰਘ ਸ਼ਹੀਦ ਹੋਣ ਲਈ ਤਿਆਰ ਹਨ ਉਹ ਇਕ ਪਾਸੇ ਹੋ ਜਾਣ ਤੇ ਬਾਕੀ ਇਥੇ ਹੀ ਰੁਕ ਜਾਣ। 2200 ਸਿੰਘ ਸਰਦਾਰ ਝੱਬਰ ਦੀ ਸਰਦਾਰੀ ਹੇਠ ਨਨਕਾਣਾ ਸਾਹਿਬ ਵਲ ਤੁਰ ਪਏ। ਨਨਕਾਣਾ ਸਾਹਿਬ ਤੋਂ ਥੋੜ੍ਹੀ ਦੂਰ ਉਹਨਾਂ ਨੂੰ ਅੰਗਰੇਜ਼ ਕਮਿਸ਼ਨਰ ਨੇ ਕਿਹਾ ਕਿ ਤੁਸੀਂ ਰੁਕ ਜਾਓ, ਅੱਗੇ ਬੰਦੂਕਾਂ ਬੀੜੀਆਂ ਹੋਈਆਂ ਹਨ, ਤੁਹਾਨੂੰ ਕੱਲ੍ਹ ਗੁਰਦੁਆਰੇ ਦੀ ਚਾਬੀ ਦੇ ਦਿਤੀ ਜਾਵੇਗੀ। ਲੇਕਿਨ ਝੱਬਰ ਜੀ ਨੇ ਕਿਹਾ ਕਿ ਅਸੀਂ ਅੱਜ ਹੀ ਚਾਬੀ ਲੈਣੀ ਹੈ ਤੇ ਜੇਕਰ ਤੁਸੀਂ ਚਾਬੀ ਅੱਜ ਨਹੀਂ ਦਿਤੀ ਤਾਂ ਅਸੀਂ ਤੁਹਾਡਾ ਮੁਕਾਬਲਾ ਕਰਕੇ ਕਬਜ਼ਾ ਲੈਣਾ ਹੈ। ਸਿੰਘਾਂ ਦਾ ਜੋਸ਼ ਦੇਖ ਕੇ ਅੰਗਰੇਜ਼ ਘਬਰਾ ਗਏ ਤੇ ਉਹਨਾਂ ਸ. ਕਰਤਾਰ ਸਿੰਘ ਝੱਬਰ ਨੂੰ ਚਾਬੀ ਦੇ ਦਿਤੀ। ਇਸ ਤਰ੍ਹਾਂ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼ਹੀਦੀਆਂ ਦੇ ਕੇ ਪਤਵੰਤਿਆਂ ਦੇ ਹੱਥ ਵਿਚ ਆ ਗਿਆ। ਇਸ ਸਾਕੇ ਨੇ ਸਾਰੀ ਦੁਨੀਆਂ ਨੂੰ ਦੱਸ ਦਿਤਾ ਕਿ ਸਿੱਖ ਕੁਰਬਾਨੀ ਦੇ ਸਕਦੇ ਹਨ ਅਤੇ ਪੁਰਾਤਨ ਸਿੱਖਾਂ ਦੀਆਂ ਸ਼ਹੀਦੀਆਂ ਕੋਈ ਮਨੋ-ਕਲਪਤ ਕਹਾਣੀਆਂ ਨਹੀਂ ਹਨ। ਇਸ ਸਾਕੇ ਨੇ ਗੁਰਦੁਆਰਾ ਲਹਿਰ ਹੋਰ ਤੇਜ਼ ਕਰ ਦਿਤੀ।

*ਸਰੋਤ - ਖੂਨ ਸ਼ਹੀਦਾਂ ਦਾ*

# ਭਾਈ ਨੰਦ ਲਾਲ ਜੀ
## ਗਜ਼ਲਾਂ

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-49)*

**ਦਰ ਮਜ਼ਹਬਿ ਮਾ ਗ਼ੈਰ-ਪਰਸਤੀ ਨ ਕੁਨੰਦ,**
**ਸਰ ਤਾ ਬਕਦਮ ਬਹੋਸ਼ ਓ ਮਸਤੀ ਨ ਕੁਨੰਦ,**
**ਗ਼ਾਫ਼ਿਲ ਨਸ਼ਵੰਦ ਯਕ ਦਮ ਅਜ ਯਾਦਿ ਖ਼ੁਦਾ,**
**ਦੀਗਰ ਸੁਖ਼ਨ ਅਜ਼ ਬੁਲੰਦੋ ਪਸਤੀ ਨ ਕੁਨੰਦ।**

ਸਾਡੇ ਧਰਮ ਵਿਚ ਗੈਰਾਂ ਦੀ ਪੂਜਾ ਨਹੀਂ ਕਰਦੇ, ਉਹ ਇਕ ਹੋਸ਼ ਵਿਚ ਰਹਿੰਦੇ ਹਨ ਅਤੇ ਮਸਤੀ ਨਹੀਂ ਕਰਦੇ। ਉਹ ਇਕ ਦਮ ਲਈ ਵੀ ਰੱਬ ਦੀ ਯਾਦ ਤੋਂ ਗਾਫ਼ਲ ਨਹੀਂ ਰਹਿੰਦੇ, ਨਾਲੇ ਉਹ ਉਚਾਈ ਨਿਚਾਈ ਦੀਆਂ ਗੱਲਾਂ ਨਹੀਂ ਕਰਦੇ।

**ਯੱਕ ਜ਼ੱਰਾ ਅਗਰ ਸ਼ੌਕਿ ਇਲਾਹੀ ਬਾਸ਼ਦ,**
**ਬਿਹਤਰ ਜ਼ਿ ਹਜ਼ਾਰ ਬਾਦਸ਼ਾਹੀ ਬਾਸ਼ਦ,**
**ਗੋਯਾ-ਸਤ ਗੁਲਾਮਿ ਮੁਰਸ਼ਦਿ ਖੇਸ਼,**
**ਈਂ ਖ਼ਤ ਨ ਮੁਹਤਾਜਿ ਗਵਾਹੀ ਬਾਸ਼ਦ॥**

ਜੇਕਰ ਰੱਤਾ ਭਰ ਵੀ ਰੱਬ ਦਾ ਸ਼ੌਕ ਹੋਵੇ ਤਾਂ, ਉਹ ਹਜ਼ਾਰਾਂ ਪਾਤਸ਼ਾਹੀਆਂ ਨਾਲੋਂ ਚੰਗੇਰਾ ਹੈ। ਗੋਯਾ! ਆਪਣੇ ਸਤਿਗੁਰੂ ਦਾ ਬੰਦਾ ਹੈ, ਇਸ ਲਿਖਤ ਲਈ ਕਿਸੇ ਗਵਾਹੀ ਦੀ ਲੋੜ ਨਹੀਂ।

**ਹਰ ਕਸ ਬ-ਜਹਾ ਨਸ਼ਵੋ ਨੁਮਾ ਮੀ ਖ਼ਾਹਦ,**
**ਅਸਪੋ ਸ਼ੁਤਰੋ ਫ਼ੀਲੋ ਤਿਲਾ ਮੀ ਖ਼ਾਹਦ,**
**ਹਰ ਕਸ ਜ਼ਿ ਬਰਾਇ ਖ਼ੇਸ ਚੀਜ਼ੇ ਮੀ ਖ਼ਾਹਦ,**
**ਗੋਯਾ ਜ਼ਿ ਖ਼ੁਦਾ ਯਾਦਿ ਖ਼ੁਦਾ ਮੀ ਖ਼ਾਹਦ॥**

ਹਰ ਮਨੁੱਖ ਇਸ ਜਹਾਨ ਵਿਚ ਵਧਣਾ ਫੁੱਲਣਾ ਚਾਹੁੰਦਾ ਹੈ, ਉਹ ਘੋੜੇ, ਊਠ, ਹਾਥੀ ਅਤੇ ਸੋਨਾ ਲੋਚਦਾ ਹੈ। ਹਰ ਆਦਮੀ ਆਪਣੇ ਲਈ ਕੁਝ ਨਾ ਕੁਝ ਲੋਚਦਾ ਹੈ, ਪਰੰਤੂ ਗੋਯਾ ਤਾਂ ਰੱਬ ਪਾਸੋਂ ਕੇਵਲ ਰੱਬ ਦੀ ਯਾਦ ਹੀ ਲੋਚਦਾ ਹੈ।

**ਪੁਰ ਗਸ਼ਤਾ ਜ਼ਿ ਸਰ ਤਾ ਬ-ਕਦਮ ਨੂਰ-ਉਲ-ਨੂਰ,**
**ਆਈਨਾ ਕਿ ਦਰ ਵੈਨ ਬਵਦ ਹੀਚ ਕਸੂਰ,**
**ਤਹਿਕੀਕ ਬਿਦਾਂ ਜ਼ਿ ਗ਼ਾਫ਼ਿਲਾਂ ਦੂਰ ਬਵਦ,**
**ਊ ਦਰ ਦਿਲਿ ਆਰਿਫ਼ ਕਰਦਾ ਜ਼ਹੂਰ॥**

ਸਿਰ ਤੋਂ ਪੈਰਾਂ ਤਕ ਉਹ ਨੂਰ ਨਾਲ ਭਰ ਗਿਆ, ਉਹ ਸ਼ੀਸ਼ਾ ਜਿਸ ਵਿਚ ਕੋਈ ਤ੍ਰੇੜ ਨਹੀਂ। ਯਕੀਨ ਜਾਣ ਕਿ ਉਹ ਅਣਗਹਿਲਾਂ ਤੋਂ ਦੂਰ ਰਹਿੰਦਾ ਹੈ, ਉਹ ਤਾਂ ਆਰਫ਼ ਦੇ ਦਿਲ ਵਿਚ ਪ੍ਰਗਟ ਹੁੰਦਾ ਹੈ।

**ਈਂ ਉਮਰਿ ਗਿਰਾਂ-ਮਾਯਾ ਕਿ ਬਰਬਾਦ ਸ਼ਵਦ,**
**ਈਂ ਖ਼ਾਨਿਇ ਵੀਰਾਂ ਬ-ਚਿਹ ਆਬਾਦ ਸ਼ਵਦ,**
**ਤਾ ਮੁਰਸ਼ਦਿ ਕਾਮਿਲ ਨਦਿਹਦ ਦਸਤ ਬ੍ਰਹਮ,**
**ਗੋਯਾ ਦਿਲਿ ਗ਼ਮਗੀਨਿ ਤੂ ਚੂੰ ਸ਼ਾਦ ਸ਼ਵਦ॥**

ਇਹ ਬਹੁ-ਮੁੱਲੀ ਉਮਰ ਜਿਹੜੀ ਜ਼ਾਇਆ ਹੋ ਜਾਂਦੀ ਹੈ, ਇਹ ਉਜਾੜ ਘਰ ਕਿਵੇਂ ਆਬਾਦ ਹੋ ਸਕਦਾ ਹੈ? ਜਦ ਤਕ ਪੂਰਾ ਸਤਿਗੁਰੂ ਸਹਾਇਤਾ ਨਹੀਂ ਕਰਦਾ, ਗੋਯਾ! ਗ਼ਮਾਂ-ਭਰਿਆ ਦਿਲ ਕਿਵੇਂ ਪ੍ਰਸੰਨ ਹੋ ਸਕਦਾ ਹੈ।

**ਦਿਲਿ ਜ਼ਾਲਿਮ ਬ-ਕਸਦਿ ਕੁਸ਼ਤਨਿ ਮਾ-ਸਤ,**
**ਦਿਲਿ ਮਜ਼ਲੂਮਿ ਮਨ ਬਸੂਇ ਖ਼ੁਦਾ ਸਤ,**
**ਊ ਦਰੀਂ ਫ਼ਿਕਰ ਤਾਂ ਬਮਾ ਚਿਹ ਕੁਨਦ,**
**ਮਾ ਦਰੀਂ ਫ਼ਿਕਰ ਤਾ ਖ਼ੁਦਾ ਚਿਹ ਕੁਨਦ॥**

ਜ਼ਾਲਮ ਦਾ ਦਿਲ ਸਾਨੂੰ ਮਾਰਨ ਦਾ ਇਰਾਦਾ ਰਖਦਾ ਹੈ, ਮੇਰਾ ਮਜ਼ਲੂਮ ਦਿਲ ਰੱਬ ਵੱਲ ਆਸ ਲਾਈ ਬੈਠਾ ਹੈ। ਉਹ ਇਸ ਫ਼ਿਕਰ ਵਿਚ ਹੈ ਕਿ ਸਾਡੇ ਨਾਲ ਕੀ ਕਰੇ? ਅਸੀਂ ਇਸ ਚਿੰਤਾ ਵਿਚ ਹਾਂ ਕਿ ਰੱਬ ਕੀ ਕਰਦਾ ਹੈ।

**ਦਰ ਹਾਸਿਲਿ ਉਮਰ ਆਂ ਚਿਹ ਮਾ ਯਾਫ਼ਤਾ ਏਮ,**
**ਦਰ ਹਰ ਦੋ-ਜਹਾਂ ਯਾਦਿ ਖ਼ੁਦਾ ਯਾਫ਼ਤਾ ਏਮ,**
**ਈਂ ਹਸਤੀਏ ਖੇਸ਼ਤਨ ਬਲਾ ਬੂਦ ਅਜ਼ੀਮ,**
**ਅਜ਼ ਖੇਸ਼ ਗੁਜ਼ਸਤੇਮ ਖ਼ੁਦਾ ਯਾਫ਼ਤਾ ਏਮ॥**

ਜੋ ਕੁਝ ਅਸਾਂ ਉਮਰ ਦਾ ਫਲ ਪ੍ਰਾਪਤ ਕੀਤਾ ਹੈ,

ਦੋਹਾਂ ਜਹਾਨਾਂ ਵਿਚ ਅਸਾਂ ਖ਼ੁਦਾ ਦੀ ਯਾਦ ਹਾਸਲ ਕੀਤੀ ਹੈ। ਇਹ ਸਾਡੀ ਹਸਤੀ ਤਾਂ ਇਕ ਵੱਡੀ ਬਲਾ ਸੀ, ਜਦ ਅਸੀਂ ਆਪਣੇ ਆਪੇ ਤੋਂ ਗੁਜ਼ਰ ਗਏ, ਅਸਾਂ ਰੱਬ ਨੂੰ ਪਾ ਲਿਆ।

**ਅਜ਼ ਖ਼ਾਕਿ ਦਰਿ ਤੂ ਤੂਤੀਆ ਯਾਫ਼ਤਾਏਮ,**
**ਕਜ਼ ਦੌਲਤਿ ਆਂ ਨਸ਼ਵੋ ਨੁਮਾ ਯਾਫ਼ਤਾ ਏਮ,**
**ਮਾ ਸਿਜਦਾ ਬਰ ਰੂਇ ਗ਼ੈਰ ਦੀਗਰ ਨਾ-ਕੁਨੇਮ,**
**ਦਰ ਖ਼ਾਨਾਇ ਦਿਲ ਨਕਸ਼ਿ ਖ਼ੁਦਾ ਯਾਫ਼ਤਾ ਏਮ॥**

ਤੇਰੇ ਦਰਵਾਜ਼ੇ ਦੀ ਧੂੜ ਤੋਂ ਸਾਨੂੰ ਸੁਰਮਾ ਪ੍ਰਾਪਤ ਹੋਇਆ ਹੈ, ਜਿਸ ਦੀ ਬਦੌਲਤ ਅਸੀਂ ਵਧੇ ਫੁਲੇ ਹਾਂ। ਅਸੀਂ ਕਦੀ ਗੈਰ ਅੱਗੇ ਮੱਥਾ ਨਹੀਂ ਟੇਕਦੇ, ਸਾਨੂੰ ਤਾਂ ਆਪਣੇ ਦਿਲ ਦੇ ਘਰ ਵਿਚ ਹੀ ਰੱਬ ਦੇ ਨਿਸ਼ਾਨ ਮਿਲ ਗਏ ਹਨ।

**ਗੋਯਾ ਖ਼ਬਰ ਅਜ਼ ਯਾਦਿ ਖ਼ੁਦਾ ਯਾਫ਼ਤਾ ਏਮ,**
**ਈ ਜਾਮਿ ਲਬਾ-ਲਬ ਅਜ਼ ਕੁਜਾ ਯਾਫ਼ਤਾ ਏਮ,**
**ਜੁਜ਼ ਤਾਲਿਬਿ ਹੱਕ ਨਸੀਬਿ ਹਰ ਕਸ ਨ ਬਵਦ,**
**ਈਂ ਦੌਲਤਿ ਨਾਯਾਬ ਕਿ ਮਾ ਯਾਫ਼ਤਾ ਏਮ॥**

ਗੋਯਾ! ਸਾਨੂੰ ਰੱਬ ਦੀ ਯਾਦ ਤੋਂ ਉਸ ਦੀ ਸੋ ਮਿਲੀ ਹੈ, ਇਹ ਨਕੋ ਨੱਕ ਭਰਿਆ ਪਿਆਲਾ ਭਲਾ ਸਾਨੂੰ ਕਿਥੋਂ ਪ੍ਰਾਪਤ ਹੋਇਆ? ਸਿਵਾਇ ਰੱਬ ਦੇ ਤਾਲਬ ਦੇ ਹਰ ਕਿਸੇ ਦੀ ਕਿਸਮਤ ਵਿਚ ਇਹ ਦੁਰਲੱਭ ਦੌਲਤ ਨਹੀਂ ਹੁੰਦੀ, ਜਿਹੜੀ ਕਿ ਸਾਨੂੰ ਪ੍ਰਾਪਤ ਹੋਈ ਹੈ।

**ਗੋਯਾ ਤਾ ਕੈ ਦਰੀਂ ਸਰਾਏ ਮਾਅਦੂਮ**
**ਗਾਹੇ ਲਾਜ਼ਮ ਸ਼ਵਦ ਵ ਗਾਹੇ ਮਲਜ਼ੂਮ**
**ਤਾ ਕੈ ਚੂ ਸਗਾਂ ਬਰ ਉਸਤਖ਼ਾਂ ਜੰਗ ਕੁਨੇਮ।**
**ਦੁਨੀਆ ਮਾਅਲੂਮ ਅਹਿਲਿ ਦੁਨੀਆ ਮਾਅਲੂਮ॥**

ਗੋਯਾ! ਤੂੰ ਕਦ ਤਕ ਇਹ ਨਾਸ਼ਮਾਨ ਸੰਸਾਰ ਵਿਚ ਰਹੇਂਗਾ? ਜਿਹੜਾ ਕਦੀ ਜ਼ਰੂਰੀ ਹੋ ਜਾਂਦਾ ਹੈ ਅਤੇ ਕਦੀ ਨਿਰਧਾਰਤ। ਕਦ ਤੱਕ ਅਸੀਂ ਕੁੱਤਿਆਂ ਵਾਂਗ ਹੱਡੀਆਂ ਉਪਰ ਲੜਦੇ ਰਹਾਂਗੇ? ਸਾਨੂੰ ਦੁਨੀਆਂ ਦਾ ਵੀ ਪਤਾ ਹੈ ਅਤੇ ਦੁਨੀਆਂਦਾਰਾਂ ਦਾ ਵੀ।

**ਗੋਯਾ ਅਗਰ ਆਂ ਜਮਾਲ ਦੀਦਨ ਦਾਰੀ,**
**ਅਜ਼ ਖ਼ੁਦ ਹਵਸ ਮੈਲਿ ਰਮੀਦਨ ਦਾਰੀ,**
**ਜ਼ੀਂ ਦੀਦਾ ਮਬੀਂ ਕਿ ਹਜ਼ਾਬ ਸਤ ਤੁਰਾ,**
**ਬੇ-ਦੀਦਾ ਬਿਬੀਂ ਹਰ ਆਂ ਚਿਹ ਦੀਦਨ ਦਾਰੀ।**

ਗੋਯਾ! ਜੇਕਰ ਤੂੰ ਉਸ ਦੇ ਜਲਵੇ ਨੂੰ ਵੇਖਣਾ ਚਾਹੁੰਦਾ ਹੈਂ? ਜੇਕਰ ਤੂੰ ਆਪਣੀ ਹਿਰਸ ਹਵਸ ਤੋਂ ਭੱਜਣ ਦੀ ਇੱਛਾ ਰਖਦਾ ਹੈਂ? ਇਨ੍ਹਾਂ ਜ਼ਾਹਰ ਅੱਖਾਂ ਨਾਲ ਨਾ ਵੇਖ, ਕਿਉਂਕਿ ਇਹ ਤਾਂ ਤੇਰੇ ਲਈ ਰੁਕਾਵਟ ਹਨ। ਤੂੰ ਬਿਨਾਂ ਅੱਖਾਂ ਦੇ ਵੇਖ, ਜੋ ਕੁਝ ਵੀ ਤੂੰ ਵੇਖਣਾ ਚਾਹੁੰਦਾ ਹੈਂ।

**ਮੌਜੂਦ ਖ਼ੁਦਾਸਤ ਤੂ ਕਿਰਾ ਮੀ ਜੋਈ,**
**ਮਕਸੂਦ ਖ਼ੁਦਾਸਤ ਤੂ ਕੁਜਾ ਮੀ ਪਈ,**
**ਈਂ ਹਰ ਦੋ ਜਹਾਂ ਨਿਸ਼ਾਨਿ ਦੌਲਤਿ ਤੁਸਤ,**
**ਯਾਅਨੀ ਸੁਖ਼ਨ ਅਜ਼ ਜ਼ਬਾਨਿ ਹੱਕ ਮੀ ਗੋਈ।**

ਰੱਬ ਤਾਂ ਹਰ ਥਾਂ ਮੌਜੂਦ ਹੈ, ਤੂੰ ਕਿਸ ਨੂੰ ਢੂੰਡਦਾ ਹੈਂ? ਰੱਬ ਦਾ ਮੇਲ ਤਾਂ ਤੇਰਾ ਮਨੋਰਥ ਹੈ, ਤੂੰ ਕਿਧਰ ਭਟਕਦਾ ਪਿਆ ਹੈਂ? ਇਹ ਦੋਵੇਂ ਜਹਾਨ ਤੇਰੀ ਮਾਲਕੀ ਦੇ ਚਿੰਨ੍ਹ ਹਨ, ਅਰਥਾਤ ਤੂੰ ਆਪਣੇ ਬੋਲ ਰੱਬ ਦੀ ਜ਼ਬਾਨ ਰਾਹੀਂ ਹੀ ਬੋਲਦਾ ਹੈਂ।

### ਫੁਟਕਲ ਬੈਂਤ

**ਮਬਰ ਐ ਬਾਦ ਖ਼ਾਕਮ ਅਜ਼ ਦਰਿ ਦੂਸਤ**
**ਦੁਸ਼ਮਨਮ ਸਰਜ਼ਨਸ਼ ਕੁਨਦ ਕਿ ਹਰ ਜਾਈਸਤ॥**

ਐ ਹਵਾ! ਮੇਰੀ ਮਿੱਟੀ ਸੱਜਨ ਦੇ ਦਰਵਾਜ਼ੇ ਤੋਂ ਨਾ ਉਠਾਈਂ, ਨਹੀਂ ਤਾਂ ਵੈਰੀ ਭੰਡੀ ਕਰੇਗਾ ਕਿ ਇਹ ਤਾਂ ਹਰ ਥਾਂਈ ਹੈ।

**ਨੀਸਤ ਗ਼ੈਰ ਅਜ਼ ਆਂ ਸਨਮ ਦਰ ਪਰਦਾਇ ਦੈਰੋ ਹਰਮ**
**ਕੈ ਬਵਦ ਆਤਿਸ਼ਿ ਦੋ ਰੰਗ ਅਜ਼ ਇਖ਼ਤਲਾਫ਼ਿ ਸੰਗ ਹਾ।**

ਉਸ ਪਿਆਰੇ ਤੋਂ ਬਿਨਾਂ ਕਾਅਬੇ ਅਤੇ ਬੁਤਖ਼ਾਨੇ ਵਿਚ ਹੋਰ ਕੋਈ ਨਹੀਂ ਹੈ, ਪੱਥਰਾਂ ਦੇ ਭੇਤ ਕਾਰਣ ਅੱਗ ਦੋ ਰੰਗੀ ਕਿਵੇਂ ਹੋ ਸਕਦੀ ਹੈ?

**ਆਸਮਾਂ ਸਿਜਦਾ ਕੁਨਦ ਪੇਸ਼ਿ ਜ਼ਮੀਂ ਕਿ ਬਰ ਊ**
**ਯੱਕ ਦੋ ਨਫ਼ਸ ਅਜ਼ ਪੈਏ ਜ਼ਿਕਰਿ ਖ਼ੁਦਾ ਬਿਨਸ਼ੀਨੰਦ।**

ਅਸਮਾਨ ਧਰਤ ਦੇ ਸਾਹਮਣੇ ਇਸ ਲਈ ਮੱਥਾ ਟੇਕਦਾ ਹੈ, ਕਿ ਰੱਬ ਦੇ ਭਗਤ ਇਸ ਉੱਪਰ ਇਕ ਦੋ ਪਲ ਲਈ ਰੱਬ ਦਾ ਸਿਮਰਨ ਕਰਨ ਲਈ ਬੈਠਦੇ ਹਨ।

**ਬੇਜ਼ਰਿ ਸਾਇਆਇ ਤੂਬਾ ਮੁਰਾਦ ਹਾ ਯਾਬੀ**
**ਬਜ਼ੇਰ ਸਾਇਆ ਮਰਦਾਨਿ ਹੱਕ ਖ਼ੁਦਾ ਯਾਬੀ॥**

ਕਲਪ ਬ੍ਰਿਛ ਦੀ ਛਾਵੇਂ ਤਾਂ ਤੈਨੂੰ ਦਿਲ ਦੀਆਂ ਮੁਰਾਦਾਂ ਮਿਲਦੀਆਂ ਹਨ, ਪਰ ਰੱਬ ਦੇ ਬੰਦਿਆਂ ਦੀ ਛਾਂ ਹੇਠ ਤੂੰ ਰੱਬ ਨੂੰ ਪ੍ਰਾਪਤ ਕਰ ਲਵੇਂਗਾ।

*ਚਲਦਾ............।'*

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 8. ਜੀਵਨ ਮੁਕਤੀ ਕੇ ਪਾਂਚ ਕਿਸਮ ਕੇ ਆਲ੍ਹਾ ਫਲ

**ਗਿਆਨ ਰਖਸ਼ਾ –** ਕਿਤਨਾ ਵਿਵਹਾਰ ਕਰਨੇ ਪਰ ਭੀ ਈਸ਼ਵਰ ਕੀ ਤਰਹ ਅਪਨੇ ਸਰੂਪ ਕੋ ਭੂਲਤੇ ਨਹੀਂ।

**ਤਪੱਸਿਆ –** ਤ੍ਰਿਸ਼ਨਾ ਵਾਸ਼ਨਾ ਸੇ ਰਹਿਤ ਹੋਣਾ ਹੀ ਪਰਮ ਤਪੱਸਿਆ ਹੈ।

**ਵਿਸਨਾਦ ਅਭਾਵ –** ਕਿਸੀ ਸੇ ਵਾਦ ਵਿਵਾਦ ਨਾ ਕਰਨਾ ਔਰ ਹਠ ਨਾ ਕਰਨਾ।

ਜੀਵਨ ਮੁਕਤੀ ਦਾ ਫਲ ਦੁਖ ਅਭਾਵ ਹੈ। ਕਿਸੀ ਕਿਸਮ ਕਾ ਦੁਖ ਨਾ ਭਾਸਨਾ।

ਹਰ ਵਕਤ ਖੁਸ਼ੀ ਬਨੀ ਰਹਿਨਾ ਯਾਨੀ ਆਨੰਦ ਮੇਂ ਮਸਤ ਰਹਿਨਾ ਹੈ। ਜੀਵਨ ਮੁਕਤ ਪੁਰਸ਼ ਗਿਆਨ ਯੋਗ ਕੇ ਅਭਿਆਸ ਸੇ ਤਮਾਮ ਸੰਸਾਰ ਔਰ ਸੰਸਾਰ ਕੇ ਪਦਾਰਥ, ਸਰੀਰ ਔਰ ਕ੍ਰਿਆ, ਮਨ ਔਰ ਮਨ ਕੇ ਸੰਕਲਪ ਕੋ ਆਤਮ ਸਰੂਪ ਹੀ ਜਾਨਤਾ ਔਰ ਦੇਖਤਾ ਹੈ ਔਰ ਆਤਮਾ ਸਤਿ-ਚਿੱਤ-ਅਨੰਦ ਪੂਰਨ ਹੈ। ਇਸ ਵਾਸਤੇ ਜੀਵਨ ਮੁਕਤ ਪੁਰਸ਼ ਕੋ ਹਰ ਵਕਤ ਖੁਸ਼ੀ ਔਰ ਅਨੰਦ ਬਨਾ ਰਹਿਤਾ ਹੈ।

1. ਜਿਸ ਪੁਰਸ਼ ਨੇ ਭੋਗਾਂ ਅਰ ਭੋਗਾਂ ਦੀ ਅਭਿਲਾਖਾ ਦਾ ਤਿਆਗ ਕੀਤਾ ਹੈ, ਉਸ ਨੂੰ ਜਗਤ ਦੀ ਕਨੌਡ (ਪਰਵਾਹ) ਕੁਛ ਨਹੀਂ ਰਹਿ ਜਾਂਦੀ।

2. ਜਿਸ ਨੇ ਇਕਾਂਤ ਕੀਤਾ ਹੈ ਉਸ ਨੇ ਜਗਤ ਜੰਜਾਲ ਤੋਂ ਛੁਟਕਾਰਾ ਪਾ ਲਿਆ ਹੈ।

3. ਜਿਸ ਨੇ ਉਦਮ ਅਰ ਅਭਿਆਸ ਕੀਤਾ ਹੈ ਉਸ ਨੂੰ ਆਤਮਾਨੰਦ ਦੀ ਪ੍ਰਾਪਤੀ ਜ਼ਰੂਰ ਹੋਗੀ।

4. ਸੰਸਾਰ ਵਿਚ ਦੁਖ ਦਾ ਕਾਰਨ ਅਰ ਜਨਮ ਮਰਨ ਦਾ ਕਾਰਨ ਅਗਿਆਨ ਸਹਿਤ ਮੋਹ ਹੀ ਹੈ, ਤਾਂ ਤੇ ਮੋਹ ਦੇ ਤਿਆਗ ਨਾਲ ਹੀ ਜੀਵਨ ਸੁਖੀ ਹੋ ਜਾਂਦਾ ਹੈ।

## 9. ਸੰਸਾਰ ਸਾਗਰ ਨੂੰ ਤਰਨੇ ਦਾ ਉਪਾਵ

1. ਵੈਰਾਗ 2. ਭਗਤੀ 3. ਗਿਆਨ

ਸਰੀਰਕ ਰਸਾਂ ਦੇ ਤਿਆਗੇ ਬਿਨਾਂ ਸਾਧਨ ਨਹੀਂ ਹੋ ਸਕਦੇ ਅਰ ਵਾਸ਼ਨਾ-ਅਨੰਦ ਤਿਆਗੇ ਬਿਨਾਂ ਆਤਮ ਅਨੰਦ ਨਹੀਂ ਪ੍ਰਾਪਤ ਹੋ ਸਕਦਾ। ਤਾਂ ਤੇ ਜਗਿਆਸੂ ਨੂੰ ਆਤਮਾਨੰਦ ਦੀ ਪ੍ਰਾਪਤੀ ਵਾਸਤੇ ਸਰੀਰਕ ਰਸ-ਕਸ ਅਰ ਉਹਨਾਂ ਦੀ ਵਾਸ਼ਨਾ ਦਾ ਤਿਆਗ ਜ਼ਰੂਰੀ ਹੈ। ਬਚਪਨ ਮੂੜ੍ਹ ਅਵਸਥਾ ਹੁੰਦੀ ਹੈ। ਬ੍ਰਿਧ ਅਵਸਥਾ ਕਮਜ਼ੋਰੀ ਅਰ ਰੋਗਾਂ ਦਾ ਘਰ ਹੁੰਦੀ ਹੈ। ਸਿਰਫ ਯੁਵਾ ਅਵਸਥਾ (ਜਵਾਨ ਅਵਸਥਾ) ਵਿਚ ਹੀ ਸਾਧਨ ਅਰ ਪ੍ਰਮਾਰਥਿਕ ਘਾਲਣਾ ਹੋ ਸਕਦੀ ਹੈ।

### ਚਾਰ ਪ੍ਰਕਾਰ ਦੇ ਭਗਤ ਹੁੰਦੇ ਹਨ

1. ਦੁਨੀਆਂ ਦੇ ਪਦਾਰਥਾਂ ਵਾਸਤੇ ਵਾਹਿਗੁਰੂ ਦੀ ਭਗਤੀ ਕਰਨੀ। ਇਸਤ੍ਰੀ-ਪੁੱਤਰ, ਧਨ-ਜਾਇਦਾਦ, ਇੱਜ਼ਤ-

ਆਬਰੂ ਵਾਸਤੇ। ਇਹ ਪਹਿਲਾ ਦਰਜਾ ਹੈ।

2. ਪ੍ਰਲੋਕ ਸੁਖ (ਸਵਰਗ ਰਾਜ) ਆਦਿਕ ਵਾਸਤੇ ਵਾਹਿਗੁਰੂ ਦੀ ਭਗਤੀ ਕਰਨੀ। ਇਹ ਦੂਜਾ ਦਰਜਾ ਹੈ।

3. ਸਰਬ ਦੁਨਿਆਵੀ ਅਰ ਪ੍ਰਲੋਕ ਸੁਖ ਦੀ ਇੱਛਾ ਤਿਆਗ ਕੇ ਸਿਰਫ ਵਾਹਿਗੁਰੂ ਮਿਲਾਪ ਵਾਸਤੇ ਭਗਤੀ ਕਰਨੀ ਇਹ ਤੀਜਾ ਦਰਜਾ ਹੈ।

4. ਪ੍ਰਮੇਸ਼੍ਵਰ ਨੂੰ ਆਪਣਾ ਸਵਰੂਪ ਜਾਣ ਕੇ ਆਤਮ ਚਿੰਤਨ ਕਰਨਾ ਅਭੇਦਾ ਭਗਤੀ ਹੈ। ਵਾਹਿਗੁਰੂ ਨੂੰ ਅਤਿਸ਼ੈ ਪਿਆਰੀ ਹੈ। ਇਹ ਚੌਥਾ ਦਰਜਾ ਹੈ।

## 10. ਇਕਾਗਰ ਮਨ

ਜਿਤਨੀ ਇਕਾਗਰਤਾ ਜ਼ਿਆਦਾ ਮਨ ਵਿਚ ਵਧੇਗੀ, ਉਤਨੀ ਹੀ ਸ਼ਾਂਤੀ ਅਰ ਸੁਖ ਹੋਵੇਗਾ। ਗੁਰ ਮੰਤਰ ਅਰ ਗੁਰੂ ਸ੍ਵਰੂਪ ਦੇ ਧਿਆਨ ਵਿਚ ਮਨ 12 ਸੈਕਿੰਟ ਟਿਕ ਜਾਵੇ ਤਾਂ ਇਕ ਧਿਆਨ ਹੁੰਦਾ ਹੈ। ਅੱਧਾ ਘੰਟਾ ਅਸਥਿਰ ਹੋਣ ਦਾ ਨਾਮ ਸਮਾਧੀ ਹੈ। ਇਸੀ ਤਰ੍ਹਾਂ ਸਮਾਧੀਆਂ ਕਰਦੇ-ਕਰਦੇ ਬ੍ਰਹਮ-ਧਿਆਨ ਅਰ ਰਿੱਧੀ ਸਿੱਧੀ ਸ਼ਕਤੀਆਂ ਸਹਿਜੇ ਹੀ ਪ੍ਰਾਪਤ ਹੋ ਜਾਂਦੀਆਂ ਹਨ। ਤਾਂ ਤੇ ਜਗਿਆਸੂ ਅਪਨੇ ਸਮੇਂ ਤੋਂ ਪੂਰਾ-ਪੂਰਾ ਲਾਭ ਉਠਾਵੇ।

ਆਤਮਾ ਸਤਿ-ਚਿੱਤ-ਅਨੰਦ ਪੂਰਨ ਹੈ। ਇਸ ਤੋਂ ਉਲਟ ਦੇਹ ਅਸੱਤ, ਜੜ੍ਹ, ਦੁਖ ਰੂਪ ਹੈ ਅਰ ਛਿੰਨ-ਭੰਗਰ ਹੈ। ਅਪਨਾ ਆਪ ਆਤਮਾ ਹੈ। ਅਰ ਦੇਹ ਰੂਪੀ ਘੋੜਾ ਹੈ। ਜੋ ਕੁਝ ਸਮੇਂ ਲਈ ਮਿਲਿਆ ਹੈ। ਫਿਰ ਦੇਹ ਬਿਨਸ ਜਾਵੇਗੀ। ਜਦ ਅਜਿਹਾ ਵੀਚਾਰ ਬੁੱਧ ਵਿਚ ਪੈਦਾ ਹੋ ਜਾਇਆ ਕਰਦਾ ਹੈ ਤਾਂ ਬਿਬੇਕੀ ਪੁਰਸ਼ ਇਸ ਨਾਸ਼ਵੰਤ ਸਰੀਰ ਨੂੰ ਲੇਖੇ ਲਾਉਣਾ ਚਾਹੁੰਦਾ ਹੈ। ਭਜਨ ਸੇਵਾ, ਪਰਉਪਕਾਰ ਅਰਥ ਖਰਚ ਕਰਨਾ ਚਾਹੁੰਦਾ ਹੈ। ਅਨੇਕ ਮੁਸ਼ਕਿਲਾਂ ਨੂੰ ਸਿਰ ਤੇ ਲੈ ਕੇ ਭੀ ਇਸ ਨੂੰ ਸਫਲ ਕਰਨ ਦੀ ਕੋਸ਼ਿਸ਼ ਕਰਦਾ ਹੈ।

*ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥* *ਅੰਗ- ੨੨੦*

## 11. ਪੰਜ ਪ੍ਰਕਾਰ ਦਾ ਭਰਮ ਹੀ ਮੁਕਤੀ ਵਿਚ ਰੁਕਾਵਟ ਹੈ

1. ਭੇਦ ਭਰਮ 2. ਕਰਤੱਤ ਭਰਮ 3. ਸੰਗ ਭਰਮ 4. ਵਿਕਾਰ ਭਰਮ 5. ਤੱਤਵ ਭਰਮ

1. ਭੇਦ ਭਰਮ - ਪ੍ਰਮੇਸ਼ਰ ਮੇਰੇ ਸੇ ਜੁਦਾ ਹੈ ਔਰ ਹੋਰ ਹੈ।

2. ਕਰਤੱਤ ਭਰਮ - ਮੈਂ ਕਰਮ ਕਰਦਾ ਹਾਂ ਔਰ ਇਸ ਦਾ ਫਲ ਨਰਕ ਸੁਰਗ ਆਦਿ ਮੇਂ ਭੋਗੂੰਗਾ।

3. ਸੰਗ ਭਰਮ - ਆਪਣੇ ਆਪ ਨੂੰ ਦੇਹ ਮੰਨ ਕੇ ਇਸ ਦੇ ਸੁਭਾਵ ਅਪਨੇ ਵਿਚ ਸਮਝਣੇ।

4. ਵਿਕਾਰ ਭਰਮ - ਜਗਤ ਨੂੰ ਬ੍ਰਹਮ ਦਾ ਵਿਕਾਰ ਮੰਨ ਕੇ ਇਸ ਤੋਂ ਨਿਆਰਾ ਸਮਝਣਾ।

5. ਤੱਤਵ ਭਰਮ - ਜੈਸੇ ਬ੍ਰਹਮ ਸਤਿ ਹੈ ਵੈਸੇ ਸੰਸਾਰ ਭੀ ਸਤਿ ਹੈ। ਜਗਤ ਨੂੰ ਹਰੀ ਰੂਪ ਨ ਮੰਨਣਾ। ਜਦ ਗੁਰੂ ਦੀ ਕ੍ਰਿਪਾ ਦੁਆਰਾ ਬ੍ਰਹਮ ਵਿਚਾਰ ਨਾਲ ਪੰਜ ਪ੍ਰਕਾਰ ਦਾ ਭਰਮ ਨਸ਼ਟ ਹੋ ਜਾਵੇ ਤਾਂ ਜੀਵ-ਆਤਮਾ ਆਪਣੀ ਮੁਕਤ ਅਵਸਥਾ ਵਿਚ ਸਥਿਤ ਹੋ ਜਾਂਦਾ ਹੈ।

*'ਚਲਦਾ.......................।'*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-55)*

### ਚੇਤਨਾ ਦੀਆਂ ਅਵਸਥਾਵਾਂ

ਮੈਡੀਟੇਸ਼ਨ ਦੀਆਂ ਵੱਖ-ਵੱਖ ਸੰਪਰਦਾਇ, ਸਰੀਰ ਦੀ ਗੱਲ ਕਰਦੀਆਂ ਹਨ, ਮਨ ਦੀ ਗੱਲ ਕਰਦੀਆਂ ਹਨ, ਮਨ ਦੀ ਗੱਲ ਕਰਦੀਆਂ ਹਨ, ਚਿੱਤ ਦੀ ਗੱਲ ਕਰਦੀਆਂ ਹਨ। ਦਸਦੇ ਹਨ ਤੁਹਾਡਾ ਸਰੀਰ ਹੈ ਪਰ ਉਹ ਸਰੀਰ ਨਹੀਂ, ਜਦੋਂ ਤੁਸੀਂ ਘੋਖਣ ਲਗਦੇ ਹੋ, ਦੇਖਣ ਲਗਦੇ ਹੋ, ਤੁਸੀਂ ਦੇਖਦੇ ਹੋ ਤੁਸੀਂ ਸਾਹ ਲੈਂਦੇ ਹੋ। ਫੇਰ ਦੇਖਦੇ ਹੋ ਕਿ ਤੁਸੀਂ ਸੋਚਦੇ ਹੋ। ਜਦੋਂ ਸੋਚ ਨੂੰ ਦੇਖਦੇ ਹੋ ਕਿ ਕਿਸੇ ਸੀਮਾ ਤਕ ਹੀ ਸੋਚਦੇ ਹੋ, ਫੇਰ ਉਸ ਤੋਂ ਬਾਦ ਤੁਸੀਂ ਸੁਪਨੇ ਦੇਖਣੇ ਸ਼ੁਰੂ ਕਰਦੇ ਹੋ। ਇਕ ਸਮਾਂ ਐਸਾ ਆਉਂਦਾ ਹੈ ਕਿ ਤੁਸੀਂ ਹੋਰ ਡੂੰਘੇ ਚਲੇ ਜਾਂਦੇ ਹੋ। ਅਚੇਤ ਮਨ ਦੀ ਅਵਸਥਾ ਵਿਚ ਨੀਂਦ ਵਿਚ ਚਲੇ ਜਾਂਦੇ ਹੋ। ਤੁਹਾਡੇ ਮਨ ਦੀਆਂ ਤਿੰਨ ਅਵਸਥਾ ਹਨ, ਜਾਗਤ, ਸੁਫਨ, ਤੇ ਨੀਂਦ। ਚੇਤਨ ਮਨ ਨੂੰ ਤਾਂ ਸੋਧਿਆ ਜਾ ਰਿਹਾ ਹੈ, ਪਰ ਅਚੇਤ ਮਨ ਨੂੰ ਸੋਧਣ ਦੀ ਕੋਈ ਵਿਵਸਥਾ ਨਹੀਂ। ਨਾ ਹੀ ਉਸ ਨੂੰ ਸੋਧਿਆ ਜਾਂਦਾ ਹੈ। ਬਹੁਤ ਸਾਰੇ ਲੋਕਾਂ ਨੂੰ ਦੇਖਣਾ, ਘੋਖਣਾ ਤੇ ਸਮਰਥਨਯੋਗ ਬਣਾਇਆ ਜਾਂਦਾ ਹੈ ਜਿਹੜਾ ਸਭ ਕੁਝ ਬਾਹਰੀ ਸੰਸਾਰ ਦੇ ਯੋਗ ਹੈ। ਪਰ ਲੋਗ, ਅੰਤਰਮੁਖੀ ਹੋ ਕੇ ਆਪਣੇ ਆਪ ਨੂੰ ਸਮਝਣਾ ਨਹੀਂ ਜਾਣਦੇ।

ਸੌਣਾ ਤੇ ਸੁਪਨੇ ਲੈਣੇ ਕੋਈ ਨਹੀਂ ਸਿਖਾਉਂਦਾ। ਸੌਂਦੇ ਹੋ ਤਾਂ ਕੀ ਹੁੰਦਾ ਹੈ। ਸੁਪਨੇ ਦੇਖਦੇ ਹੋ ਤਾਂ ਕੀ ਹੁੰਦਾ ਹੈ। ਸਾਡੇ ਮਨ ਦਾ ਬਹੁਤ ਹੀ ਛੋਟਾ ਜਿਹਾ ਭਾਗ ਹੀ ਸਿਖਿਅਤ ਕੀਤਾ ਜਾਂਦਾ ਹੈ, ਸਿਖਿਆ ਕੇਵਲ ਛੋਟੇ ਜਿਹੇ ਉਸ ਭਾਗ ਨੂੰ ਦੇਖਦੀ ਹੈ। ਕੋਈ ਨਹੀਂ ਸਿਖਾਉਂਦਾ, ਦਸਦਾ ਕਿ ਤੁਸੀਂ, ਚੇਤਨ, ਸੁਪਨੇ ਤੇ ਨੀਂਦ ਦੀ ਅਵਸਥਾ ਤੋਂ ਉਪਰ, ਪਰੇ ਕਿਸ ਤਰ੍ਹਾਂ ਜਾਣਾ ਹੈ। ਜੇਕਰ ਤੁਸੀਂ ਇਹਨਾਂ ਤਿੰਨਾਂ ਅਵਸਥਾ ਤੋਂ ਪਰ੍ਹੇ, ਇਹਨਾਂ ਤੋਂ ਉਪਰ ਨਹੀਂ ਜਾਂਦੇ ਹਾਂ ਤੁਸੀਂ ਅਚੇਤ ਮਨ ਨਾਲ ਨਹੀਂ ਜੁੜ ਸਕਦੇ। ਜੇਕਰ ਤੁਸੀਂ ਆਪਣੇ ਆਪ ਨੂੰ ਸਮਝਣਾ ਚਾਹੁੰਦੇ ਹੋ, ਤਾਂ ਮੈਡੀਟੇਸ਼ਨ ਵਿਚ ਸਮਾਂ ਲਗਾਉਣ ਦੀ ਲੋੜ ਹੈ ਪਰ ਜੇਕਰ ਤੁਹਾਨੂੰ ਮੈਡੀਟੇਸ਼ਨ ਕਰਨ ਦਾ ਤਰੀਕਾ ਨਹੀਂ ਪਤਾ ਤਾਂ ਮੈਡੀਟੇਸ਼ਨ ਅਜਾਈਂ ਨਾ ਕਰੇ, ਸਮਾਂ ਬਰਬਾਦ ਨਾ ਕਰੇ। ਜੇਕਰ ਤੁਸੀਂ ਚੁੱਪ ਕਰਕੇ ਬੈਠਣਾ ਸਿਖ ਲੈਂਦੇ ਹੋ, ਡੂੰਘੇ ਸਵਾਸ ਲੈਣਾ ਸਿੱਖ ਲੈਂਦੇ ਹੋ, ਬੜੀ ਪਿਆਰ ਨਾਲ ਹੌਲੀ ਜਿਹੀ ਆਪਣੇ ਵਿਚਾਰਾਂ ਨੂੰ ਰੋਕ ਲੈਂਦੇ ਹੋ ਤਾਂ ਵੀ ਤੁਸੀਂ ਬਹੁਤ ਅੱਛਾ ਹੀ ਨਹੀਂ ਕਰ ਰਹੇ, ਤੁਸੀਂ ਪੂਰੀ ਤਰ੍ਹਾਂ ਨਾਲ ਆਪਣੇ ਆਪ ਨੂੰ ਹਲਕਾ ਕਰ ਲੈਂਦੇ ਹੋ। ਡੂੰਘੀ ਅਵਸਥਾ 'ਤੇ ਉਪਰ ਉਠਣਾ ਤੁਹਾਨੂੰ ਆਤਮ ਸਿੱਧੀ ਤੇ ਲੈ ਜਾਂਦਾ ਹੈ।

ਮੈਡੀਟੇਸ਼ਨ ਸ਼ੁਰੂ ਕਰਨ ਦੇ ਦੋ ਤਰੀਕੇ ਹਨ, ਇਕ ਹੈ ਤੁਹਾਨੂੰ ਪਤਾ ਹੋਵੇ, ਫੇਰ ਤੁਸੀਂ ਉਸ ਰਸਤੇ ਤੇ ਚਲੋ। ਦੂਸਰਾ ਤਰੀਕਾ ਹੈ ਅਭਿਆਸ ਸ਼ੁਰੂ ਕਰੋ, ਫੇਰ ਅਨੁਭਵ ਨਾਲ ਸੱਤ ਦਾ ਪਤਾ ਲਗ ਜਾਂਦਾ ਹੈ। ਪਹਿਲਾ ਤਰੀਕਾ ਦਸਦਾ ਹੈ ਕਿ ਪੁਸਤਕਾਂ ਪੜ੍ਹ ਕੇ ਬਹੁਤ ਸਾਰੀ ਜਾਣਕਾਰੀ, ਸੁਣ ਕੇ ਅਧਿਆਪਕਾ ਕੋਲੋਂ, ਗੁਰੂਆਂ ਕੋਲੋਂ ਸੁਣ ਕੇ ਤੁਸੀਂ ਇਕ ਮਾਰਗ ਤੇ ਚਲਦੇ ਹੋ। ਦੂਸਰੇ ਦਸਦੇ ਹਨ ਕਿ ਅਭਿਆਸ ਸ਼ੁਰੂ ਕਰੋ, ਫੇਰ ਤਜਰਬਾ ਤੁਹਾਡਾ ਮਾਰਗ ਦਰਸ਼ਨ ਕਰੇਗਾ। ਵਾਸਤਵ ਵਿਚ ਦੋਨੋਂ ਤਰੀਕਿਆਂ ਨੂੰ ਇਕੱਠੇ ਕਰਕੇ ਹੀ ਚਲਣਾ ਚਾਹੀਦਾ ਹੈ। ਸਿੱਖ ਕੇ ਅੱਗੇ ਚੱਲੋ, ਅਭਿਆਸ ਵੀ ਕਰੋ। ਸੰਸਾਰ ਦਾ ਸਫਰ ਕਰਦਿਆਂ ਕੋਈ ਵੀ ਖੁਸ਼ ਨਹੀਂ। ਮੈਡੀਟੇਸ਼ਨ ਬਾਹਰ ਦਾ ਮਾਰਗ ਨਿਖੇਧਦਾ ਨਹੀ ਬਾਹਰ ਦੇ ਮਾਰਗ 'ਤੇ ਬਹੁਤ ਸਾਰੇ ਸਾਧਨ ਹਨ, ਪਰ ਇਹ ਕਾਫੀ ਨਹੀਂ। ਜੇਕਰ ਕੋਈ ਵੀ ਬਾਹਰੀ ਮਾਰਗ 'ਤੇ ਚੱਲ ਕੇ ਪ੍ਰਾਪਤੀ ਕਰਨਾ ਚਾਹੁੰਦਾ ਹੈ, ਉਹ ਗਲਤ ਮਾਰਗ ਤੇ ਚਲ ਰਿਹਾ ਹੈ।

ਨਿਯਮ ਅਨੁਸਾਰ ਮੈਡੀਟੇਸ਼ਨ ਤੁਹਾਨੂੰ ਚੇਤਨਾ ਦੇ ਸਰੋਤ 'ਤੇ ਲੈ ਜਾਂਦੀ ਹੈ, ਅਨੁਭਵ ਨਾਲ ਇਕ ਤੋਂ ਬਾਅਦ ਇਕ ਪੱਧਰ ਪਾਰ ਕਰਦੇ ਹੋਏ ਤੁਸੀਂ ਚੇਤਨਾ 'ਤੇ ਪਹੁੰਚ ਜਾਂਦੇ ਹੋ। ਜਦੋਂ ਵੀ ਮਨ ਇਕ ਤੋਂ ਦੂਸਰੇ ਪੱਧਰ 'ਤੇ ਜਾਂਦਾ ਹੈ, ਉਦੋਂ ਇਕ ਨਵਾਂ ਅਨੁਭਵ ਹੁੰਦਾ ਹੈ, ਮਨ ਹੈਰਾਨ ਹੀ ਨਹੀਂ ਹੁੰਦਾ, ਪਰੇਸ਼ਾਨ ਵੀ ਹੋ ਜਾਂਦਾ ਹੈ। ਮਨ ਤਾਂ ਪਹਿਲੇ ਹੀ ਪਰੇਸ਼ਾਨ ਹੈ। ਸੋ ਪਰੇਸ਼ਾਨੀ ਤੋਂ ਘਬਰਾਣਾ ਨਹੀਂ ਚਾਹੀਦਾ। ਘਬਰਾ ਕੇ ਛੱਡਣਾ ਨਹੀਂ

ਚਾਹੀਦਾ। ਲੋੜ ਹੈ ਚੇਤਨਾ ਦੇ ਵੱਖ-ਵੱਖ ਪੱਧਰਾਂ ਨੂੰ ਸਮਝਣ ਦੀ। ਇਹ ਮਾਰਗ ਤੁਹਾਨੂੰ ਪਰਮਾਤਮਾ ਨੂੰ ਸਮਝਣ ਜਾਂ ਤੁਹਾਨੂੰ ਪਰਮਾਤਮਾ ਪ੍ਰਾਪਤੀ ਦਾ ਵਾਦਾ ਨਹੀਂ ਕਰਦਾ। ਵਾਸਤਵ ਵਿਚ ਇਸ ਸ਼ਬਦ ਨੂੰ ਕਿਸੇ ਨੇ ਪੜਚੋਲਿਆ ਹੀ ਨਹੀਂ, ਲੋਕ ਸਦੀਆਂ ਤੋਂ ਪਰਮਾਤਮਾ ਪ੍ਰਾਪਤੀ ਦਾ ਇੰਤਜ਼ਾਰ ਕਰ ਰਹੇ ਹਨ। ਆਪਣੇ ਆਪ ਲਈ ਸੰਤਾਪ ਇਕੱਠਾ ਕਰਕੇ ਉਸ ਵਿਚ ਰਹੀ ਜਾ ਰਹੇ ਹਨ। ਵਾਸਤਵ ਵਿਚ ਸੱਤ ਨੂੰ ਸਮਝਣ ਦੀ ਕੋਈ ਕੋਸ਼ਿਸ਼ ਹੀ ਨਹੀਂ ਕਰ ਰਿਹਾ। ਮੈਡੀਟੇਸ਼ਨ ਕਰਕੇ ਕੁਛ ਵੀ ਐਸੀ ਪ੍ਰਾਪਤੀ ਨਹੀਂ ਹੋਣ ਲੱਗੀ ਜਿਹੜਾ ਤੁਹਾਡੇ ਕੋਲ ਨਹੀਂ। ਮੈਡੀਟੇਸ਼ਨ ਨਾਲ ਤੁਸੀਂ ਆਪਣੇ ਆਪ ਨੂੰ ਇਕ ਤੋਂ ਦੂਸਰੇ ਪੱਧਰ 'ਤੇ ਲੈ ਜਾਂਦੇ ਹੋ। ਲੋਕ ਆਪਣੇ ਆਪ ਨੂੰ ਇਕੋ ਪੱਧਰ ਤੇ ਜਾਣਦੇ ਹਨ। ਇਸ ਕਰਕੇ ਉਹ ਆਪਣੇ ਆਪ ਨੂੰ ਛੋਟਾ ਸਮਝਦੇ ਹਨ। ਇਕ ਸੀਮਾ ਦੇ ਅੰਦਰ ਸਮਝਦੇ ਹਨ, ਪਰੇਸ਼ਾਨ ਹਨ, ਆਪਣੇ ਆਪ ਨੂੰ ਨਫਰਤ ਕਰਦੇ ਹਨ, ਪਰ ਮੈਡੀਟੇਸ਼ਨ ਦਸਦੀ ਹੈ ਕਿ ਇਹ ਆਪਾ ਬਾਹਰੀ ਇਹ ਐਨਾ ਹੀ ਨਹੀਂ। ਫੇਰ ਇਹ ਗਿਆਨ ਹੁੰਦਾ ਹੈ ਕਿ ਸਤ ਤੇ ਤੁਹਾਡੇ ਵਿਚ ਕੋਈ ਅੰਤਰ ਨਹੀਂ, ਇਹ ਗਿਆਨ ਹੀ ਤੁਹਾਨੂੰ ਦਸਦਾ ਹੈ ਕਿ ਮੈਂ ਹੀ ਉਹ ਹਾਂ।

## ਸਫਲ ਜੀਵਨ ਜੀਉਣ ਦੀਆਂ ਕੁੰਜੀਆਂ

ਹਰ ਕੋਈ ਜੀਵਨ ਵਿਚ ਸਫਲ ਹੋਣਾ ਚਾਹੁੰਦਾ ਹੈ ਪਰ ਸਫਲਤਾ ਦੀਆਂ ਕੁੰਜੀਆਂ ਕਿਥੇ ਹਨ? ਕੀ ਸਾਨੂੰ ਕੁੰਜੀਆਂ ਢੂੰਡਣ ਲਈ ਬਾਹਰ ਜਾਣ ਦੀ ਲੋੜ ਹੈ, ਜਾਂ ਸਾਡੇ ਕੋਲ ਸਮਰਥਾ ਹੈ, ਅਸੀਂ ਸਮਰੱਥ ਹੋ। ਜਦੋਂ ਅਸੀਂ ਸੋਚਣ ਲਗਦੇ ਹਾਂ ਤਾਂ ਅਸੀਂ ਦੇਖਦੇ ਹਾਂ ਜੀਵਨ ਦੇ ਦੋ ਪੱਖ ਹਨ। ਸਾਡੇ ਅੰਦਰ ਦਾ ਜੀਵਨ, ਸਾਡੇ ਬਾਹਰ ਦਾ ਜੀਵਨ, ਅਸੀਂ ਦੇਖਦੇ ਹਾਂ ਕਿ ਦੋਨੋਂ ਪੱਖ ਬੜੇ ਮਹੱਤਵਪੂਰਨ ਹਨ। ਜੇਕਰ ਤੁਸੀਂ ਸੰਸਾਰ ਛੱਡ ਵੀ ਦਿਤਾ ਹੈ, ਸੰਨਿਆਸ ਲੈ ਲਿਆ ਹੈ, ਸਭਿਅਤਾ ਤੋਂ ਦੂਰ ਹੋ ਗਏ ਹੋ, ਕਿਤੇ ਦੂਰ ਜੰਗਲ ਵਿਚ ਰਹਿ ਰਹੇ ਹੋ, ਕੁਛ ਨਹੀਂ ਕਰ ਰਹੇ ਹੋ, ਕੇਵਲ ਮੈਡੀਟੇਸ਼ਨ ਹੀ ਕਰ ਰਹੇ ਹੋ ਤਾਂ ਵੀ ਤੁਸੀਂ ਬਾਹਰ ਦੇ ਜੀਵਨ ਨੂੰ ਪਾਸੇ ਨਹੀਂ ਕਰ ਸਕਦੇ, ਅਣਡਿੱਠਾ ਨਹੀਂ ਕਰ ਸਕਦੇ। ਸਾਨੂੰ ਦੇਖਣਾ ਪਵੇਗਾ, ਅਸੀਂ ਕੀ ਖਾਣਾ ਹੈ, ਆਪਣੇ ਆਪ ਨੂੰ ਸਾਫ ਸੁਥਰਾ ਰਖਣਾ ਹੈ, ਆਪਣੀ ਮੈਡੀਟੇਸ਼ਨ ਸਮੇਂ ਸਿਰ ਕਰਨੀ ਹੈ। ਸੋ ਬਾਹਰ ਦਾ ਜੀਵਨ ਓਨਾ ਹੀ ਮਹੱਤਵਪੂਰਣ ਹੈ ਜਿੰਨਾਂ ਅੰਦਰ ਦਾ। ਜੇ ਕਿਸੇ ਨੇ ਸੰਸਾਰ ਛੱਡ ਵੀ ਦਿਤਾ ਹੈ ਤਾਂ ਵੀ ਸਮਝਣ ਦੀ ਲੋੜ ਹੈ, ਉਸ ਨੂੰ ਵੀ ਸਬੰਧ ਸਮਝਣ ਦੀ ਲੋੜ ਹੈ ਕਿਉਂਕਿ ਜੀਵਨ ਇਕ ਸਬੰਧ ਹੈ, ਇਕ ਰਿਸ਼ਤਾ ਹੈ। ਸਰੀਰ ਸੁਆਸਾਂ ਨਾਲ ਜੁੜਿਆ ਹੋਇਆ ਹੈ, ਸੁਆਸ ਮਨ ਨਾਲ ਜੁੜੇ ਹੋਏ ਹਨ। ਸਰੀਰ, ਸੁਆਸ, ਇੰਦਰੀਆਂ, ਮਨ ਸਾਰੇ ਇਕ ਸਾਰ ਹੋ ਕੇ ਕੰਮ ਕਰਦੇ ਹਨ। ਸੋ ਜੀਵਨ ਦੇ ਅਰਥ ਹੀ ਸਬੰਧ ਹਨ, ਰਿਸ਼ਤੇ ਹਨ। ਜੀਉਣ ਦੀ ਕਲਾ ਲਈ ਸਮਝ ਦੀ ਲੋੜ ਹੈ, ਰਿਸ਼ਤਿਆਂ ਨੂੰ ਸਮਝਣ ਦੀ ਲੋੜ ਹੈ, ਬਾਹਰ ਦੇ ਸੰਸਾਰ ਨਾਲ ਸਬੰਧ ਨੂੰ ਸਮਝਣ ਦੀ, ਜਾਨਣ ਦੀ ਲੋੜ ਹੈ। ਆਪਣੇ ਆਪ ਨਾਲ ਰਿਸ਼ਤੇ ਨੂੰ ਜਾਨਣ ਦੀ, ਸਮਝਣ ਦੀ ਲੋੜ ਹੈ।

ਸਾਰਿਆਂ ਦੇ ਅੰਦਰ ਗੁਣ ਹੁੰਦੇ ਹਨ, ਸਮਰਥਾ ਹੁੰਦੀ ਹੈ। ਹਾਂ ਇਹ ਗੱਲ ਵਖਰੀ ਹੈ ਬਹੁਤਿਆਂ ਨੂੰ ਪਤਾ ਹੁੰਦਾ ਹੈ ਆਪਣੇ ਅੰਦਰ ਦੇ ਗੁਣਾਂ ਦਾ। ਬਹੁਤਿਆਂ ਨੂੰ ਪਤਾ ਨਹੀਂ ਹੁੰਦਾ। ਉਹ ਆਪਣੇ ਗੁਣਾਂ ਨੂੰ ਵਰਤਣਾ ਨਹੀਂ ਜਾਣਦੇ, ਨਾ ਹੀ ਆਪਣੇ ਜੀਵਨ ਨੂੰ ਸਫਲ ਕਰਨਾ ਜਾਣਦੇ ਹਨ। ਜਿਹੜੇ ਲੋਕ ਆਪਣੇ ਆਪ ਨਾਲ ਅੰਦਰੋਂ ਖੁਸ਼ ਨਹੀਂ, ਉਹ ਬਾਹਰੋਂ ਖੁਸ਼ ਹੋ ਹੀ ਨਹੀਂ ਸਕਦੇ। ਜਿਹੜੇ ਆਪਣੇ ਅੰਦਰ ਖੁਸ਼ ਨਹੀਂ ਉਹ ਦੂਸਰਿਆਂ ਨੂੰ ਖੁਸ਼ ਨਹੀਂ ਕਰ ਸਕਦੇ। ਜਿਹੜੇ ਆਪਣੇ ਆਪ ਨਾਲ ਪਿਆਰ ਨਹੀਂ ਕਰਦੇ, ਉਹ ਦੂਸਰਿਆਂ ਨਾਲ ਪਿਆਰ ਨਹੀਂ ਕਰ ਸਕਦੇ।

ਜੇਕਰ ਅਸੀਂ ਖੁਸ਼ ਹੀ ਨਹੀਂ, ਅਸੀਂ ਜੀਵਨ ਵਿਚ ਸਫਲ ਕਿਸ ਤਰ੍ਹਾਂ ਹੋ ਸਕਦੇ ਹਾਂ। ਸਫਲਤਾ ਤਾਂ ਸਾਡੀ ਖੁਸ਼ੀ ਵਿਚ ਹੈ। ਖੁਸ਼ੀ ਦੀਆਂ ਕੁੰਜੀਆਂ ਸਾਡੇ ਅੰਦਰ ਹਨ ਪਰ ਸਾਡੀ ਅੱਜ ਦੀ ਸਿਖਿਆ ਸਾਨੂੰ ਦਸਦੀ ਹੀ ਨਹੀਂ, ਸਿਖਾਉਂਦੀ ਹੀ ਨਹੀਂ, ਅਸੀਂ ਉਹਨਾਂ ਨੂੰ ਕਿਸ ਤਰ੍ਹਾਂ ਲੱਭੀਏ। ਜੇਕਰ ਕੁਝ ਇਕ ਫਾਰਮੂਲਿਆਂ ਦਾ ਅਭਿਆਸ ਕੀਤਾ ਜਾਵੇ ਤਾਂ ਜੀਵਨ ਸਫਲ ਬਣ ਸਕਦਾ ਹੈ। ਮੈਂ ਇਹ ਫਾਰਮੂਲੇ ਨਹੀਂ ਬਣਾਏ ਪਰ ਇਹ ਦੇਖ ਕੇ, ਘੋਖ ਕੇ ਅਭਿਆਸ ਨਾਲ ਆਏ ਹਨ। ਪੰਜ ਨੁਕਤੇ ਯਾਦ ਰੱਖਣ ਦੇ ਯੋਗ ਹਨ, ਨੰਬਰ ਇਕ ਸਮੇਂ ਸਿਰ ਫੈਸਲਾ ਕੀਤਾ ਜਾਵੇ, ਨੰਬਰ ਦੋ ਆਪਣੀਆਂ ਆਦਤਾਂ ਬਾਰੇ ਕਿਵੇਂ ਜਾਣੂੰ ਹੋਣਾ ਹੈ, ਨੰਬਰ ਤਿੰਨ ਬਾਹਰੀ ਸੰਸਾਰ ਵਿਚ ਕਿਸ ਤਰ੍ਹਾਂ ਵਿਚਰਨਾ ਹੈ, ਨੰਬਰ ਚਾਰ ਕਿਸ ਤਰ੍ਹਾਂ ਦਾ ਰਵੱਈਆ ਰਖਣਾ ਹੈ, ਮਨੋਬਿਰਤੀ ਰੱਖਣੀ ਹੈ। ਪੰਜਵਾਂ ਖੁਸ਼ੀ ਪ੍ਰਸੰਨਤਾ ਕਿਥੋਂ ਪ੍ਰਾਪਤ ਕਰਨੀ ਹੈ, ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਲਈ ਸਾਨੂੰ ਇਹ ਨੁਕਤੇ ਸਿੱਖ ਕੇ ਵਰਤਣੇ ਚਾਹੀਦੇ ਹਨ।

*'ਚਲਦਾ........।'*

*(ਪੰਨਾ 35 ਦੀ ਬਾਕੀ)*

ਮਰਦਾਨਾ - ਜੀ ਹਾਂ।

ਸੂਰਤ - ਨਹੀਂ ਤੂੰ ਤ੍ਰੀਮਤ ਹੈਂ!

ਮਰਦਾਨਾ - ਜੀ ਹਾਂ।

ਸੂਰਤ - ਤੂੰ ਮੇਢਾ ਹੈਂ?

ਮਰਦਾਨਾ - ਜੀ ਹਾਂ।

ਮੇਢੇ ਦੀ ਬੋਲੀ ਬੋਲ!

ਮਰਦਾਨੇ ਨੇ ਮਕਿਆਉਣ ਦੀ ਬੋਲੀ ਬੋਲੀ।

ਸੂਰਤ - ਹਾਂ ਸ਼ਾਬਾਸ਼ੇ, ਬੈਠਾ ਰਹੁ ਤੇ ਬੁੱਲੇ ਲੁੱਟ।

(ਸਹੀਆਂ ਵਲ ਤੱਕ ਕੇ) ਆਇਆ ਸੀ ਏਥੇ ਭਾਰਾ ਚੌਧਰੀ, ਸਵੇਰ ਦਾ ਖਪਾ ਮਾਰਿਆ ਸੂ ਸਾਰੇ ਘਰ ਨੂੰ।

ਇਸ ਵੇਲੇ ਇਸ ਦਲਾਨ ਵਿਚ ਸੂਰਜ ਦਾ ਚਾਨਣਾ ਖੁੱਲ੍ਹਾ ਪੈ ਰਿਹਾ ਸੀ, ਰਾਤ ਦਾ ਸਾਮਾਨ ਲੋਪ ਕਰ ਦਿਤਾ ਗਿਆ ਸੀ, ਦਾਸ ਦਾਸੀਆਂ ਹਾਜ਼ਰ ਖੜ੍ਹੇ ਸਨ, ਸਾਰੇ ਗੋਡੇ ਟੇਕ ਕੇ ਮੱਥੇ ਟੇਕ ਰਹੇ ਸਨ ਤੇ ਗਾਉਂ ਰਹੇ ਸਨ-

*ਧੰਨ ਨੂਰੰਸ਼ਾਹ ਨੂਰਨ, ਧੰਨ ਤੈਂ ਸਰਕਾਰ ਹੈ।*
*ਧੰਨ ਹੈਂ ਤੂੰ ਧੰਨ ਰਾਣੀ! ਧੰਨ ਤੈਂ ਦਰਬਾਰ ਹੈ।*

ਜੋ ਇਸ ਘਰ ਦੇ ਅਸਰ ਤੋਂ ਬੇ-ਅਸਰ ਰਹਿਣ ਵਿਚ ਅੱਜ ਮਰਦਾਨੇ ਨੇ ਤਾਕਤ ਦਿਖਾਈ ਸੀ ਉਹ ਅੱਗੇ ਕਦੇ ਕਿਸੇ ਨਹੀਂ ਦਿਖਾਈ ਸੀ। ਅੱਗੇ ਨੂਰ ਸ਼ਾਹ ਅਰਥਾਤ ਉਹ ਮੋਹਣੀ ਮੂਰਤ, ਜਿਸ ਨੇ ਮਰਦਾਨੇ ਨੂੰ ਆਪਣੀ ਤ੍ਰਾਟਕ ਸ਼ਕਤੀ ਨਾਲ ਸ਼ਿਕਾਰ ਕੀਤਾ ਹੈ ਬਹੁਤ ਗੁੱਸੇ ਵਿਚ ਸੀ ਕਿ ਇਹ ਕੋਣ ਆਦਮੀ ਆ ਵੜਿਆ ਹੈ ਕਿ ਜਿਸ ਤੇ ਸਾਡਾ ਅਸਰ ਨਹੀਂ ਪੈ ਰਿਹਾ ਤੇ ਇਸ ਤੌਖਲੇ ਵਿਚ ਸੀ ਕਿ ਜੇ ਕਿਤੇ ਇਹ ਸੁੱਕਾ ਨਿਕਲ ਗਿਆ ਤਾਂ ਸਾਰੇ ਚੇਲੇ ਚੇਲੀਆਂ ਪਰ ਬੇ-ਰੋਅਬੀ ਹੋ ਜਾਏਗੀ। ਹੁਣ ਕਾਮਯਾਬ ਹੋ ਕੇ ਸ਼ਿਕਾਰ ਮਾਰ ਕੇ ਨੂਰਸ਼ਾਹ ਆਕੜ ਰਹੀ ਹੈ ਅਰ ਸਾਰੇ ਮੰਦਰ ਵਿਚ ਵਾਹਵਾ ਹੋ ਰਹੀ ਹੈ।

ਮਰਦਾਨੇ ਗਰੀਬ ਦੀ ਇਹ ਦਸ਼ਾ ਹੈ ਕਿ ਉਸ ਨੂੰ ਆਪਣੇ ਆਪ ਦੀ ਸੁੱਧ ਉੱਕੀ ਨਹੀਂ। ਚੁੰਬਕ ਦੇ ਮਗਰ ਜਿੱਕੁਰ ਲੋਹਾ ਜਾਂਦਾ ਹੈ ਉਹਦੇ ਹੁਕਮ ਦੇ ਮਗਰ ਜਾਂਦਾ ਹੈ। ਜੋ ਉਹ ਕਹੇ ਸੋ ਕਹਿੰਦਾ ਤੇ ਕਰਦਾ ਹੈ। ਏਥੋਂ ਤਾਂਈਂ ਕਿ ਉਹ ਮਿਰਚਾਂ ਖੁਆ ਕੇ ਕਹਿੰਦੀ ਹੈ ਛੁਹਾਰੇ ਹਨ ਤਾਂ ਉਹ ਕਹਿੰਦਾ ਹੈ ਬੜੇ ਮਿੱਠੇ ਹਨ ਤੇ ਛੁਹਾਰਾ ਦੇ ਕੇ ਆਖਦੀ ਹੈ ਕਿ ਇਹ ਕੌੜਾ ਹੈ ਤਾਂ ਉਸ ਨੂੰ ਕੌੜਾ ਲਗਦਾ ਹੈ ਤੇ ਥੂ-ਥੂ ਕਰਦਾ ਹੈ।

*'ਚਲਦਾ..........।*

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਪੂਰਨਮਾਸ਼ੀ - (9 ਫਰਵਰੀ, ਦਿਨ ਐਤਵਾਰ-ਰਤਵਾੜਾ ਸਾਹਿਬ)**

**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**

**ਫੱਗਣ - ਸੰਗਰਾਂਦ-13 ਫਰਵਰੀ, ਦਿਨ ਵੀਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861100000008 RTGS/IFSC Code - PSIB0021286**
**Branch Code - C1286, Branch Name - Chaharmajra**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005 RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900, SWIFT CODE - PUNBINBBMOH**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ

ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

***Foreign Membership***

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾAddress.......................................................................................

.............................................................................................................

............................Pin Code........................................Phone........................ E-mail :.............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | ਮੰਗਲਵਾਰ ਅਤੇ ਵੀਰਵਾਰ |
| 6. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | |
| 7. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 8. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 9. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 10. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 11. | ਡਾ. ਜਿੰਦਲ | ਜਨਰਲ ਮੈਡੀਸਨ | " |
| 12. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 13. | ਡਾ. ਕੁਲਦੀਪ ਕੌਰ | ਦੰਦਾਂ ਦੇ ਸਪੈਸ਼ਲਿਸਟ | ਮੰਗਲਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਓ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| English Version | | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/- |
| 17. | The Story of Immortality (**ਅਮਰ ਗਾਥਾ**) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861100000008**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# The Discourse of Sant Ji - Part 3

*Sant Waryam Singh Ji*

*(Continued from P. 77, issue Jan., 2020)*

*Nanak, God's Name is ever exalting,*
*And may all prosper by Thy grace, O Lord.*
*ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਕਾ ਭਲਾ।*
*The sharp weapon cleaves the tree*
*But it grumbles not,*
*And serves him who harms it*
*And blames him not the least*
*O my mind utter ever the Name of the Lord*
*For the God is compassionate, merciful and sustainer*
*And listen that too is the nature of Saints.*
*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ।।*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ।।*
*ਮਨ ਮੇਰੇ ਰਾਮ ਰਉ ਨਿਤ ਨੀਤਿ।।*
*ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ।।*
*ਅੰਗ - 1017*

**The second example is of the boat or the ship. Suppose one has to sail across the ocean and one is dead tired after covering a long distance on foot. But when he rides the boat and occupies a comfortable seat, he feels no discomfort and easily sails across the ocean. This example signifies that when a traveller of life gets on to the boat of the company of the saints, then all the suffering of the body which he had undergone through births and deaths of millions of lives is gone. As is said in Gurbani :**

*For several births thou were a worm and a moth.*
*For several birth thou were an elephant, a fish or a deer.*
*For several births thou were a bird and a snake.*
*In several births thou were yoked as a horse and an ox.*
*ਕਈ ਜਨਮ ਭਏ ਕੀਟ ਪਤੰਗਾ।।*
*ਕਈ ਜਨਮ ਗਜ ਮੀਨ ਕੁਰੰਗਾ।।*
*ਕਈ ਜਨਮ ਪੰਖੀ ਸਰਪ ਹੋਇਓ।।*
*ਕਈ ਜਨਮ ਹੈਵਰ ਬ੍ਰਿਖ ਜੋਇਓ।। ਅੰਗ - 176*

**Thus in the journey of life, through the grace of the saints one is enabled to cross the ocean of the world, by listening to the sermons of the saints, their exhortations, by making spiritual efforts, by way of his noble actions, worship, prayer and true knowledge, which destroy the veneer of filth (in the mind), discords, and ignorance. He is freed from all these sufferings.**

*O saint, thus is crossed the world-ocean.*
*He who practises the word of the saints, he is ferried across by Guru's grace.*

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*
*ਅੰਗ - 747*

*Trampling it under his feet, man sits in the boat and is rid of his bodily fatigue.*
*The great ocean affects him not and in a moment he lands on the yonder shore.*
*ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ॥*
*ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ॥*
*ਅੰਗ - 1017*

**The third is the example of the earth and it is explained thus :**

*Sandal, aloe, camphor-paste; the earth loves them not.*
*In its mind it hates him not, who digs it bit by bit or dumps ordure and urine in it.*
*ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥*
*ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ॥*
*ਅੰਗ - 1018*

**Some one passes urine on the earth, and some defecate, some digs it bit by bit but the mother earth never has any harsh thoughts about him over this violation. The earth does only good to him. Houses are built for man's dwelling, the earth produces various kinds of foodgrains to feed him, the earth grows many trees which supply him with fruits. The honey bees produce nectar and sweet honey from the flowers which grow on the surface of the earth. Man walks on the earth and earns his livelihood. There are tubewells at so many places. Man pierces the belly of earth, which offers him clean water, which it had hidden within its bosom. This water is used for the crops as well as for drinking. On no score, does the earth think ill of the man. Brother, hear from me, such is the nature of the saints. Though some one may sing the praises of the saints, like pasting the earth with fifty two types of sandals and camphor, but the saints feel no special love after hearing so many praises from such worshippers; on the other hand, the saints have no enmity for such a wicked person like the one who urinates and defecates on earth and he who is ever weaving plans to do harm to the saints and over trifles and trivialities, he tries to bring false accusations to the saints. But the peace and equanimity of the Saints is never disturbed on hearing the poisonous remarks which fill the heart of the slanderer. Nor do the saints ever think of doing any harm to that bad man. Rather they do good to him, by trying to bring him into the company of the saints.**

*The earth bears all sorts of digging by men but objects not,*
*The trees are axed but they protest not,*
*Likewise saints & seers bear all slander,*
*Which we mortals can hear not.*
*ਖੋਦ ਖਾਦ ਧਰਤੀ ਸਹੈ ਕਾਟ ਕੂਟ ਬਨਰਾਇ॥*
*ਬੋਲ ਕਬੋਲ ਸਾਧੂ ਸਹੈ ਅਉਰ ਪਹਿ ਸਹਿਆ ਨ ਜਾਇ॥*

**This is the noble tradition of the way of life of the saints. For this reason, even slanderers and those who turn their face away from God develop needless enmity**

against the saints. If they just have the sight of the saints, even that will bear fruit for them.

In the annals of the Gurus, there occurs an instance like this. Once, Emperor Akbar with a great faith went to meet Guru Amar Das. He also partook of the food at Guru's *langar* (community kitchen). At that time, he (Akbar) was accompanied by his younger brother Qasam Beg. Not realising the greatness of the Guru, he took him to be a common human being and grossly criticized the humility and devotion that Akbar extended to the Guru. He talked ill of the Guru. It so happened that at night, while at dinner, a bone got stuck in his throat, as a result of which he died; and due to his jealous nature, he was born in the lower category of life. With the passing of time, Guru Har Gobind Sahib, in the company of Jehangir once went for the hunting of a very ferocious tiger. Hearing the roar of that tiger, the horses got frightened and the elephants took fright and began trumpeting and started to go back. No brave man could pluck up courage to face that terrible tiger. At that time, the Sixth Master Guru Har Gobind gave a battle to the tiger with his sacred sword and killed him. Jehangir saw its soul in a light and on enquiry Guru Maharaj told him that this tiger was guilty of running down the Third Master Guru Amardas and had spoken words of extreme resentment against the Guru. As a result of that, it had to wander through many lower births, but it was yet to receive the fruit of Guru Maharaj's darshan (sight); that fruit was to be obtained by the tiger at this time. It had to meet its death at the sacred lotus hands of the Guru, so he is saved from going into hell. This is the way in which the saints conduct themselves in the world. In this context, Guru Maharaj has also given the fourth illustration of the sky.

*The peace-giving canopy of the sky is evenly stretching over all the high, low, bad and good.*
*Friend and foe it knows not, and all the beings are alike to it.*
*ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ॥*
*ਮਿਤ੍ਰ ਸਤ੍ਰ ਨ ਕਛੂ ਜਾਨੈ ਸਰਬ ਜੀਅ ਸਮਤ॥*

*ਅੰਗ - 1018*

Dear brother, listen to the nobility of the saints' code of conduct. The saints treat equally both the sinners and virtuous, the proud and humble. They have neither any attachment nor any enmity with anyone. They never have the feeling of enmity against anyone. They look at all with the same eye but the worldly folk behave contrarily. So they criticise the saints' attitude of having no attachment or enmity with anyone. They regard some as their enemies, that is, in their mind some persons have an image of an enemy and they have decided to practise enmity against them, like the

**present day political parties. They seek in the saints their own hearts desire namely that they (saints) should talk only about their good (and not show any love or pity for their enemies), and they should not permit anyone of their political enemies to attend their congregation in the service of Guru Granth Sahib. And if such a person does attend, they criticise the saint saying that he (saint) has now joined that party. The minds of such fools is completely pervaded by darkness, because they know neither the nature of the saints nor do they have any knowledge of the ideals of the *Bani*. On this point, Guru Maharaj says :**

*So long as he deems one as a friend, another foe*
*It is mind stays not in peace.*
*So long as he is attached to Maya*
*He receives punishment from the Lord of the Law.*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮਰਾਇ ਦੇਇ ਸਜਾਇ॥* *ਅੰਗ - 278*

**The saints' nature is like that of the sun and the sky. They know neither any kin nor any stranger. This faculty has been totally destroyed in their heart by hard and incessant practice of teachings of Guru Granth Sahib :**

*Since the time, I have attained unto the society of the saints, I have altogether forgotten to be jealous of others. Pause.*
*No one now is my enemy, nor is anyone a stranger to me and I am the friend of all.*
*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥* *ਅੰਗ - 1299*

**Thus the saints have neither friendly partiality towards any person, nor the feeling of enmity for anyone. They look on all with the same eye. The next concrete example given is that of the sun.**

*The sun rises and sheds dazzling light, wherewith darkness is dispelled.*
*Touching the pure and the impure, the sun's rays feel not mental pain.*
*ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ॥*
*ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ॥*
*ਅੰਗ - 1018*

**The rays of the sun fall equally well on the holy and unholy spots, on the flower gardens as well as on the heaps of the filth. Just there is no reservation in the heart of the sun :**

*The knower of God is ever stainless as the Sun gives comfort to all.*
*ਬ੍ਰਹਮਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥*
*ਅੰਗ - 272*

**The saints, like the intense rays of the sun, destroy darkness from the deep recesses of one's consciousness with the light of true knowledge. They employ a variety of figures of speech to explain their message which destroys the darkness of ignorance. Their sermons like the**

beams of the sun equally illumine the inner minds of the persons of purity as well as the filthy hearts ungodly folk and make all of them realise their own true divine reality. The world inflicts numerous kinds of sufferings on the saints, just as saintly persons like Namdev, Kabir Sahib, Prahlad, Ravidas had to undergo so much pain, but the saints' following their on innate nature like the sun, changed them into the devotees of God, by focussing on them the rays of their Divine knowledge. There is never any feeling of resentment in the hearts such noble preachers and the saints; nor do they keep any count of such activities. They do not notice how some bad man has injured the feelings of the devout. Being indifferent to such sentiments, they pray for the welfare of one and all.

The sixth example is that of the wind. In the heat of the summer, cool breeze seems so sweet. There are all sorts of things - good and bad - on this earth, just as in the world, there are persons of all sorts of mentality - good and bad; some are God-lovers, others are away from God, some are slanderers, some are do gooders, charitable, full of service for others, like the wind which gives life to all, the saints offer their sermons to all sorts of persons for their uplift, without considering their good or bad conduct. Such is the cool loving nature of the saints. Whatever they do, they do it out of love for all. They give their instructions to all equally. They extinguish the pride of the mighty, and the wicked, by means of their advice :

*The cool and fragrant wind gently brushes all the places alike.*
*Wheresoever anything is, there it touches it and hesitates not even a bit.*
*ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ॥*
*ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ॥*
*ਅੰਗ - 1018*

*The knower of God looks on all with equal eyes like the wind that blows alike on the King and the poor.*
*ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥*
*ਅੰਗ - 272*

Further on, Guru Ji gives the example of the fire.

*Good or bad, whosoever draws near fire; his cold is dispelled.*
*Its own or that of another, it knows not and ever maintains the same disposition.*
*ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ॥*
*ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ॥*
*ਅੰਗ - 1018*

*This is the attribute of the knower of God.*
*Nanak, his inherent nature is all purifying like the fire.*
*ਬ੍ਰਹਮਗਿਆਨੀ ਕਾ ਇਹੈ ਗੁਨਾਉ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥ ਅੰਗ - 272*

Giving the instance of the fire, Guru Ji tells us that whoever goes near the fire,

**whether with love or with wickedness, the fire is there to remove his feeling of cold. The fire knows no kin or stranger. Whoever comes near it, it removes his cold, according to its nature. Fire also removes his fear, lest he should catch pneumonia, by catching cold. Also it sheds light over a long distance, with its flames. Thus the saints make no distinction between one's own and the others. It is their nature to treat all alike. Whatever persons approach the congregation of the saint, with or without love, get their chill of ignorance removed. Their fear is put away. The saints' company puts to flight, people's fear of the agents of death. The light of true knowledge shines on them. The circle of births and deaths is ended. As Guru Maharaj has ordained :**

*Whosoever seeks the refuge of the feet of the sublime Lord, soul of his is imbued with the love of his Beloved.*
*Singing ever the praise of the World-Cherisher, O Nanak, the Master befcomes merciful.*
*ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ॥*
*ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ॥*

*ਅੰਗ - 1018*

**The saints are steeped in the love of God. Be under the shelter of the feet of such saints and serve them, because they have the capacity to make you swim across the ocean of life.**

*Kabir, for performing service, only the two personalities are sublime, one the saint and another the Lord.*
*The Lord, who is the Giver of salvation and the saint, who makes man utter the Name.*
*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*

*ਅੰਗ - 1373*

